Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:

The Punjabi Newspaper
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Guru Nanak Driving School Ltd.
Guru Nanak DRIVING SCHOOL
CERTIFIED SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜ਼ਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

Vol: 10 No: 228 Website : www.punjabiakhbaar.ca EmaiÍ: editor@punjabiakhbaar.ca Friday, 22 September 2023

ਜਸਟਿਨ ਟਰੂਡੋ ਨੇ ਭਾਰਤ ਸਰਕਾਰ ਉੱਪਰ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੋਣ ਦਾ ਦੋਸ਼ ਲਗਾਇਆ ਹੈ। ਵਰਨਣਯੋਗ ਹੈ ਕਿ ਸਰੀ ਸ਼ਹਿਰ ਵਿੱਚ ਸਥਿੱਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੂੰ 18 ਜੂਨ 2023 ਵਾਲੇ ਦਿਨ ਗੁਰਦੁਆਰੇ ਦੀ ਪਾਰਕਿੰਗ ਲਾਟ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਹਰਦੀਪ ਸਿੰਘ ਨਿੱਝਰ ਇੱਕ ਪ੍ਰਮੁੱਖ ਸਿੱਖ ਆਗੂ ਅਤੇ ਇੱਕ ਵੱਖਰੇ ਖਾਲਿਸਤਾਨੀ ਰਾਜ ਦਾ ਖੁੱਲਮਖੁੱਲਾ ਸਮਰਥਕ ਸੀ। ਉਸ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਉਹ ਆਪਣੀਆਂ ਸਰਗਰਮੀ ਕਾਰਨ ਪਹਿਲਾਂ ਵੀ ਧਮਕੀਆਂ ਦਾ ਸ਼ਿਕਾਰ ਰਿਹਾ ਸੀ। ਪਰ ਭਾਰਤ ਨੇ ਪਹਿਲਾਂ ਹੀ ਕਿਹਾ ਸੀ ਕਿ ਹਰਦੀਪ ਸਿੰਘ ਨਿੱਝਰ ਇੱਕ ਅੱਤਵਾਦੀ ਸੀ ਅਤੇ ਇੱਕ ਅੱਤਵਾਦੀ ਵੱਖਵਾਦੀ ਸਮੂਹ ਦੀ ਅਗਵਾਈ ਕਰਦਾ ਸੀ। ਜਸਟਿਨ ਟਰੂਡੋ ਨੇ ਬੀਤੇ ਸੋਮਵਾਰ ਨੂੰ ਹਾਊਸ ਔਫ਼ ਕੌਮਨਜ਼ ਵਿੱਚ ਬੋਲਦਿਆਂ ਭਾਰਤ ਸਰਕਾਰ ਉੱਪਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਹੈ। ਜਸਟਿਨ ਟਰੂਡੋ ਨੇ ਕਿਹਾ, ਕੈਨੇਡੀਅਨ ਧਰਤੀ ਉੱਪਰ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿੱਚ ਵਿਦੇਸ਼ੀ ਸਰਕਾਰ ਦੀ ਕੋਈ ਵੀ ਸ਼ਮੂਲੀਅਤ ਸਾਡੀ ਪ੍ਰਭੂਸੱਤਾ ਦੀ ਅਸਵੀਕਾਰਨ ਯੋਗ ਉਲੰਘਣਾ ਹੈ। ਪਰ ਭਾਰਤ ਨੇ ਪਹਿਲਾਂ ਹੀ ਨਿੱਝਰ ਦੇ ਕਤਲ ਨਾਲ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਕੈਨੇਡਾ ਵਿੱਚ ਅਣਸੁਲਝੇ ਹੋਏ ਇਸ ਕਤਲ ਨੇ ਭਾਰਤ – ਕਨੇਡਾ ਸਬੰਧਾਂ ਵਿਚਲੀਆਂ ਨਾਲ ਦਰਾੜਾਂ ਨੂੰ ਹੋਰ ਵਧਾ ਦਿੱਤਾ ਹੈ

HENDERSON INSURANCE NAVACORD
ਟਰਾਂਸਪੋਟੇਸ਼ਨ ਇੰਸੋਰੈਂਸ ਵਿਚਲੇ ਰਿਸਕ ਸਬੰਧੀ ਚੰਗੀ ਸਲਾਹ ਦੇਣ ਵਾਲੀ ਟੀਮ
Leaders in Transportation Insurance Risk and Advice
Russ Collicott
Account Executive, Commercial Lines
306.924.3671
rcollicott@hendersoninsurance.ca
Lori Gropp
Account Executive, Commercial Lines
306.566.4458
lgropp@hendersoninsurance.ca
Cherie Shook-Pelletier
Director of Transportation
306.584.6995
cshook@hendersoninsurance.ca

ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡਾ ਦੇ ਹਾਈ ਕਮਿਸ਼ਨਰ ਨੂੰ ਤਲਬ ਕੀਤਾ

ਨਵੀਂ ਦਿੱਲੀ,(ਪੰਜਾਬੀ ਅਖਬਾਰ ਬਿਊਰੋ)– ਵਿਦੇਸ਼ ਮੰਤਰਾਲੇ ਨੇ ਭਾਰਤ ਵਿੱਚ ਕੈਨੇਡਾ ਦੇ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਹੈ। ਕੈਨੇਡਾ ਸਰਕਾਰ ਵੱਲੋਂ ਭਾਰਤ ਦੇ ਸੀਨੀਅਰ ਡਿਪਲੋਮੈਟ ਨੂੰ ਦੇਸ਼ ਛੱਡਣ ਦੇ ਹੁਕਮ ਦੇਣ ਬਾਅਦ ਭਾਰਤ ਨੇ ਵੀ ਅਜਿਹੀ ਜੁਆਬੀ ਕਾਰਵਾਈ ਕੀਤੀ ਹੈ ਤੇ ਇਸ ਮਾਮਲੇ 'ਚ ਭਾਰਤ ਨੇ ਇਕ ਕਦਮ ਹੋਰ ਪੁੱਟਦਿਆਂ ਕੈਨੇਡਾ ਦੇ ਹਾਈ ਕਮਿਸ਼ਨਰ ਤਲਬ ਕਰਨ ਲਈ ਸੰਮਨ ਭੇਜੇ ਹਨ।

BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
Immigration Law Family Law Real Estate
Corporate Law Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

NEWAY DRIVING SCHOOL
"A Neway to your Future"
REGINA| SASKATOON| MOOSE JAW
CLASS 1A, 3A & AIRBRAKE
10+ Years Truck Training Experience
IN SERVICE SINCE 2014
MELT TRAINING
E-mail: newaydrivingschool47@gmail.com
Call: 306-209-9449

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
Navjeet Kaur
Director, RCIC
(Regulated Canadian Immigration Consultant)
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
306-201-4464
Regina, SK navimmigrationservices@gmail.com

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
2-31 Broadway St. E.
Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor,
RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES
DIVERSIFIED REALTY

WE'RE IN THE PEOPLE BUSINESS,
WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group
MORTGAGE ALLIANCE
200 1965 Broad Street, Regina, SK S4P 1Y1

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU
Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in
English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲਾ ਯਾਰਡ
• ਪਰੌਪਰ ਟਰੇਨਿੰਗ ਘੰਟੇ (ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER
LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੋ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
DOMINION LENDING CENTRES
MORTGAGEFIRM.CA

H&H TRANSPORTS INC.
1575 PARK STREET , REGINA
ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
Needs Driver
for Canada,
Prairies and
Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY
306-537-6403
GARRY
306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Crimnal Search
- Minimum 6 months verifiable experience
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER)
BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA)
IMMIGRATION SOLUTIONS LTD.
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
CANADA IMMIGRATION SERVICES
• EXTENSION OF STAY / CHANGE STATUS AND MORE...
BUSINESS/INVESTOR CATEGORY
SUKHBIR KAUR SIDHU (RCIC)
B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com

COPPERSTONE
AT COPPERFIELD

ਆਖਿਰੀ ਟਾਊਨਹੋਮ ਬਚੇ ਹਨ

ਸਿੰਗਲ ਫੈਮਿਲੀ ਹੋਮ ਲੀਗਲ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਦੇ ਨਾਲ-ਨਾਲ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1 ਜਾਂ 2 ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!

Kitchen

Bathroom

Legal basement suite

Modern Double Front Garage Homes

SHOWHOMES NOW OPEN
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

587.352.4266 | COPPERSTONELIVING.COM

VESTA PROPERTIES

ਵੈਸਟਵਿੰਡ ਵਿਖੇ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੀ ਨਵੀਂ ਲੋਕੇਸ਼ਨ ਦਾ ਹੋਇਆ ਉਦਘਾਟਨ

ਉਦਘਾਟਨ ਸਮੇਂ ਬੱਚਿਆਂ ਨੂੰ ਦਾਖਲ ਕਰਵਾਉਣ ਲਈ ਮਾਪਿਆਂ ਵਿੱਚ ਪੈਦਾ ਹੋਇਆ ਭਾਰੀ ਉਤਸ਼ਾਹ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪ੍ਰੇਰੀਵਿੰਡ ਪਾਰਕ ਅਤੇ ਸੁਪਰਸਟੋਰ ਦੇ ਬਿਲਕੁੱਲ ਨਜਦੀਕ ਐਡਰੈਸ 76 ਵੈਸਟਵਿੰਡਸ ਕਰੈਸੈਂਟ ਨੌਰਥ ਈਸਟ ਵਿਖੇ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੀ ਨਵੀਂ ਲੋਕੇਸ਼ਨ ਦਾ ਉਦਘਾਟਨ ਕੀਤਾ ਗਿਆ। ਇਸ ਉਦਘਾਟਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਇੱਕ ਦਿਨਾ ਫ੍ਰੀ ਕੈਂਪ ਵੀ ਲਾਇਆ ਗਿਆ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਖ ਵੱਖ ਪਹਿਲੂਆਂ ਵਾਰੇ ਜਾਣਕਾਰੀ ਭਰਪੂਰ ਸਲਾਈਡ ਸ਼ੋਅ ਪੇਸ਼ ਕੀਤਾ ਗਿਆ। ਇਸ ਕੈਂਪ ਦੀ ਵਿਸ਼ੇਸ਼ਤਾ ਇਹ ਸੀ ਕਿ ਲਰਨਿੰਗ ਸੈਂਟਰ ਦੇ ਛੋਟੇ ਛੋਟੇ ਵਿਦਿਆਰਥੀਆਂ ਵੱਲੋਂ ਵੀ ਬਾ-ਕਮਾਲ ਸਲਾਈਡ ਸ਼ੋਅ ਪੇਸ਼ ਕੀਤੇ ਗਏ ਜਿਹਨਾਂ ਨੂੰ ਦੇਖ ਕੇ ਮਾਪਿਆਂ ਅੰਦਰ ਇੱਕ ਬਹੁਤ ਹੀ ਖੁਸ਼ੀ ਦਾ ਮਹੌਲ ਦੇਖਿਆ ਗਿਆ। ਇਸ ਦੇ ਨਾਲ ਨਾਲ ਕੈਂਪ ਦੇ ਵਿਦਿਆਰਥੀਆਂ ਨੂੰ ਮਾਪਿਆਂ ਦੇ ਆਗਿਆਕਾਰੀ ਬਣਕੇ ਅਸੀਸਾਂ ਲੈਣ ਦੇ ਗੁਰ ਦੱਸੇ ਗਏ ਅਤੇ ਉੱਚ ਵਿਦਿਆ ਪ੍ਰਾਪਤੀ ਰਾਹੀਂ ਵੱਡੇ ਵੱਡੇ ਅਹੁਦਿਆਂ ਤੇ ਪਹੁੰਚ ਕੇ ਸਿੱਖ ਕੌਮ ਅਤੇ ਦੇਸ਼ ਦਾ ਨਾਮ ਰੋਸ਼ਨ ਕਰਨ ਦੀ ਪ੍ਰੇਰਨਾ ਭਰਨ ਦਾ ਯਤਨ ਕੀਤਾ ਗਿਆ। ਉਹਨਾਂ ਨੂੰ ਆਪਣੀਆਂ ਆਦਤਾਂ ਦੀ ਪੜਚੋਲ ਕਰਨੀ ਅਤੇ ਆਪਣੇ ਅੰਦਰ ਚੰਗੀਆਂ ਆਦਤਾਂ ਭਰਨ ਦੇ ਛੋਟੇ ਛੋਟੇ ਕੀਮਤੀ ਨੁਕਤੇ ਵੀ ਸਿਖਾਏ ਗਏ।

ਸਿੱਖ ਕੌਮ ਦੀ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਸੁੰਦਰ ਬਨਾਉਣ ਲਈ ਇਸ ਨਵੀਂ ਲੋਕੇਸ਼ਨ ਤੇ ਵੀਕਐਂਡ ਨੂੰ ਈਵਨਿੰਗ ਕਲਾਸਾਂ ਵਿੱਚ ਪੜ੍ਹਾਏ ਜਾ ਰਹੇ ਨਵੇਂ ਸਿਲੇਬਸ ਵਾਰੇ ਜਾਣਕਾਰੀ ਦਿੰਦਿਆਂ ਲਰਨਿੰਗ ਸੈਂਟਰ ਦੇ ਇਨਚਾਰਜ ਗਿਆਨੀ ਰਾਮ ਸਿੰਘ ਜੀ ਨੇ ਦੱਸਿਆ ਕਿ ਇੱਕ ਇੱਕ ਘੰਟੇ ਦੀਆਂ ਹਫਤਾਵਾਰੀ ਕਲਾਸਾਂ ਵਾਲੇ ਦਸ ਨਵੇਂ ਗੁਰਮਤਿ ਕੋਰਸ ਸ਼ੁਰੂ ਕੀਤੇ ਗਏ ਹਨ ਜਿਹਨਾਂ ਵਿੱਚੋਂ 3 ਕੋਰਸ ਫ੍ਰੀ ਹਨ ਅਤੇ 7 ਕੋਰਸਾਂ ਦੀ ਥੋੜੀ ਜਿਹੀ ਦਸਵੰਦ ਸੇਵਾ ਫੀਸ ਵੱਜੋਂ ਰੱਖੀ ਗਈ ਹੈ। ਫ੍ਰੀ ਕੋਰਸਾਂ ਵਾਰੇ ਉਹਨਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਸੋਮਵਾਰ ਤੋਂ ਵੀਰਵਾਰ ਤੱਕ ਸ਼ਾਮੀਂ 6:15 ਵਜੇ ਤੋਂ 7 :30 ਵਜੇ ਤੱਕ ਸਿੱਖ ਪਰਿਵਾਰਾਂ ਲਈ ਗੁਰਬਾਣੀ ਸੰਥਿਆ ਅਤੇ ਵਿਆਖਿਆ ਕਲਾਸ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਹਰੇਕ ਉਮਰ ਦੇ ਵਿਅਕਤੀ ਫ੍ਰੀ ਹਿੱਸਾ ਲੈ ਸਕਦੇ ਹਨ। ਦੂਜਾ ਫ੍ਰੀ ਕੋਰਸ ਹਰੇਕ ਸ਼ੁਕਰਵਾਰ ਨੂੰ ਸ਼ਾਮ 4 ਵਜੇ ਤੋਂ 5 ਵਜੇ ਤੱਕ ਨਵੀਂ ਪੀੜ੍ਹੀ ਲਈ ਗੁਰਬਾਣੀ ਸੰਥਿਆ (ਪੋਥੀਆਂ ਰਾਹੀਂ) ਕਲਾਸ ਸ਼ੁਰੂ ਕੀਤੀ ਗਈ ਹੈ। ਤੀਜਾ ਹਰੇਕ ਐਤਵਾਰ ਨੂੰ ਸ਼ਾਮ 5 ਵਜੇ ਤੋਂ 6 :30 ਵਜੇ ਤੱਕ ਗੁਰੂ ਜੀ ਦੀ ਗਲਵੱਕੜੀ ਨਾਮ ਦਾ ਸਮਾਗਮ ਸ਼ੁਰੂ ਕੀਤਾ ਗਿਆ ਹੈ ਇਸ ਵਿੱਚ ਕੋਈ ਵੀ ਪਰਿਵਾਰ ਫ੍ਰੀ ਹਾਜਰੀ ਭਰ ਸਕਦਾ ਹੈ।

ਇਸ ਉਦਘਾਟਨ ਵਾਲੇ ਦਿਨ ਬੱਚਿਆਂ ਦੇ ਸਕੂਲ ਵਿੱਚ ਨਵਾਂ ਸਾਲ ਅਤੇ ਨਵੀਂ ਕਲਾਸ ਸ਼ੁਰੂ ਹੋਣ ਸਮੇਂ ਪੜ੍ਹਾਈ ਵਿੱਚ ਬਖਸ਼ਿਸ਼ ਲੈਣ ਲਈ ਸਮੂੰਹਿਕ ਅਰਦਾਸ ਕੀਤੀ ਗਈ। ਇਸ ਦਿਨ ਲਰਨਿੰਗ ਸੈਂਟਰ ਦਾ ਇੱਕ ਨਵਾਂ ਫੋਨ ਨੰਬਰ +1 (587) 333-2711 ਜਾਰੀ ਕੀਤਾ ਗਿਆ ਜਿਸ ਰਾਹੀਂ ਕਲਾਸਾਂ ਵਾਸਤੇ ਰਸਿਟਰੇਸ਼ਨ ਕਰਵਾਉਣ ਵਾਰੇ ਜਾਂ ਹੋਰ ਕੋਈ ਵੀ ਜਾਣਕਾਰੀ ਲਈ ਜਾ ਸਕਦੀ ਹੈ।

ਇਸ ਤੋਂ ਇਲਾਵਾ ਨਵੀਂ ਵੈੱਬਸਾਈਟ ਸਿੱਖਵੈਲਿਯੂਸ ਡੌਟ ਕੌਮ ਵੀ ਲੌਂਚ ਕੀਤੀ ਗਈ। ਪੰਜਾਬੀਆਂ ਦੇ ਗੜ੍ਹ ਨੌਰਥ ਈਸਟ ਵਿਖੇ ਇਸ ਨਵੀਂ ਲੋਕੇਸ਼ਨ ਵਿੱਚ ਬੱਚਿਆਂ ਨੂੰ ਦਾਖਲਾ ਦਿਵਾਉਣ ਲਈ ਮਾਪਿਆਂ ਅੰਧਰ ਬਹੁਤ ਹੀ ਭਾਰੀ ਉਤਸ਼ਾਹ ਦੇਖਿਆ ਗਿਆ ਅਤੇ ਬਹੁਤ ਸਾਰੇ ਬੱਚਿਆਂ ਨੇ ਦਾਖਲਾ ਲੈ ਕੇ ਨਵੇਂ ਕੋਰਸ ਸ਼ੁਰੂ ਕੀਤੇ।

ਅਰਪਨ ਲਿਖਾਰੀ ਸਭਾ ਵੱਲੋਂ ਨਾਵਲਕਾਰ ਸੁਰਿੰਦਰ ਸਿੰਘ ਨੇਕੀ ਨਾਲ ਮਿਲਣੀ ਕੀਤੀ ਗਈ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਸਤੰਬਰ ਮਹੀਨੇ ਦੀ ਮੀਟਿੰਗ ਡਾ. ਜੋਗਾ ਸਿੰਘ ਸੁਰਿੰਦਰ ਸਿੰਘ ਨੇਕੀ ਅਤੇ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਭਰਵੀ ਹਾਜ਼ਰੀ ਵਿੱਚ ਹੋਈ। ਜਸਵੰਤ ਸਿੰਘ ਸੇਖੋਂ ਨੇ ਗਮੀਆਂ ਦੀਆਂ ਖ਼ਬਰਾਂ ਸਾਂਝੀਆਂ ਕਰਦਿਆਂ ਸਭਾ ਦੇ ਸੁਹਰਿਦ ਮੈਂਬਰ ਕਾਮਰੇਡ ਗੁਰਦੀਪ ਸਿੰਘ ਚੀਮਾਂ ਦੀ ਧਰਮ ਪਤਨੀ ਬੀਬੀ ਮੁਹਿੰਦਰ ਕੌਰ, ਨਾਮਵਰ ਪੱਤਰਕਾਰ ਅਤੇ ਲੇਖਕ ਦੇਸ ਰਾਜ ਕਾਲੀ, ਕਵੀ ਸ਼ਿਵਨਾਥ, ਸਿੰਗਰ ਜਿੰਮੀ ਵਪਟ (ਇੰਗਲਿਸ਼) ਗੀਤਕਾਰ ਅਤੇ ਪ੍ਰਸਿੱਧ ਸ਼ਾਇਰ ਹਰਜਿੰਦਰ ਸਿੰਘ ਬੱਲ ਵਰਗੀਆਂ, ਵਿਛੋੜਾ ਦੇ ਗਈਆਂ ਸ਼ਖ਼ਸੀਅਤਾਂ ਨੂੰ ਇੱਕ ਮਿੰਟ ਦਾ ਮੋਨਧਾਰ ਕੇ ਸ਼ਰਧਾਜਲੀ ਭੇਟ ਕੀਤੀ। ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਸਤਨਾਮ ਸਿੰਘ ਢਾਅ ਨੇ ਵਿੱਛੜੇ ਕਵੀ ਸ਼ਿਵ ਨਾਥ, ਦੇਸ ਰਾਜ ਕਾਲੀ ਬਾਰੇ ਸੰਖੇਪ ਅਤੇ ਭਾਵਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੇ ਜੀਵਨ ਸ਼ੰਘਰਸ਼ ਅਤੇ ਸਿਰਜਣ ਕਲਾ ਬਾਰੇ ਚਾਨਣਾ ਪਾਇਆ ਨਾਲ ਹੀ ਕਾਮਰੇਡ ਗੁਰਦੀਪ ਸਿੰਘ ਦੀ ਧਰਮ ਪਤਨੀ ਬੀਬੀ ਮਹਿੰਦਰ ਕੌਰ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂ ਦੇ ਫੁੱਲ ਭੇਟ ਕੀਤੇ।ਨਛੱਤਰ ਸਿੰਘ ਪੁਰਬਾ ਨੇ ਦੁਨੀਆਂ ਭਰ ਵਿੱਚ ਚਲ ਰਹੇ ਟੀਵੀ ਸ਼ੋਆਂ ਬਾਰੇ ਬਹੁਤ ਹੀ ਖ਼ੋਜ ਭਰਪੂਰ ਜਾਣਕਾਰੀ ਵਾਲਾ ਲੇਖ ਸਾਂਝਾ ਕਰਕੇ ਸਰੋਤਿਆਂ ਨੂੰ ਹੈਰਾਨੀਜਨਕ ਜਾਣਕਾਰੀ ਦਿੱਤੀ।ਗੁਰਦੀਸ਼ ਗਰੇਵਾਲ ਨੇ ਟੀਚਰ-ਡੇ ਬਾਰੇ ਆਪਣੇ ਵਿਚਾਰ ਰੱਖੇ ਅਤੇ ਬੱਚਿਆਂ ਲਈ ਆਪਣੀ ਨਵੀਂ ਕਿਤਾਬ ਬਾਰੇ ਜਾਣਕਾਰੀ ਦਿੱਤੀ। ਚਾਹ ਦੀਆਂ ਚੁਸਕੀਆਂ ਤੋਂ ਪਹਿਲਾਂ ਸਭਾ ਦੀ ਕਾਰਜਕਾਰਨੀ ਮੈਂਬਰਾਂ ਵੱਲੋਂ ਸੁਰਿੰਦਰ ਸਿੰਘ ਨੇਕੀ ਨੂੰ ਇੱਕ ਯਾਦਗਾਰੀ ਚਿੰਨ, ਸ਼ਾਲ ਅਤੇ ਸਭਾ ਦੇ ਮੈਂਬਰਾਂ ਦੀਆਂ ਕਿਤਾਬਾਂ ਦਾ ਸੈੱਟ ਦੇ ਸਨਮਾਨਿਤ ਕੀਤਾ ਗਿਆ।ਸਤਨਾਮ ਸਿੰਘ ਢਾਅ ਵੱਲੋਂ ਨਾਵਲਕਾਰ ਨੇਕੀ ਦੀ ਸੰਖੇਪ ਜਾਣਕਾਰੀ ਦਿੰਦਿਆਂ, ਡਾ. ਰਾਮ ਮੂਰਤੀ ਦਾ ਸੁਰਿੰਦਰ ਸਿੰਘ ਨੇਕੀ ਦੇ ਨਾਵਲਾਂ ਬਾਰੇ ਲਿਖਿਆ ਪਰਚਾ ਪੜ੍ਹਿਆ, ਜਿਸ ਵਿੱਚ ਸੁਰਿੰਦਰ ਨੇਕੀ ਨੂੰ ਦੂਜੇ ਨਾਵਲਕਾਰਾਂ ਨਾਲੋਂ ਵਖ਼ਰਿਆਉਣ ਦੀ ਗੱਲ ਅਤੇ ਉਸ ਦੀ ਯਥਾਰਥ ਨੂੰ ਰੋਚਿਕਤਾ ਨਾਲ ਪੇਸ਼ ਕਰਨ ਦੀ ਕਲਾ ਦੀ ਗੱਲ ਸਾਹਮਣੇ ਆਉਂਦੀ ਹੈ ਉਸ ਦੇ ਲਿਖੇ ਬੜੇ ਹੀ ਚਰਚਿਤ ਨਾਵਲ 'ਛੇਵਾਂ ਦਰਿਆਂ' ਬਾਰੇ ਉਸਾਰੂ ਚਰਚਾ ਵੀ ਹੋਈ ਸੁਰਿੰਦਰ ਨੇਕੀ ਨੇ ਆਪਣੀ ਸਿਰਜਣ ਪ੍ਰਕਿਆ ਬਾਰੇ ਵਿਚਾਰ ਪੇਸ਼ ਕਰਦਿਆਂ ਇੱਕ ਕਵਿਤਾ ਦੀ ਸਾਂਝ ਪਾਉਂਦਿਆਂ ਸਭਾ ਦਾ ਧੰਨਵਾਦ ਕੀਤਾ। ਮੰਚ ਉਪਰੋਂ ਜਸਵੰਤ ਸਿੰਘ ਸੇਖੋਂ,ਲਖਵਿੰਦਰ ਸਿੰਘ ਜੌਹਲ, ਨੈਚਰੋਥਰੈਪਿਸਟ ਡਾ. ਹਰਮਿੰਦਰ ਸਿੰਘ,ਇੰਜੀ: ਜੀਰ ਸਿੰਘ ਬਰਾੜ,ਬੀਬੀ ਸਰਬਜੀਤ ਉੱਪਲ ,ਪ੍ਰੀਤ ਸਾਗਰ ਸਿੰਘ ਗੁਰਮੀਤ ਕੌਰ ਸਰਪਾਲ,ਅਮਰਪ੍ਰੀਤ ਗਿੱਲ,ਬੀਬੀ ਸੁਰਿੰਦਰ ਕੈਂਥ,ਜਰਨੈਲ ਤੱਗੜ, ਹਰਪ੍ਰੀਤ ਸਿੰਘ ਗਿੱਲ,ਬੀਬੀ ਗੁਰਨਾਮ ਕੌਰ,ਜਸਵੀਰ ਸਿਹੋਤਾ,ਗੁਰਦਿਲਰਾਜ ਸਿੰਘ ਦਾਨੇਵਾਲੀਆ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਗਵਾਈ। ਇਕਬਾਲ ਖ਼ਾਨ ਨੇ ਸ਼ਹੀਦ ਭਗਤ ਸਿੰਘ ਅਤੇ ਪਾਸ਼ ਦੇ ਜਨਮ ਦਿਨ ਦੀ ਗੱਲ ਕਰਦਿਆਂ 'ਮੁਕਤੀ' ਨਾਂ ਦੀ ਉਸਾਰੂ ਸੋਚ ਵਾਲੀ ਕਵਿਤਾ ਸਾਂਝੀ ਕੀਤੀ।ਇਨ੍ਹਾਂ ਤੋਂ ਇਲਾਵਾ ਕਾਮਰੇਡ ਗੁਰਦੀਪ ਸਿੰਘ,ਬਲਜੀਤ ਕੌਰ ਢਿੱਲੋਂ, ਸਰਬਜੀਤ ਸਿੰਘ ਢਿੱਲੋਂ, ਬੀਬੀ ਅਵਤਾਰ ਕੌਰ ਤੱਗੜ, ਪ੍ਰਿਤਪਾਲ ਸਿੰਘ ਮੱਲ੍ਹੀ, ਬੀਬੀ ਬਲਬੀਰ ਕੌਰ ਮੱਲ੍ਹੀ, ਗੁਰਦੇਵ ਸਿੰਘ ਬਾਬਾ, ਬਲਦੇਵ ਸਿੰਘ ਦੁੱਲਟ ਅਤੇ ਸੁਬਾ ਸਦੀਕ ਨੇ ਇਸ ਸਾਹਿਤਕ ਚਰਚਾ ਵਿਚ ਆਪਣਾ ਯੋਗਦਾਨ ਪਾਇਆ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc
SERVICES
▪ Life Insurance
▪ Mortgage Insurance
▪ Critical Illness Insurance
▪ Disability Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Harpinder Sidhu
REGIONAL MANAGER
403 404 3500
sidhu.harpinder@gmail.com
Gurinder Chahal
MANAGER
587 707 7000
cgyquotes@gmail.com



ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

ਰਾਇਲ ਵੋਮੈਨ ਐਸੋਸੀਏਸ਼ਨ ਦੀ ਪ੍ਰਧਾਨ ਗੁਰਮੀਤ ਸਰਪਾਲ ਨੂੰ ਰੌਕ ਵੋਮੈਨ ਆਫ ਦੀ ਸੈਂਚਰੀ ਐਲਾਨਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਤੰਬਰ 3 ਵਾਲੇ ਦਿਨ ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਸਾਲਾਨਾ ਸੈਮੀਨਾਰ ਜੈਨੇਸਸ ਸੈਂਟਰ ਵਿਖੇ ਕਰਵਾਇਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨਾ ਟਰੋਂ। ਨਾਲ ਹੋਈ ਸੰਸਥਾ ਦੇ ਮੁਖੀ ਅਤੇ ਪ੍ਰਧਾਨ ਗੁਰਮੀਤ ਕੌਰ ਸਰਪਾਲ ਨੇ ਸੈਮੀਨਾਰ ਦਾ ਆਗਾਜ਼ ਕੀਤਾ ਅਤੇ ਦੱਸਿਆ ਕਿ ਇਹ ਸੰਸਥਾ ਹੋਂਦ ਵਿੱਚ ਕਿਵੇਂ ਆਈ ਇਸ ਦੇ ਮਨੋਰਥ ਅਤੇ ਇਸ ਦਾ ਆਸ਼ਾ (ਸੋਚ ਬਦਲੋ ਅਤੇ ਜੀਵਨ ਬਦਲੋ) ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਰੈਡ ਐੱਫ ਐੱਮ ਰੇਡੀ? ਵਲੋਂ ਰਿਸ਼ੀ ਨਾਗਰ ਨੇ ਅਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਉਹਨਾਂ ਨੇ ਦੱਸਿਆ ਕਿ ਨਵੀਂ ਟੈਕਨਾਲੋਜੀ ਕਿਵੇਂ ਬੱਚਿਆਂ ਦਾ ਨੁਕਸਾਨ ਕਰ ਰਹੀ ਹੈ । ਇਸ ਨੇ ਕਹਾਣੀਆਂ, ਬਾਤਾਂ ਬੁਝਾਰਤਾਂ ਦੀ ਥਾਂ ਲੈ ਲਈ ਹੈ। ਇਸ ਤੋਂ ਬਾਅਦ ਬਲਵਿੰਦਰ ਕੌਰ ਹੇਅਰ ਜੀ ਨੇ ਗੁਰਮੀਤ ਕੌਰ ਸਰਪਾਲ ਜੀ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਉਨ੍ਹਾਂ ਨੂੰ ਨੂੰ ਮਿਲੇ ਮਾਣ ਸਨਮਾਨਾਂ ਬਾਰੇ ਦੱਸਿਆ ਅਤੇ ਉਹਨਾਂ ਨੂੰ ਰੌਕ ਵੋਮੈਨ ਆਫ ਦੀ ਸੈਂਚਰੀ ਐਲਾਨਿਆ ਗਿਆ। ਐਮ ਐਲ ਏ ਇਰਫਾਨ ਸਾਬਿਰ ਨੇ ਵੀ ਅਪਣੀ ਹਾਜ਼ਰੀ ਲਗਵਾਈ। ਪ੍ਰੋਫੈਸਰ ਮਨਜੀਤ ਸਿੰਘ ਜੀ ਨੇ ਆਪਣੀਆਂ ਪੁਰਾਣੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਸਿੱਖ ਵਿਰਸਾ ਮੈਗਜ਼ੀਨ ਦੇ ਸੰਪਾਦਕ ਹਰਚਰਨ ਸਿੰਘ ਪਰਮਾਰ ਨੇ ਕਿਹਾ ਕਿ ਅਸੀਂ ਆਪਣੇ ਬੱਚਿਆਂ ਨੂੰ ਆਪਣੇ ਵਰਗਾ ਬਣਾਉਣਾ ਲੋਚਦੇ ਹਾਂ ਇੱਥੋਂ ਹੀ ਵਿਵਾਦ ਸ਼ੁਰੂ ਹੋ ਜਾਂਦਾ ਹੈ । ਬੱਚੇ ਇਕੱਲਾ ਰਹਿਣਾ ਪਸੰਦ ਕਰਦੇ ਹਨ ਅਤੇ ਨਵੀਂ ਟੈਕਨੋਲਿਜੀ ਵੱਲ ਆਕਰਸ਼ਿਤ ਹੋ ਰਹੇ ਹਨ ਜੋ ਕਿ ਅਸਲੀਅਤ ਤੋਂ ਦੂਰ ਡੁਪਲੀਕੇਟ ਸੰਸਾਰ ਵੱਲ ਲੈ ਜਾਂਦੀ ਹੈ । ਪਰਿਵਾਰਕ ਰਿਸ਼ਤੇ ਨਹਿਸ਼ ਤਹਿਸ਼ ਹੋ ਰਹੇ ਹਨ। ਮਿਲਵਰਤਣ ਘੱਟ ਰਿਹਾ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਪੰਜਾਬ ਦੇ ਵਾਂਗ ਇੱਥੇ ਵੀ ਗਲੀ ਗੁਆਂਢ ਅਤੇ ਮੁਹੱਲਾ ਵਾਸੀਆਂ ਨਾਲ ਮਿਲਵਰਤਣ ਰੱਖੀਏ। ਰਵੀ ਜੀ ਨੇ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਰਵੀ ਜੀ ਨੇ ਗੁਰਮੀਤ ਕੌਰ ਸਰਪਾਲ ਜੀ ਨੂੰ ਕੈਲਗਰੀ ਦੇ ਮਦਰ ਟੈਰੇਸਾ ਕਹਿ ਕੇ ਵਡਿਆਇਆ। ਮਨਦੀਪ ਤੂਰ ਜੀ ਨੇ ਨਿੱਕੀਆਂ ਨਿੱਕੀਆਂ ਬੱਚੀਆਂ ਤੋਂ ਗਿੱਧੇ ਦੀਆਂ ਧਮਾਲਾਂ ਪਵਾਈਆਂ। ਹਰਪ੍ਰੀਤ ਕੌਰ ਅਤੇ ਸਿਮਰਨ ਕੌਰ ਵੱਖੋ ਵੱਖ ਗਾਣਿਆਂ ਤੇ ਕਮਾਲ ਦਾ ਡਾਂਸ ਕੀਤਾ। ਸਰੋਤਿਆਂ ਨੇ ਤਾੜੀਆਂ ਦੀ ਗੂੰਜ ਨਾਲ ਸਾਰਿਆਂ ਦੀ ਹੌਂਸਲਾ ਅਫਜ਼ਾਈ ਕੀਤੀ। ਰੋਆਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੀਆਂ ਭੈਣਾਂ ਗੁਰਜੀਤ ਕੌਰ ਬਵੇਜਾ ਅਤੇ ਗੁਰਨਾਮ ਕੌਰ ਨੇ ਬਿਰਧ ਆਸ਼ਰਮ ਦੇ ਵੱਧ ਰਹੇ ਰੁਝਾਨ ਤੇ ਕਟਾਖਸ਼ ਕਰਦੀ ਇੱਕ ਸਕਿੱਟ ਪੇਸ਼ ਕੀਤੀ ਕਿ ਬੱਚੇ ਮਾਪਿਆਂ ਨੂੰ ਬਿਰਧ ਆਸ਼ਰਮਾਂ ਵੱਲ ਧੱਕ ਰਹੇ ਹਨ। ਚਾਹ ਪਕੌੜਿਆਂ ਅਤੇ ਮਿੱਠੇ ਦਾ ਲੰਗਰ ਅਤੁੱਟ ਵਰਤਿਆ ਜੋ ਕਿ ਗੁਰਦੁਆਰਾ ਦਸਮੇਸ਼ ਕਲਚਰ ਸਾਹਿਬ ਜੀ ਵੱਲੋਂ ਸੇਵਾ ਨਿਭਾਈ ਗਈ ਸੀ।

List your house with Chahal!
ਆਪਣਾ ਘਰ ਵੇਚਣ ਲਈ ਜਸ ਚਾਹਲ ਨਾਲ ਲਿਸਟ ਕਰੋ
ਕੀ ਤੁਸੀਂ ਜਾਇਦਾਦ ਵੇਚਣ,ਖਰੀਦਣ ਜਾਂ ਨਿਵੇਸ਼ ਕਰਨ ਲਈ ਇੱਕ ਇਮਾਨਦਾਰ ਰੀਅਲ ਅਸਟੇਟ ਏਜੰਟ ਦੀ ਭਾਲ ਕਰ ਰਹੇ ਹੋ ? ਤਾਂ ਕਿਰਪਾ ਕਰਕੇ ਜਸਦੀਪ ਸਿੰਘ ਚਹਿਲ, ਗਾਲਿਬ ਕਲਾਂ ਵਾਲਿਆਂ ਨੂੰ ਸੰਪਰਕ ਕਰੋ ਤਾਂ ਜੋ ਤੁਹਾਡੀਆਂ ਰੀਅਲ ਅਸਟੇਟ ਦੀਆਂ ਲੋੜਾਂ ਪੂਰੀ ਹੋ ਸਕਣ!
ਮੈਂ ਤੁਹਾਡੇ ਅਗਲੇ ਘਰ ਲਈ ਸਭ ਤੋਂ ਵਧੀਆ ਸੌਦਾ ਪ੍ਰਾਪਤ ਕਰਨ ਵਿੱਚ ਮੱਦਦ ਕਰਾਂਗਾ
Jas Chahal
587-971-8667
RE/MAX iREALTY INNOVATIONS
JChahal@remax.net
1301 8 St SW #100, Calgary, AB T2R 1B7
Free Home Evaluation
JAS CHAHAL REAL ESTATE

TIRED OF PAYING HIGH BROKER FEES?
• BUSINESS LOANS AT COMPETITIVE INTEREST RATES AND FLEXIBLE TERMS
• GROW YOUR BUSINESS WITH CONFIDENCE
• 10 YEARS OF INDUSTRY EXPERIENCE
* ਪ੍ਰਤੀਯੋਗੀ ਵਿਆਜ ਦਰਾਂ 'ਤੇ ਵਪਾਰਕ ਕਰਜ਼ੇ ਅਤੇ ਲਚਕਦਾਰ ਨਿਯਮ
* ਆਪਣੇ ਕਾਰੋਬਾਰ ਨੂੰ ਭਰੋਸੇ ਨਾਲ ਵਧਾਓ
* 10 ਸਾਲਾਂ ਦਾ ਉਦਯੋਗ ਦਾ ਤਜਰਬਾ ਹੈ
• Commercial Property Mortgage
• Equipment Loans
• Business Purchase Loans
• Working Capital/ Cashflow Loans
FAHAD NAYYAR, MBA
403-608-4896
Fahad.NAYYAR@bdc.ca
www.ineedabusinessloan.ca
#250, 28 Quarry Park Blvd SE Calgary, AB T2C 5P9
*Some conditions apply
Over $150 Million Funded!
No Approval? NO FEES!
UP TO 100% FINANCING*

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
State Farm IS NOW Desjardins Insurance
Monday-Friday
9:00 am to 5:30 PM
Weekends: All Other Times Appointments only
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ 17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਕੈਲਗਰੀ ਦੇ ਬਜ਼ੁਰਗਾਂ ਨੇ ਦੇਸ਼ ਦੀ ਆਰਥਿਕ ਹਾਲਾਤ ਬਾਰੇ ਚਿੰਤਾ ਜਾਹਿਰ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀਂ ਇੰਡੋ ਕੈਨੇਡੀਅਨ ਐਸੋਸੀਏਸ਼ਨ ਸੀਨੀਅਰ ਕੈਲਗਰੀ ਦੀ ਮੀਟਿੰਗ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਏਜੰਡੇ ਅਨੁਸਾਰ ਸਭ ਤੋਂ ਪਹਿਲਾਂ ਐਸੋਸੀਏਸ਼ਨ ਵੱਲੋਂ ਕੈਲਗਰੀ ਸਿਟੀ ਅੰਦਰ ਰੇਲ ਅਤੇ ਬੱਸ ਅੱਡਿਆਂ ਅਤੇ ਇਸੇ ਤਰ੍ਹਾਂ ਪਾਰਕਾ ਅੰਦਰ ਜਿੱਥੇ ਬਜ਼ੁਰਗ ਬੈਠਦੇ ਹਨ,ਦੇ ਪ੍ਰਬੰਧਕ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਮੰਗ ਅਨਸਾਰ ਇਹਨਾਂ ਥਾਵਾਂ ਉੱਪਰ ਵਾਸ਼ਰੂਮ ਜਰੂਰ ਹੋਣੇ ਚਾਹੀਦੇ ਹਨ। ਭਾਵੇਂ ਐਸੋਸੀਏਸ਼ਨ ਦੀ ਇਸ ਮੰਗ ਦੀ ਚਰਚਾ ਤਾਂ ਬਹੁਤ ਚਿਰ ਪਹਿਲਾਂ ਸ਼ੁਰੂ ਹੋ ਗਈ ਸੀ। ਸਿਟੀ ਦੀ ਮੇਅਰ ਨੂੰ ਵੀ ਮਿਲਿਆ ਜਾ ਚੁੱਕਿਆ ਹੈ ਪਰ ਅੱਗੇ ਕੋਈ ਉਸ ਦੀ ਪ੍ਰਾਪਤੀ ਨਜ਼ਰ ਨਹੀਂ ਆ ਰਹੀ। ਜਥੇਬੰਦੀ ਵੱਲੋਂ ਸੀਨੀਅਰ ਇਸਤਰੀਆਂ ਅਤੇ ਬੱਚਿਆਂ ਲਈ ਸਹੂਲਤ ਦੇਣ ਲਈ ਮੰਗ ਕੀਤੀ ਗਈ। ਹੁਣ ਫੇਰ ਸਿਟੀ ਮੇਅਰ, ਕੌਂਸਲਰ,ਐਮਐਲਏ, ਐਮ ਪੀ ਨੂੰ ਦੁਬਾਰਾ ਪਹੁੰਚ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸਿਹਤ ਸੇਵਾਵਾਂ ਦੇ ਨਿੱਜੀਕਰਨ ਦਾ ਵਿਰੋਧ ਕੀਤਾ ਗਿਆ। ਕਨੇਡਾ ਅੰਦਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਨੂੰ ਸਥਾਨਿਕ ਅਤੇ ਕੇਂਦਰੀ ਸਰਕਾਰਾਂ ਰੋਕਣ ਤੋਂ ਅਸਮਰੱਥ ਰਹੀਆਂ ਹਨ। ਐਸੋਸੀਏਸ਼ਨ ਮਹਿਸੂਸ ਕਰਦੀ ਹੈ ਕਿ ਮਹਿੰਗਾਈ ਨੂੰ ਤੁਰੰਤ ਨੱਥ ਪਾਈ ਜਾਵੇ। ਦੇਸ਼ ਅੰਦਰ ਮਕਾਨਾਂ ਦੀ ਉਸਾਰੀ ਲਈ ਜੋ ਵਾਅਦੇ ਕੀਤੇ ਸਨ ਉਹ ਪੂਰੇ ਕੀਤੇ ਜਾਣ। ਮਕਾਨਾਂ ਦੇ ਮੂਲ ਕਰਜ਼ੇ ਦੇ ਵਿਆਜ ਦਰਾਂ ਤੇ ਕੀਤੇ ਬਾਰ ਬਾਰ ਵਾਧੇ ਤੇ ਚਿੰਤਾ ਪ੍ਰਗਟ ਕੀਤੀ ਗਈ । ਐਸੋਸੀਏਸ਼ਨ ਨੇ ਰਾਜ ਅਤੇ ਕੇਂਦਰੀ ਸਰਕਾਰ ਨੂੰ ਮਹਿੰਗਾਈ ਬੇਰੁਜ਼ਗਾਰੀ ਤੁਰੰਤ ਕਾਬੂ ਕਰਨ ਲਈ ਅਪੀਲ ਕੀਤੀ ਹੈ

ਮਾਂ-ਬੋਲੀ ਦੀ ਬਜਾਏ ਇਸ ਨੂੰ ਪਿਓ-ਬੋਲੀ ਕਿਉਂ ਨਹੀਂ ਕਿਹਾ ਜਾਂਦਾ?

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਮਹੀਨਾਵਾਰ ਇਕੱਤਰਤਾ ਮੌਕੇ ਨਛੱਤਰ ਸਿੰਘ ਪਰਬਾ ਜੀ ਨੇ ਸਮੋਂ ਨਾਲ ਪੈਦਾ ਹੋਣ ਵਾਲੇ ਪੀੜ੍ਹੀ-ਪਾੜ੍ਹੇ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।ਬਲਵਿੰਦਰ ਬਰਾੜ ਜੀ ਨੇ ਇਸ ਚਰਚਾ ਨੂੰ ਵਿਸਥਾਰ ਦੇਂਦਿਆਂ ਬੱਚਿਆਂ ਦਾ ਫੋਨ ਵਾਲੀ ਟੈਕਨੌਲੌਜੀ ਨਾਲ ਰੁੱਝੇ ਰਹਿਣ ਅਤੇ ਇੱਕ ਦੂਜੇ ਨਾਲ ਗਲਬਾਤ ਦੇ ਸਿਮਟ ਕੇ ਰਹਿ ਜਾਣ ਵਾਲੇ ਵਰਤਾਰੇ ਤੇ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਇੱਕ ਸਤੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਥਾਪਨਾ ਦਿਵਸ ਬਾਰੇ ਦੱਸਿਆ ਅਤੇ ਇੱਕ ਆਪ ਪੜ੍ਹੇ ਹੋਏ ਤੱਥ ਦਾ ਵਰਨਣ ਕੀਤਾ ਕਿ ਜਦੋਂ ਮੱਥਾ ਟੇਕਿਆ ਜਾਂਦਾ ਹੈ ਤਾਂ ਜਿਸ ਵਿੱਚ ਵੱਧ ਗੁਣ ਹੁੰਦੇ ਹਨ, ਉਨ੍ਹਾਂ ਦਾ ਸੰਚਾਰ ਘੱਟ ਗੁਣਾਂ ਵਾਲੇ ਪਾਸੇ ਹੁੰਦਾ ਹੈ। ਗੁਰੂ ਅੱਗੇ ਮੱਥੇ ਟੇਕੀਏ ਜਾਂ ਕੋਈ ਬੱਚਾ ਆਪਣੀ ਮਾਂ ਨੂੰ ਮੱਥਾ ਟੇਕੇ ਜਾਂ ਕੋਈ ਕਿਸੇ ਆਪਣੇ ਸਤਿਕਾਰਤ ਵਿਅਕਤੀ ਨੂੰ ਤਾਂ ਇਹ ਵਰਤਾਰਾ ਆਪ-ਮੁਹਾਰੇ ਵਾਪਰਦਾ ਹੈ। ਡਾ: ਜੋਗਾ ਸਿੰਘ ਜੀ, ਸ: ਗੁਰਦੇਵ ਸਿੰਘ ਸਿੱਧੂ ,ਜੀਰ ਸਿੰਘ,ਜਸਵੰਤ ਸਿੰਘ ਸੇਖੋਂ,ਸੁਰਜੀਤ ਸਿੰਘ ਭੱਟੀ,ਦਵਿੰਦਰ ਕੌਰ ਸਿੱਧੂ ,ਗੁਰਚਰਨ ਸਿੰਘ ਹੇਰਰ, ਗੁਰਨਾਮ ਕੌਰ ਜੀ, ਸ: ਗੁਰਦੇਵ ਸਿੰਘ ਪ੍ਰੀਤ ਸਾਗਰ ਸਿੰਘ ਅਮਨਪ੍ਰੀਤ ਸਿੰਘ ਪਰਮਜੀਤ ਸਿੰਘ ਭੰਗੂ ਨੇ ਮੰਚ ਉੱਪਰ ਰਚਨਾਵਾਂ ਰਾਹੀਂ ਹਾਜਿਰੀ ਲਗਵਾਈ।ਅੱਠ ਨਾਵਲਾਂ ਦੇ ਲੇਖਕ ਸੁਰਿੰਦਰ ਸਿੰਘ ਨੇਕੀ ਜੀ ਨੇ ਕਿਹਾ ਕਿ, 'ਜਿਨਾ ਚਿਰ ਤੱਕ ਪੂਰੀ ਤਰ੍ਹਾਂ ਜਾਣਕਾਰੀ ਨਾ ਹੋਵੇ ਕਲਮਕਾਰ ਨੂੰ ਕਲਮ ਨਹੀਂ ਉਠਾਉਣੀ ਚਾਹੀਦੀ ਹੈ।' ਉਨ੍ਹਾਂ ਇਸ ਗੱਲ ਤੇ ਖੁਸ਼ੀ ਜ਼ਾਹਿਰ ਕੀਤੀ ਕਿ ਇੱਥੇ ਵੀ ਪੰਜਾਬ ਵਾਂਗ ਸਾਹਿਤ-ਪ੍ਰੇਮੀ ਸਾਹਿਤਕ ਸਭਾਵਾਂ ਵਿੱਚ ਮਿਲ ਬੈਠਦੇ ਹਨ ਜੋ ਕਿ ਮਾਂ-ਬੋਲੀ ਪੰਜਾਬੀ ਲਈ ਸ਼ੁਭ ਸ਼ਗਨ ਹੈ। ਉਨਾਂ ਇੱਥੇ ਆ ਕੇ ਕੈਲਗਰੀ ਦੇ ਚੜ੍ਹਦੇ ਸੂਰਜ ਨੂੰ ਸੰਬੋਧਤ ਹੋ ਲਿਖੀ ਕਵਿਤਾ ਸਾਂਝੀ ਕੀਤੀ।ਗੁਰਦਿਲਰਾਜ ਸਿੰਘ ਜੀ ਨੇ ਦੋ ਵਾਕਾਂ ਵਿੱਚ ਸਾਡੇ ਸਮਾਜਿਕ ਵਰਤਾਰੇ ਤੇ ਵਿਅੰਗ ਕਰਦਿਆਂ ਕਿਹਾ ਕਿ, ਜੇਕਰ ਮਾਪਿਆਂ ਨੂੰ ਧੀ ਨੇ ਬੁਲਾਇਆ ਹੋਵੇ ਤਾਂ ਕਿਹਾ ਜਾਂਦਾ ਸਾਨੂੰ ਸਾਡੀ ਧੀ ਨੇ ਸੱਦਿਆ। ਕੋਈ ਵੀ ਜਵਾਈ ਦਾ ਨਾਂ ਨਹੀਂ ਲੈਂਦਾ। ਉਨ੍ਹਾਂ ਦੀ ਕਹੀ ਗੱਲ ਤੇ ਨਾਲ ਹੀ ਟਿੱਪਣੀ ਵੀ ਆ ਗਈ ਕਿ, 'ਜੇ ਬੇਟੇ ਨੇ ਬੁਲਾਇਆ ਹੋਵੇ ਤਾਂ ਕੋਈ ਨੂੰਹ ਦਾ ਨਾਂ ਵੀ ਨਹੀਂ ਲੈਂਦਾ।' ਸੋ ਜ਼ਾਹਿਰ ਹੈ ਕਿ ਇਸ ਸਮਾਜਿਕ ਵਰਤਾਰੇ ਤੇ ਗੌਰ ਕੀਤਾ ਜਾਵੇ ਅਤੇ ਰਿਸ਼ਤਿਆਂ ਦੀ ਮਿਠਾਸ ਬਣਾਈ ਰੱਖਣ ਲਈ ਲੋੜੀਂਦਾ ਬਦਲਾਅ ਲਿਆਉਣ ਦੀ ਲੋੜ ਨੂੰ ਸਮਝਿਆ ਜਾਵੇ। ਬਿੱਕਰ ਸਿੰਘ ਸੰਧੂ ਜੀ ਨੇ ਸੁਆਲ ਕੀਤਾ ਕਿ ਮਾਂ-ਬੋਲੀ ਦੀ ਬਜਾਏ ਇਸ ਨੂੰ ਪਿਓ-ਬੋਲੀ ਕਿਉਂ ਨਹੀਂ ਕਿਹਾ ਜਾਂਦਾ ? ਫਿਰ ਇਸ ਦਾ ਜਅੁਾਬ ਦਿੱਤਾ ਕਿ ਬੱਚਾ ਨੌ ਮਹੀਨੇ ਆਪਣੀ ਮਾਂ ਦੇ ਪੇਟ ਵਿੱਚ ਹੁੰਦਾ ਅਤੇ ਉਦੋਂ ਹੀ ਉਹ ਮਾਂ ਰਾਹੀਂ ਆਪਣੀ ਮਾਂ ਦੀ ਬੋਲੀ ਨਾਲ ਜੁੜ ਜਾਂਦਾ ਹੈ। ਉਪਰੰਤ ਗੁਰਬਾਣੀ ਦੇ ਹਵਾਲਿਆਂ ਨਾਲ ਸ਼ਬਦ ਨਾਲ ਜੁੜਨ ਬਾਰੇ ਗੱਲ ਕੀਤੀ।ਜਸਵੀਰ ਸਿੰਘ ਸਿਹੋਤਾ ਆਪਣੇ ਦੋਹਤੇ ਦੇ ਜਨਮ ਦੀ ਖੁਸ਼ੀ ਵਿੱਚ ਲੱਡੂ ਅਤੇ ਹੋਰ ਸੁਆਦੀ ਸਨੈਕਸ ਪਰੋਸੇ ਅਤੇ ਸਭ ਦਾ ਭਰਵੀਂ ਹਾਜ਼ਰੀ ਅਤੇ ਵੱਡਮੁੱਲੀ ਜਾਣਕਾਰੀ ਸਾਂਝੀ ਕਰਨ ਲਈ ਧੰਨਵਾਦ ਕੀਤਾ।

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

ਡਾਵਸਨ ਲੈਡਿੰਗ ਵਿੱਚ ਹੁਣ ਤੁਹਾਡਾ ਘਰ
ਹੁਣ ਤੁਹਾਡੀ ਪਹੁੰਚ ਵਿੱਚ ਹੈ
DAWSON'S LANDING CHESTERMERE
A QUALICO COMMUNITY
ਨਵੀਆਂ ਲਾਟਾਂ ਵੇਚ ਰਹੇ ਹਾਂ
ਹਾਈਵੇਅ 1 ਰਾਹੀਂ ਕੈਲਗਰੀ ਡਾਊਨਟਾਊਨ ਤੱਕ ਪਹੁੰਚ
ਨਵੇਂ ਖੇਡ ਮੈਦਾਨ ਹੁਣ ਖੁੱਲ ਗਏ ਹਨ
ਮਾਲਕ ਐਸੋਸੀਏਸਨ ਘਰ ਦੀਆਂ ਕਦਰਾਂ ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਚੈਸਟਰਮੇਰ ਦੇ ਝੀਲ ਦੇ ਕਿਨਾਰੇ ਸ਼ਹਿਰ ਵਿੱਚ ਡਾਸਨ ਦੀ ਲੈਂਡਿੰਗ, ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁਝ ਮਿੰਟਾਂ ਵਿੱਚ ਸਥਿਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਲੈਨਡ ਡੁਪਲੈਕਸ ਫਰੰਮ ਦੀ ਹਾਈ $400s
ਲੈਨਡ ਹੋਮ ਫਰੰਮ ਦੀ ਲੋਅ $600s
ਫਰੰਟ ਗੈਰਾਜ ਡੁਪਲੈਕਸ ਫਰੰਮ ਦੀ ਲੋਅ $600s
ਫਰੰਟ ਗੈਰਾਜ ਫਰੰਮ ਦੀ ਲੋਅ $700s
NUVISTA HOMES • BROADVIEW HOMES • MORRISON HOMES
TRICO HOMES • STERLING HOMES • TRUMAN HOMES
ਹੋਰ ਜਾਣਕਾਰੀ ਲਈ ਵੈਬਸਾਈਟ ਉੱਪਰ ਆਓ
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
Satisfaction Guaranteed- One year warranty on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

ਗੱਲ ਘਰ ਘਰ ਦੀ

ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੋਮ ਬਿਲਡਰਾਂ ਤੇ ਡਿਵੈਲਪਰਾਂ ਦੇ ਨਾਲ-ਨਾਲ ਇਨਵੈਸਟਰਾਂ ਵਾਸਤੇ ਇਕ ਵੱਡੇ ਤੇ ਅਹਿਮ ਐਲਾਨ ਦਾ ਖੁਲਾਸਾ ਕੀਤਾ ਹੈ। ਇਸ ਤਹਿਤ ਰੈਂਟਲ ਉਦੇਸ਼ਾਂ ਵਾਸਤੇ ਬਣਾਏ ਜਾਣ ਵਾਲੇ ਘਰਾਂ ਉੱਪਰ ਜੀ.ਐਸ.ਟੀ. (ਜਨਰਲ ਸੇਲਸ ਟੈਕਸ) ਦਾ ਖਾਤਮਾ ਕੀਤਾ ਜਾ ਰਿਹਾ ਹੈ। ਓਂਟੈਰੀਓ ਦੀ ਸੂਬਾ ਸਰਕਾਰ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਉਹ ਰੈਂਟਲ ਪ੍ਰੌਪਰਟੀਜ਼ ਦੇ ਨਿਰਮਾਣ ਵਾਸਤੇ ਸੂਬਾਈ ਸੇਲਜ਼ ਟੈਕਸ ਨਹੀਂ ਵਸੂਲੇਗੀ।

ਉੱਧਰ ਕੈਨੇਡਾ ਮੌਰਗੇਜ ਐਂਡ ਹਾਊਜ਼ਿੰਗ ਕੌਰਪ (ਸੀ.ਐਚ.ਐਮ.ਸੀ.) ਨੇ ਆਪਣੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਕੈਨੇਡਾ ਦੀ ਵਧ ਰਹੀ ਆਬਾਦੀ ਨੂੰ ਵੇਖਦਿਆਂ ਦੇਸ਼ ਭਰ ਵਿੱਚ 34 ਲੱਖ 50 ਹਜ਼ਾਰ ਨਵੇਂ ਘਰਾਂ ਦੀ ਲੋੜ ਹੈ। ਜੇ ਇਹਨਾਂ ਦਾ ਨਿਰਮਾਣ ਨਹੀਂ ਹੁੰਦਾ ਤਾਂ ਘਰਾਂ ਦੀਆਂ ਕੀਮਤਾਂ ਨੂੰ ਹੇਠਾਂ ਲਿਆਉਣਾ ਔਖਾ ਹੋ ਜਾਵੇਗਾ। ਦੇਸ਼ ਵਿੱਚ ਇਸ ਸਾਲ 9 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਆਉਣ ਦੀ ਸੰਭਾਵਨਾ ਹੈ ਤੇ ਫੈਡਰਲ ਸਰਕਾਰ ਨੇ ਟੀਚਾ ਮਿਥਿਆ ਹੈ ਕਿ 2025 ਤੋਂ ਹਰ ਸਾਲ ਸਾਢੇ 5 ਲੱਖ ਪਰਮਾਨੈਂਟ ਰੈਜ਼ਿਡੈਂਟਸ (ਪੀ.ਆਰ.) ਕੈਨੇਡਾ ਲਿਆਂਦੇ ਜਾਣਗੇ। ਅਜਿਹੇ ਵਿੱਚ ਘਰਾਂ ਦੀ ਲੋੜ ਪੂਰੀ ਕਰਨਾ ਮੁਸ਼ਕਿਲ ਹੋ ਜਾਵੇਗਾ।

ਘਰਾਂ ਦੀ ਮੌਰਗੇਜ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਛੱਡਿਆ ਹੈ। ਜਿਹੜੇ ਲੋਕ ਇਸ ਸਮੇਂ ਫਿਕਸਡ ਮੌਰਗੇਜ ਰੇਟ 'ਤੇ ਬੈਠੇ ਹਨ ਤੇ ਖੁਸ਼ ਹਨ ਕਿ ਉਹਨਾਂ ਨੂੰ ਕੋਈ ਵੱਧ ਰਕਮ ਨਹੀਂ ਦੇਣੀ ਪੈ ਰਹੀ ਪਰ ਉਹਨਾਂ ਦੀ ਇਹ ਸੋਚ ਸਹੀ ਨਹੀਂ ਹੈ। ਬੈਂਕ ਨੇ ਆਪਣਾ ਵਿਆਜ ਨਹੀਂ ਗੁਆਉਣਾ ਹੈ। ਜਦੋਂ ਮੌਰਗੇਜ ਰਿਨਿਊਅਲ ਦੀ ਵਾਰੀ ਆਈ ਤਾਂ ਸਭ ਗੇਪ ਕੱਢ ਲਿਆ ਜਾਵੇਗਾ। ਇਸ ਸਮੇਂ ਰੇਟਹੱਬ (Ratehub) ਅਤੇ ਨੈਸਟੋ (Nesto) ਵੱਲੋਂ ਹੀ ਸਭ ਤੋਂ ਘੱਟ ਰੇਟ 'ਤੇ 3 ਅਤੇ 4 ਸਾਲਾਂ ਵਾਸਤੇ (ਇੰਸ਼ਿਉਰਡ) ਮੌਰਗੇਜ ਦਿੱਤੀ ਜਾ ਰਹੀ ਹੈ।

ਤੁਸੀਂ ਵੀ ਜੇ ਆਪਣੇ ਵਾਸਤੇ ਘਰ ਦੀ ਭਾਲ ਕਰ ਰਹੇ ਹੋ ਤਾਂ ਇਕ ਵਾਰ ਆਪਣੀ ਲੋੜ, ਬਜਟ ਅਤੇ ਕਾਰੋਬਾਰ ਦੇ ਵੇਰਵਿਆਂ ਨਾਲ ਸੰਪਰਕ ਕਰੋ।

-ਅਮੂ ਨਾਗਰ

“ਸਟੇਇੰਗ ਹੈਲਥੀ ਵਿਦਾਊਟ ਮੈਡੀਸੀਨਜ” ਕਿਤਾਬ ਦਾ ਪੋਸਟਰ ਰਿਲੀਜ ਕੀਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਬੀਤੇ ਦਿਨੀ ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਵੱਲੋਂ ਡਾਕਟਰ ਸੁਖਵਿੰਦਰ ਸਿੰਘ ਬਰਾੜ ਦੁਆਰਾ ਲਿਖੀ ਕਿਤਾਬ “ ਸਟੇਇੰਗ ਹੈਲਥੀ ਵਿਦਾਊਟ ਮੈਡੀਸੀਨਜ਼” ਦਾ ਪਰੇਰੀ ਵਿੰਡ ਪਾਰਕ ਵਿਖੇ ਪੋਸਟਰ ਰਿਲੀਜ ਕੀਤਾ ਗਿਆ। ਜਿਸ ਵਿੱਚ ਕੈਲਗਰੀ ਸ਼ਹਿਰ ਦੀਆਂ ਮਹਾਨ ਹਸਤੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਅਗਸਤ 2015 ਨੂੰ ਹੋਂਦ ਵਿੱਚ ਆਈ ਸੀ ਤੇ ਤਦ ਤੋਂ ਹੀ ਡਾ ਸੁਖਵਿੰਦਰ ਬਰਾੜ ਇਸ ਸੰਸਥਾ ਦੇ ਫਾਊਂਡਰ ਤੇ ਪ੍ਰਧਾਨ ਦੀ ਸੇਵਾ ਨਿਭਾ ਰਹੇ ਹਨ। ਬਹੁਤ ਡੂੰਘੀ ਖੋਜ ਦੇ ਅਧਾਰਤ ਇਹ ਆਪਣੇ ਸਿਹਤ ਸਬੰਧੀ ਵਿਸਿਆਂ ਤੇ ਲੈਕਚਰ ਤਿਆਰ ਕਰਕੇ ਹਰ ਮਹੀਨੇ ਸਿਹਤ ਸੈਮੀਨਾਰ ਵਿੱਚ ਪੇਸ਼ ਕਰਦੇ ਹਨ ਜੋ ਕਿ ਮੈਂਬਰਾਂ ਵੱਲੋਂ ਖੂਬ ਪਸੰਦ ਕੀਤੇ ਜਾਂਦੇ ਹਨ।

ਸਿੱਖੋ ਤੰਦਰੁਸਤ ਰਹਿਣਾ ਬਗੈਰ ਦਵਾਈਆਂ।

ਫਜ਼ੂਲ ਨਾ ਗਵਾਈਏ ਆਪਣੀਆਂ ਕਮਾਈਆਂ।

ਇਸ ਤੋਂ ਇਲਾਵਾ ਅਖ਼ਬਾਰਾਂ, ਮੈਗਜ਼ੀਨ ਤੇ ਸੋਸ਼ਲ ਮੀਡੀਆ ਵਿੱਚ ਵੀ ਸਮੇਂ ਸਮੇਂ ਤੇ ਸਿਹਤ ਸਬੰਧੀ ਆਰਟੀਕਲ ਲਿਖ਼ ਕੇ ਕਮਿਊਨਟੀ ਨੂੰ ਗਿਆਨ ਪ੍ਰਦਾਨ ਕਰਦੇ ਰਹਿੰਦੇ ਹਨ। ਗਿਆਨ ਦਾ ਦਾਨ ਸਭ ਤੋਂ ਉਤੱਮ ਦਾਨ ਮੰਨਿਆਂ ਜਾਂਦਾ ਹੈ ਤੇ ਸਿਹਤ ਤੰਦਰੁਸਤੀ ਸਬੰਧੀ ਗਿਆਨ ਤਾਂ ਸਰਵਉੱਤਮ ਸੇਵਾ ਹੈ। ਲੋਕਲ ਰੇਡੀਉ, ਟੈਲੀਵੀਜ਼ਨ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਵੀ ਇਹਨਾਂ ਦੀ ਇੰਟਰਵਿਊ ਤੇ ਸਿਹਤ ਸਬੰਧੀ ਵਿਚਾਰ ਬਹੁਤ ਮਕਬੂਲ ਹੋ ਰਹੇ ਹਨ। ਪੰਜਾਬ ਵਿੱਚ ਵੀ ਪਿੰਡਾਂ ਤੋ ਲੈ ਕੇ ਪਟਿਆਲਾ, ਬਠਿੰਡਾ, ਮਾਨਸਾ, ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਵਿੱਚ ਇਹ ਸਿਹਤ ਸੈਮੀਨਾਰ ਕਰ ਚੁੱਕੇ ਹਨ। ਲੋਕਾਂ ਦੀ ਪੁਰਜ਼ੋਰ ਮੰਗ ਨੂੰ ਮੁੱਖ ਰੱਖਦੇ ਹੋਏ ਇਹਨਾਂ ਨੇ ਬਹੁਤ ਹੀ ਵਧੀਆ ਕਿਤਾਬ ‘‘ਸਟੇਇੰਗ ਹੈਲਥੀ ਵਿਦਾਊਟ ਮੈਡੀਸੀਨਜ਼’’ ਪਾਠਕਾਂ ਦੀ ਝੋਲੀ ਵਿੱਚ ਪਾਈ ਹੈ। ਬਗੈਰ ਦਵਾਈਆਂ ਦੇ ਕਿਵੇਂ ਤੰਦਰੁਸਤ ਰਹਿਣਾ ਹੈ ਇਸ ਦਾ ਮੁੱਖ ਉਦੇਸ਼ ਹੈ। ਇਸ ਕਿਤਾਬ ਵਿੱਚ ਇਹਨਾਂ ਦੀ ਲਗਭਗ 20 ਸਾਲਾਂ ਦੀ ਸਖ਼ਤ ਮਿਹਨਤ ਤੇ ਖੋਜ਼ ਸ਼ਾਮਲ ਕੀਤੀ ਗਈ ਹੈ। ਤਕਰੀਬਨ ਪਿਛਲੇ ਅੱਠ ਸਾਲਾਂ ਤੋਂ ਜਿੰਨੇ ਵੀ ਵਿਸ਼ੇ ਇਹ ਮਹੀਨਾਵਾਰ ਹੈਲਥ ਸੈਮੀਨਾਰਾਂ ਵਿੱਚ ਡਿਸਕਸ ਕਰ ਚੁੱਕੇ ਹਨ ਉਹਨਾਂ ਦਾ ਨਿਚੋੜ ਹੀ ਇਹ ਕਿਤਾਬ ਹੈ।



‘‘ਇਲਾਜ ਨਾਲੋਂ ਪ੍ਰਹੇਜ਼ ਚੰਗਾ, ਦਵਾਈਆਂ ਤੋਂ ਗੁਰੇਜ ਚੰਗਾ’’

ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਵੱਲੋਂ ਸਾਲਾਨਾ ਹੈਲਥ ਸੈਮੀਨਾਰ ਅਕਤੂਬਰ 1, 2023 ਦਿਨ ਐਤਵਾਰ ਸ਼ਾਮ 4:30 ਵਜੇ ਫਾਲਕਨਰਿਜ ਕਾਸਲਰਿਜ ਕਮਿਊਨਟੀ ਐਸੋਸੀਏਸ਼ਨ 95 ਫਾਲਸ਼ਾਇਰ ਡਰਾਈਵ ਕੈਲਗਰੀ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਕਿਤਾਬ ‘‘ਸਟੇਇੰਗ ਹੈਲਥੀ ਵਿਦਾਊਟ ਮੈਡੀਸੀਨਜ਼’’ ਦੀ ਘੁੰਡ ਚੁਕਾਈ ਸ਼ਹਿਰ ਦੀਆਂ ਉੱਘੀਆਂ ਹਸਤੀਆਂ ਵੱਲੋਂ ਕਰਵਾਈ ਜਾਵੇਗੀ। ਫਾਊਂਡੇਸ਼ਨ ਵੱਲੋਂ ਤੁਹਾਨੂੰ ਦਿਲ ਦੀਆਂ ਗਹਿਰਾਈਆਂ ਵਿੱਚੋਂ ਨਿੱਘਾ ਸੱਦਾ ਪੱਤਰ ਦਿੱਤਾ ਜਾਂਦਾ ਹੈ ਕਿ ਆਪਣੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਸਮਾਗਮ ਦੀ ਰੌਣਕ ਵਧਾਉਣੀ। ਬੱਚੇ, ਜਵਾਨ, ਬੁੱਢੇ ਮਰਦ ਔਰਤਾਂ ਲਈ ਇਹ ਸਿਹਤ ਸਬੰਧੀ ਅਗਾਂਹਵਧੂ ਜਾਣਕਾਰੀ ਬਹੁਤ ਲਾਹੇਵੰਦ ਸਾਬਤ ਹੋਵੇਗੀ। ਪ੍ਰੋਗਰਾਮ ਦੀ ਕੋਈ ਟਿਕਟ ਨਹੀਂ ਹੋਵੇਗੀ। ਸਾਡੇ ਮੈਂਬਰਾਂ ਵੱਲੋਂ ਦੇਸੀ ਘਿਉ ਵਿੱਚ ਹੱਥੀਂ ਤਿਆਰ ਕੀਤਾ ਆਰਗੈਨਿਕ ਪਕਵਾਨ ਤੇ ਗਰੀਨ ਟੀ ਪਰੋਸੀ ਜਾਵੇਗੀ।

ਭਾਰਤ ਵਿੱਚ ਹੋਏ ਜੀ-20 ਸੰਮੇਲਨ ਦੌਰਾਨ ਕੁੱਝ ਮੁੱਦਿਆਂ 'ਤੇ ਭਾਰਤ ਅਤੇ ਕੈਨੇਡਾ ਦਰਮਿਆਨ ਤਣਾਅ ਸਪਸ਼ਟ ਦਿਖਾਈ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਭਾਰਤ ਵਿੱਚ ਹੋਏ ਜੀ-20 ਸੰਮੇਲਨ ਦੌਰਾਨ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜੀ-20 ਸੰਮੇਲਨ ਮੌਕੇ ਹੋਈ ਮੁਲਾਕਾਤ ਵਿੱਚ ਕੁੱਝ ਮੁੱਦਿਆਂ ਨੂੰ ਲੈਕੇ ਦੋਵੇਂ ਮੁਲਕਾਂ ਦਰਮਿਆਨ ਤਣਾਅ ਮਹਿਸੂਸ ਕੀਤਾ ਗਿਆ। ਇਸ ਮੌਕੇ ਨਰਿੰਦਰ ਮੋਦੀ ਨੇ ਜਸਟਿਨ ਟਰੂਡੋ ਨਾਲ ਕੈਨੇਡਾ ਦੁਆਰਾ ਸਿੱਖ ਵੱਖਵਾਦੀਆਂ ਨੂੰ ਪਨਾਹ ਦੇਣ ਦਾ ਮੁੱਦਾ ਚੁੱਕਿਆ ਅਤੇ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਮੋਦੀ ਨਾਲ ਕੈਨੇਡਾ ਵਿੱਚ ਭਾਰਤੀ ਦਖ਼ਲਅੰਦਾਜ਼ੀ ਦਾ ਜ਼ਿਕਰ ਕੀਤਾ ਸੀ। ਟਰੂਡੋ ਦਾ ਕਹਿਣਾ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਵਿਵੇਕ ਦੀ ਆਜ਼ਾਦੀ ਅਤੇ ਸ਼ਾਂਤੀਪੂਰਨ ਵਿਰੋਧ ਦੀ ਆਜ਼ਾਦੀ ਦੀ ਹਿਫ਼ਾਜ਼ਤ ਕਰੇਗਾ। ਉਨ੍ਹਾਂ ਕਿਹਾ ਕਿ ਕੁੱਝ ਲੋਕਾਂ ਦੀਆਂ ਕਾਰਵਾਈਆਂ ਕਿਸੇ ਭਾਈਚਾਰੇ ਜਾਂ ਕੈਨੇਡਾ ਦੀ ਨੁਮਾਇੰਦਗੀ ਨਹੀਂ ਕਰਦੀਆਂ। ਭਾਰਤ ਅਤੇ ਕੈਨੇਡਾ ਦਰਮਿਆਨ ਰਿਸ਼ਤਿਆਂ ਵਿੱਚ ਕੁੱਝ ਫਿੱਕ ਇਸ ਗੱਲੋਂ ਵੀ ਜ਼ਾਹਰ ਹੁੰਦੀ ਹੈ, ਕਿ ਇਸੇ ਮਹੀਨੇ ਦੋਵਾਂ ਦਰਮਿਆਨ ਇੱਕ ਪ੍ਰਸਤਾਵਿਤ ਵਪਾਰਕ ਸਮਝੌਤੇ 'ਤੇ ਗੱਲਬਾਤ ਰੁਕ ਗਈ ਹੈ। ਤਿੰਨ ਮਹੀਨੇ ਪਹਿਲਾਂ ਹੀ ਦੋਵਾਂ ਦੇਸ਼ਾਂ ਨੇ ਇਸ ਸਾਲ ਦੇ ਅੰਤ ਤੱਕ ਇਸ ਵਪਾਰਕ ਸਮਝੌਤੇ ਨੂੰ ਸਿਰੇ ਚੜ੍ਹਾਉਣ ਦੀ ਉਮੀਦ ਜਤਾਈ ਸੀ।

ਸੰਪਾਦਕੀ

ਮਰਿਆਦਾ ਦੀ ਉਲੰਘਣਾ ਆਖਿਰਕਾਰ ਨੁਕਸਾਨ ਵੱਲ ਧੱਕਦੀ ਹੈ।

-ਫਰੈਂਕ ਹਰਬਰਟ

ਕਨੇਡਾ-ਭਾਰਤ ਆਪਸੀ ਸਬੰਧਾਂ ਵਿੱਚ ਆਈਆਂ ਤਰੇੜਾਂ

ਕਨੇਡਾ ਅਤੇ ਭਾਰਤ ਦੇ ਆਪਿਸੀ ਸਬੰਧਾਂ ਵਿੱਚ ਬੀਤੀ 18 ਸਤੰਬਰ ਤੋਂ ਜੋ ਹਾਲਾਤ ਬਣੇ ਹੋਏ ਹਨ ਉਹ ਦੋਵਾਂ ਹੀ ਮੁਲਕਾਂ ਲਈ ਚੰਗੇ ਨਹੀਂ ਹਨ। ਦੋਵਾਂ ਮੁਲਕਾਂ ਵਿਚਲਾ ਟਰੇਡ ਮਿਸ਼ਨ ਸਮਾਪਤੀ ਵੱਲ ਮੋੜਾ ਕੱਟ ਗਿਆ। ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਮੁਲਕ ਦੀ ਪਾਰਲੀਮੈਂਟ ਵਿੱਚ ਖੜੇ ਹੋਕੇ ਕਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੋਣ ਦਾ ਦੋਸ਼ ਲਗਾਇਆ ਹੈ। ਵਰਨਣਯੋਗ ਹੈ ਕਿ ਸਰੀ ਸ਼ਹਿਰ ਵਿੱਚ ਸਥਿੱਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੂੰ 18 ਜੂਨ 2023 ਵਾਲੇ ਦਿਨ ਗੁਰਦੁਆਰੇ ਦੀ ਪਾਰਕਿੰਗ ਲਾਟ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਹਰਦੀਪ ਸਿੰਘ ਨਿੱਝਰ ਇੱਕ ਪ੍ਰਮੁੱਖ ਸਿੱਖ ਆਗੂ ਅਤੇ ਇੱਕ ਵੱਖਰੇ ਖਾਲਿਸਤਾਨੀ ਰਾਜ ਦਾ ਖੁੱਲਮਖੁੱਲਾ ਸਮਰਥਕ ਸੀ। ਉਸ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਉਹ ਆਪਣੀਆਂ ਸਰਗਰਮੀ ਕਾਰਨ ਪਹਿਲਾਂ ਵੀ ਧਮਕੀਆਂ ਦਾ ਸ਼ਿਕਾਰ ਰਿਹਾ ਸੀ। ਪਰ ਭਾਰਤ ਨੇ ਪਹਿਲਾਂ ਹੀ ਕਿਹਾ ਸੀ ਕਿ ਹਰਦੀਪ ਸਿੰਘ ਨਿੱਝਰ ਇੱਕ ਅੱਤਵਾਦੀ ਸੀ ਅਤੇ ਇੱਕ ਅੱਤਵਾਦੀ ਵੱਖਵਾਦੀ ਸਮੂਹ ਦੀ ਅਗਵਾਈ ਕਰਦਾ ਸੀ। ਪਰ ਜਸਟਿਨ ਟਰੂਡੋ ਨੇ ਕਿਹਾ, ਕਨੇਡੀਅਨ ਧਰਤੀ ਉੱਪਰ ਕਨੇਡੀਅਨ ਨਾਗਰਿਕ ਦੀ ਹੱਤਿਆ ਵਿੱਚ ਵਿਦੇਸ਼ੀ ਸਰਕਾਰ ਦੀ ਕੋਈ ਵੀ ਸ਼ਮੂਲੀਅਤ ਸਾਡੀ ਪ੍ਰਭੂਸੱਤਾ ਦੀ ਅਸਵੀਕਾਰਨ ਯੋਗ ਉਲੰਘਣਾ ਹੈ। ਕਨੇਡਾ ਸਰਕਾਰ ਦੀ ਸਹਿਯੋਗੀ ਪਾਰਟੀ ਐਨ ਡੀ ਪੀ ਲੀਡਰ ਜਗਮੀਤ ਸਿੰਘ ਅਤੇ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਲੀਡਰ ਪੀਅਰੇ ਪੋਲੀਵਰ ਦੇ ਬਿਆਨ ਵੀ ਹਰਦੀਪ ਨਿੱਝਰ ਦੇ ਕਤਲ ਦੀ ਜਾਂਚ ਲਈ ਬੋਲੇ ਹਨ। ਪਰ ਭਾਰਤ ਨੇ ਪਹਿਲਾਂ ਹੀ ਨਿੱਝਰ ਦੇ ਕਤਲ ਨਾਲ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਕਨੇਡਾ ਵਿੱਚ ਅਣਸੁਲਝੇ ਹੋਏ ਇਸ ਕਤਲ ਨੇ ਭਾਰਤ -ਕਨੇਡਾ ਸਬੰਧਾਂ ਵਿਚਲੀਆਂ ਨਾਲ ਦਰਾੜਾਂ ਨੂੰ ਹੋਰ ਵਧਾ ਦਿੱਤਾ ਹੈ। ਜਸਟਿਨ ਟਰੂਡੋ ਦੇ ਇਸ ਬਿਆਨ ਤੋਂ ਤੁਰੰਤ ਬਾਦ ਇੰਡੀਅਨ ਐਬੰਸੀ ਵਿੱਚ ਤਾਇਨਾਤ ਪਵਨ ਕੁਮਾਰ ਰਾਏ ਨੂੰ ਕਨੇਡਾ ਨੇ ਮੁਲਕ ਛੱਡ ਜਾਣ ਲਈ ਆਖ ਦਿੱਤਾ ਤਾਂ ਇਸ ਦੇ ਜੁਆਬ ਵਿੱਚ ਭਾਰਤ ਨੇ ਵੀ ਨਵੀਂ ਦਿੱਲੀ ਵਿਖੇ ਕਨੇਡੀਅਨ ਐਬੰਸੀ ਵਿੱਚ ਕੰਮ ਕਰਦੇ ਪਵਨ ਕੁਮਾਰ ਦੇ ਹਮ-ਰੁਤਬਾ ਮਿਸਟਰ ਓਲੀਵੀਅਰ ਸਿਲਵੈਸਟਰ ਨੂੰ ਪੰਜ ਦਿਨਾਂ ਦੇ ਅੰਦਰ ਅੰਦਰ ਭਾਰਤ ਛੱਡ ਜਾਣ ਦੇ ਹੁਕਮ ਸੁਣਾ ਦਿੱਤੇ ਹਨ ਅਤੇ ਨਾਲ ਹੀ ਕਨੇਡਾ ਉੱਪਰ ਦੋਸ ਲਗਾਉਂਦਿਆਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਸਬੂਤਾਂ ਦੇ ਆਧਾਰ ਉੱਪਰ ਗੱਲਬਾਤ ਕੀਤੀ ਜਾਂਦੀ ਪਰ ਟਰੂਡੋ ਦੇ ਪਾਰਲੀਮੈਂਟ ਅੰਦਰ ਦਿੱਤੇ ਬਿਆਨ ਬੇਤੁਕੇ ਅਤੇ ਬੇ-ਬੁਨਿਆਦ ਹਨ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਕਨੇਡਾ ਮੁਲਕ ਵਿੱਚ ਉਹਨਾਂ ਅੱਤਵਾਦੀਆਂ ਨੂੰ ਪਨਾਹ ਦਿੱਤੀ ਜਾ ਰਹੀ ਹੈ ਜੋ ਭਾਰਤ ਨੂੰ ਤੋੜਨਾ ਚਾਹੁੰਦੇ ਹਨ। ਜੇਕਰ ਭਾਰਤ ਕਨੇਡਾ ਦੇ ਸਬੰਧਾਂ ਦੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਇਹ 1984 ਤੋਂ ਲੈਕੇ ਇੱਕ ਦੂਜੇ ਉੱਪਰ ਇਲਜਾਮਾਂ ਦੀ ਲੜੀਆਂ ਵਿੱਚ ਹੀ ਉਲਝੇ ਹੋਏ ਹਨ। 1985 ਵਿੱਚ ਵਾਪਰੇ ਏਅਰ ਇੰਡੀਆ ਹਵਾਈ ਹਾਦਸੇ ਦੀ ਜਾਂਚ ਵੀ ਹਾਲੇ ਤੱਕ ਕਿਸੇ ਅਸਲ ਵਿੱਚ ਕਿਸੇ ਸਹੀ ਨਤੀਜੇ ਉੱਪਰ ਲੱਗੀ ਮੋਹਰ ਦੀ ਗਵਾਹੀ ਨਹੀਂ ਦਿੰਦੀ ਸਗੋਂ ਸ਼ੱਕ ਦੀਆਂ ਸੂਈਆਂ ਇਧਰ ਉੱਧਰ ਘੁੰਮਾਅ ਰਹੀ ਹੈ। 2018 ਵਿੱਚ ਕਨੇਡੀਅਨ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ ਵੀ ਵਿਵਾਦਾਂ ਵਿੱਚ ਹੀ ਘਿਰੀ ਰਹੀ ਪਰ ਹੁਣ ਬੀਤੇ ਦਿਨੀ ਭਾਰਤ ਵਿੱਚ ਜੀ-20 ਮੀਟਿੰਗ ਦੌਰਾਨ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਣਗੌਲਿਆਂ ਕਰਨਾ ਦੋਵਾਂ ਮੁਲਕਾਂ ਦੇ ਸਬੰਧਾਂ ਵਿਚਲੀਆਂ ਤਰੇੜਾਂ ਨੂੰ ਹੋਰ ਵਧਾ ਗਿਆ। ਜਸਟਿਨ ਟਰੂਡੋ ਦੇ ਬਿਆਨ ਨਾਲ ਸਿੱਖ ਭਾਈਚਾਰੇ ਅੰਦਰ ਉਹਨਾਂ ਦਾ ਮਾਣ ਸਤਿਕਾਰ ਵਧਿਆ ਹੈ ਪਰ ਚਿੰਤਾ ਇਸ ਗੱਲ ਦੀ ਵੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਜੇਕਰ ਕਨੇਡਾ ਵਸਦੇ ਹਿੰਦੂ ਭਾਈਚਾਰੇ ਵੱਲੋਂ ਭਾਰਤ ਦੇ ਹੱਕ ਵਿੱਚ ਕੋਈ ਬਿਆਨ -ਵਿਖਾਵਾ ਆ ਗਿਆ ਤਾਂ ਕਨੇਡਾ ਦੀ ਧਰਤੀ ਉੱਪਰ ਹਿੰਦੂ-ਸਿੱਖ ਦਾ ਆਪਸੀ ਵਖਰੇਵਾਂ ਵੀ ਹੋਰ ਫਿਰਕੂ ਰੰਗ ਵਿੱਚ ਰੰਗਿਆ ਨਜ਼ਰ ਆ ਸਕਦਾ ਹੈ,ਕਿਉਂਕਿ ਵੱਡੀ ਗਿਣਤੀ ਵਿੱਚ ਭਾਰਤੀ ਲੋਕ ਕਨੇਡਾ ਦੀ ਧਰਤੀ ਉੱਪਰ ਆ ਕੇ ਵਸੇ ਹਨ। ਖਾਸ ਕਰਕੇ ਬੀਤੇ ਸਾਲਾਂ ਦੌਰਾਨ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਅੰਤਰਰਾਸਟਰੀ ਵਿਦਿਆਰਥੀ ਕਨੇਡਾ ਪੁੱਜੇ ਹਨ। ਦੁਨੀਆਂ ਵਿੱਚ ਸਾਂਤੀ ਦੀ ਲੋੜ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਦੋਵਾਂ ਹੀ ਮੁਲਕਾਂ ਦੇ ਆਗੂਆਂ ਨੂੰ ਠਰੰਮੇ ਤੋਂ ਕੰਮ ਲੈਂਦਿਆਂ ਭਵਿੱਖ ਵਿੱਚ ਬਿਆਨਬਾਜ਼ੀ ਕਰਨੀ ਚਾਹੀਦੀ ਹੈ। ਜੇਕਰ ਕਨੇਡੀਅਨ ਜਾਂਚ ਏਜੰਸੀ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਭਾਰਤ ਤੋਂ ਕਿਸੇ ਸਹਿਯੋਗ ਦੀ ਮੰਗ ਕਰਦੀ ਹੈ ਤਾਂ ਭਾਰਤ ਨੂੰ ਇਸ ਸਬੰਧੀ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਦੋਵਾਂ ਮੁਲਕਾਂ ਦੇ ਆਪਿਸੀ ਸਬੰਧ ਮਜ਼ਬੂਤ ਹੋ ਸਕਨ।

ਭਾਰਤੀ ਆਰਥਿਕਤਾ 'ਚ ਹਾਸ਼ੀਏ 'ਤੇ ਆਮ ਆਦਮੀ

ਗੁਰਮੀਤ ਸਿੰਘ ਪਲਾਹੀ

ਭਾਰਤ ਦੇਸ਼ ਦਾ ਨਾਂਅ, ਜੀ-20 ਦੇ ਉਹਨਾਂ ਚਾਰ ਮੁਲਕਾਂ ਬ੍ਰਾਜੀਲ, ਮੈਕਸੀਕੋ, ਅਫ਼ਰੀਕਨ ਯੂਨੀਅਨ 'ਚ ਸ਼ਾਮਲ ਹੈ, ਜਿਥੋਂ ਦੇ ਲੋਕ ਭੁੱਖ-ਮਰੀ ਦੇ ਸ਼ਿਕਾਰ ਹਨ, ਜਿੱਥੇ ਨਾ-ਬਰਾਬਰੀ ਹੈ, ਜਿੱਥੇ ਸਮਾਜ ਵਿੱਚ ਆਰਥਿਕ ਪਾੜਾ ਅੰਤਾਂ ਦਾ ਹੈ। ਇਹਨਾਂ ਕਮਜ਼ੋਰ ਦੇਸ਼ਾਂ ਵਿੱਚੋਂ ਇਕ ਦੇਸ਼ ਬ੍ਰਾਜੀਲ ਹੁਣ 2024 ਦੇ ਸਿਖਰ ਸੰਮੇਲਨ ਦੀ ਅਗਵਾਈ ਕਰੇਗਾ। ਇਹ ਜੀ-20 ਸੰਸਥਾ ਹੁਣ 20 ਦੇਸ਼ਾਂ ਦੀ ਨਹੀਂ, ਯੂਰੋਪ, ਏਸ਼ੀਆ ਤੇ ਅਫ਼ਰੀਕਾ ਦੇ ਵੱਡੀ ਗਿਣਤੀ ਦੇਸ਼ਾਂ ਦੀ ਸੰਸਥਾ ਹੈ। ਅਫ਼ਰੀਕਨ ਯੂਨੀਅਨ ਇਸ ਵਾਰ ਇਸ ਸੰਸਥਾ 'ਚ ਸ਼ਾਮਲ ਕੀਤੀ ਗਈ ਹੈ, ਜਿਸ ਦੇ 55 ਅਫ਼ਰੀਕਨ ਮੁਲਕ ਮੈਂਬਰ ਹਨ। ਇਹ ਅਫ਼ਰੀਕਨ ਮੁਲਕ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਆਰਥਿਕ ਨਾ ਬਰਾਬਰੀ, ਵਿਦਿਅਕ ਅਤੇ ਸਨੱਅਤੀ ਪੱਛੜੇਪਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

" ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਵਧਦਾ ਹੈ ਤਾਂ ਫ਼ਾਇਦਾ ਕਿਸਨੂੰ ਹੁੰਦਾ ਹੈ, ਪ੍ਰਤੱਖ ਹੈ ਫ਼ਾਇਦਾ ਦੇਸ਼ ਦੇ ਸਿਖਰਲੇ ਅਮੀਰਾਂ ਨੂੰ ਹੁੰਦਾ ਹੈ।"

''ਭਾਰਤੀ ਹਾਕਮ'' ਜਦੋਂ ਦਾਅਵੇਦਾਰੀ ਕਰਦਾ ਹੈ ਕਿ ਦੇਸ਼ ਦਾ ਘਰੇਲੂ ਉਤਪਾਦਨ ਵਧ ਗਿਆ ਹੈ ਜਾਂ ਵਧ ਰਿਹਾ ਹੈ ਅਤੇ ਆਰਥਿਕ ਤੌਰ 'ਤੇ ਭਾਰਤ ਮਜ਼ਬੂਤ ਹੋ ਕੇ ਦੁਨੀਆ ਭਰ ਵਿੱਚ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਹੈ ਤਾਂ ਇਸਦਾ ਅਰਥ ਇਹ ਕਦਾਚਿਤ ਨਹੀਂ ਹੈ ਕਿ ਦੇਸ਼ ਦੇ ਲੋਕ ਖੁਸ਼ਹਾਲ ਹੋ ਗਏ ਹਨ, ਗਰੀਬੀ ਰੇਖਾ ਵਿੱਚੋਂ ਬਾਹਰ ਨਿਕਲ ਆਏ ਹਨ। ਸਗੋਂ ਅਸਲੀ ਗੱਲ ਤਾਂ ਇਹ ਹੈ ਕਿ ਭਾਰਤ ਦੇ ਗਰੀਬਾਂ ਦੀ ਆਮਦਨ 'ਚ ਕੋਈ ਸੁਧਾਰ ਨਹੀਂ ਆਇਆ।

80 ਕਰੋੜ ਲੋਕਾਂ ਨੂੰ ਸਰਕਾਰੀ ਅੰਕੜਿਆਂ ਅਨੁਸਾਰ ਹਰ ਮਹੀਨੇ ਸਰਕਾਰੀ ਖਾਤੇ ਵਿੱਚੋਂ ਕਣਕ, ਚਾਵਲ ਮੁਫ਼ਤ ਮੁਹੱਈਆ ਕੀਤੀ ਜਾ ਰਹੀ ਹੈ।" ਦੀ ਨੈਸ਼ਨਲ ਫੂਡ ਸਕਿਉਰਿਟੀ ਐਕਟ 2013 ਭਾਵ ਸਭ ਲਈ ਭੋਜਨ ਐਕਟ ਭਾਰਤ ਦੀ ਕੁੱਲ 140 ਕਰੋੜ ਆਬਾਦੀ ਦੀ ਦੋ ਤਿਹਾਈ ਆਬਾਦੀ ਲਈ 12 ਸਤੰਬਰ 2013 ਨੂੰ ਪਾਰਲੀਮੈਂਟ 'ਚ ਪਾਸ ਹੋਇਆ ਤੇ ਦੇਸ਼ ਭਰ 'ਚ ਲਾਗੂ ਹੋਇਆ।

ਅੰਕੜੇ ਵਿਚਾਰੋ, ਭਾਰਤ ਦੀ ਕੁਲ ਆਬਾਦੀ ਹੈ, 2022 ਅਨੁਸਾਰ 141 ਕਰੋੜ ਤੋਂ ਥੋੜ੍ਹੀ ਵੱਧ ਹੈ। ਜਿਹਨਾਂ ਵਿੱਚ ਅਤਿ ਦੇ ਗਰੀਬ ਤਿੰਨ ਫ਼ੀਸਦੀ ਹਨ, ਉਹਨਾਂ ਵਿੱਚੋਂ 0.9 ਫ਼ੀਸਦੀ (2020 ਦੇ ਅੰਕੜਿਆਂ ਅਨੁਸਾਰ) ਪ੍ਰਤੀ ਜੀਅ 1.9 ਡਾਲਰ ਭਾਵ 150 ਰੁਪਏ ਹੀ ਕਮਾਉਂਦੇ ਹਨ। ਕੁਲ ਆਬਾਦੀ ਦੇ 18.2 ਫ਼ੀਸਦੀ ਦੀ ਔਸਤ ਆਮਦਨ 3.2 ਡਾਲਰ 256 ਰੁਪਏ ਅਤੇ 3.3 ਫ਼ੀਸਦੀ ਦੀ ਔਸਤ ਆਮਦਨ 6.85 ਡਾਲਰ ਭਾਵ 550 ਰੁਪਏ ਰੋਜ਼ਾਨਾ ਤੋਂ ਘੱਟ ਹੈ। ਇਸ ਨਿਗੂਣੀ ਆਮਦਨ 'ਚ ਦੇਸ਼ ਦੀ ਵੱਡੀ ਗਿਣਤੀ ਕਿਵੇਂ ਗੁਜ਼ਾਰਾ ਕਰਦੀ ਹੈ? ਇਹ ਪ੍ਰਤੱਖ ਹੈ।

ਅਸਲ ਵਿੱਚ ਭਾਰਤ 'ਚ ਅਮੀਰ-ਗਰੀਬ ਦਾ ਪਾੜਾ ਵੱਡਾ ਹੈ, ਦੇਸ਼ ਦੀ ਉਪਰਲੀ ਇਕ ਫ਼ੀਸਦੀ ਅਮੀਰ ਆਬਾਦੀ ਕੋਲ ਦੇਸ਼ ਦੀ ਕੁਲ ਧਨ ਦੌਲਤ ਦੀ 58 ਫ਼ੀਸਦੀ ਮਾਲਕੀ ਹੈ, ਦੇਸ਼ ਦੀ ਉਪਰਲੀ 10 ਫ਼ੀਸਦੀ ਆਬਾਦੀ ਕੋਲ ਸੰਪਤੀ ਦੀ 80 ਫ਼ੀਸਦੀ ਮਾਲਕੀ ਹੈ। ਅਮੀਰ ਦੀ ਦੌਲਤ 'ਚ ਸਰਕਾਰ ਦੀਆਂ ਧੰਨ ਕੁਬੇਰਾਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਅਤੇ ਨਿੱਜੀਕਰਨ ਦੀ ਪਾਲਿਸੀ ਕਾਰਨ ਧੰਨ ਦੇ ਅੰਬਾਰ ਲੱਗ ਰਹੇ ਹਨ। ਕਰੋਨਾ ਕਾਲ (2020) 'ਚ ਤਾਂ ਅਮੀਰਾਂ ਅਤੇ ਖਰਬਪਤੀਆਂ ਦੀ ਗਿਣਤੀ ਬੇਹਿਸਾਬੀ ਵਧੀ ਤੇ ਗਰੀਬ ਹੋਰ ਗਰੀਬ ਹੋਏ।

ਦੇਸ਼ ਦੇ ਇਹੋ ਜਿਹੋ ਹਾਲਾਤਾਂ ਦੇ ਮੱਦੇਨਜ਼ਰ ਅਮਰੀਕਾ ਦੇ ਰਿਸਰਚ ਸੈਂਟਰ ਪੀ. ਈ. ਡਵਲਯੂ (ਪੀਊ) ਵੱਲੋਂ ਕੀਤਾ ਗਿਆ ਇਕ ਸਰਵੇ ਅੰਦਰਲਾ ਸੱਚ ਪੇਸ਼ ਕਰਦਾ ਹੈ ਕਿ ਹਾਲੀਆ ਸਾਲਾਂ ਦੌਰਾਨ ਭਾਰਤ ਦੀ ਤਾਕਤ ਜਾਂ ਅਸਰ ਰਸੂਖ ਵਿੱਚ ਕੋਈ ਵਾਧਾ ਨਹੀਂ ਹੋਇਆ, ਭਾਵੇਂ ਕਿ ਦੇਸ਼ ਦੇ ਹੁਕਮਰਾਨ, ਸਰਕਾਰ ਦੇ ਹਰ ਵਕਤ ਪੱਬਾਂ ਭਾਰ ਰਹਿਣ ਅਤੇ ਇਸਦੇ ਮੰਤਰੀਆਂ ਦੀ ਬਿਹਤਰੀਨ ਊਰਜਾ ਸ਼ੋਰ ਸ਼ਰਾਬੇ ਨੂੰ ਵਧਾਉਂਦੀ ਰਹਿਣ ਕਰਕੇ ਭਰਮ ਪੈਦਾ ਕਰ ਸਕਦੀ ਹੈ ਅਤੇ ਦੇਸ਼ ਨੂੰ ਦੁਨੀਆ ਦਾ ਨੰਬਰ ਇੱਕ ਦੇਸ਼ ਬਨਾਉਣ ਦੇ ਦਾਅਵੇ ਕਰਦੀ ਹੈ।

ਦੇਖਣ ਸਮਝਣ ਵਾਲੀ ਗੱਲ ਇਹ ਹੈ ਕਿ ਆਲਮੀ ਵਿਕਾਸ ਵਿੱਚ ਤੀਜਾ ਸਭ ਤੋਂ ਵੱਧ ਯੋਗਦਾਨ ਪਾਉਣ ਦਾ ਦਾਅਵਾ ਕਰਨ ਵਾਲੇ ਦੇਸ਼ ਭਾਰਤ ਦਾ ਇਸ ਸਾਲ ਹੁਣ ਤੱਕ ਵੀ ਸਿੱਧਾ ਨਿਵੇਸ਼ ਕਿਉਂ ਸੁੰਗੜ ਗਿਆ ਹੈ? ਦੇਸ਼ ਦਾ 2022 ਵਿੱਚ ਵਿਦੇਸ਼ੀ ਪੋਰਟਫੋਲਿਓ ਨਿਵੇਸ਼ ਘੱਟ ਗਿਆ ਸੀ ਅਤੇ 2023 ਵਿੱਚ ਇਸ ਨੂੰ ਮੋੜਾ ਪਿਆ ਸੀ।

ਭਾਰਤ ਕੋਲ "ਮੁਕਤ ਵਪਾਰ" ਸਮਝੌਤਿਆਂ ਦੇ ਐਲਾਨਾਂ ਤੋਂ ਬਿਨਾਂ ਪੱਲੇ ਕੁੱਝ ਵੀ ਨਹੀਂ ਹੈ। ਜੀ-20 ਸੰਮੇਲਨ ਇਸ ਦੀ ਉਦਾਹਰਨ ਹੈ, ਇਸ ਦੌਰਾਨ ਭਾਰਤ ਮੱਧ-ਪੂਰਬ ਤੇ ਯੂਰਪ ਤੱਕ ਆਰਥਿਕ ਗਲਿਆਰਾ ਬਣਾਉਣ ਦੀ ਜੋ ਸਹਿਮਤੀ ਬਣੀ ਹੈ, ਉਸ ਅਨੁਸਾਰ ਯੂਰਪ ਤੋਂ ਮੱਧ ਪੂਰਬ ਦੇ ਦੇਸ਼ਾਂ ਵਿੱਚ ਮਾਲ ਭੇਜਣਾ ਤੇ ਮੰਗਵਾਉਣਾ ਤੈਅ ਹੋਇਆ ਹੈ। ਜਿਸ ਨਾਲ ਵਪਾਰਕ ਹਿੱਤਾਂ ਨੂੰ ਹੁਲਾਰਾ ਮਿਲੇਗਾ। ਪਰ ਕੀ ਇਹ ਸੁਪਨਾ ਸਾਰਥਿਕ ਹੋ ਸਕੇਗਾ? ਕਿਉਂਕਿ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ, ਅਫਗਾਨਿਸਤਾਨ ਜੀ-20 ਦੇ ਮੈਂਬਰ ਨਹੀਂ। ਤਾਂ ਫਿਰ ਹੁਲਾਰਾ ਕਿਵੇਂ ਮਿਲੇਗਾ?

ਭਾਰਤ ਜੀ-20 ਸੰਮੇਲਨ ਦੀ ਸਫ਼ਲਤਾ ਉੱਤੇ ਪ੍ਰਸੰਨ ਹੈ।ਕੱਛਾਂ ਵਜਾ ਰਿਹਾ ਹੈ। ਪਰ ਵੇਖਣ ਵਾਲੀ ਗੱਲ ਤਾਂ ਇਹ ਹੋਏਗੀ ਕਿ ਭਾਰਤ ਇਸ ਵਪਾਰਕ ਸਹਿਮਤੀ ਵਿੱਚੋਂ ਖੱਟੇਗਾ ਕੀ? ਇਸ ਦਾ ਲਾਹਾ ਤਾਂ ਦੇਸ਼ ਦੇ ਕਾਰਪੋਰੇਟ ਤੇ ਧੰਨਕੁਬੇਰ ਲੈ ਜਾਣਗੇ, ਆਮ ਲੋਕਾਂ ਪੱਲੇ ਕੁਝ ਨਹੀਂ ਪਵੇਗਾ। ਉਹਨਾ ਦੀ ਆਰਥਿਕ ਹਾਲਤ ਨਹੀਂ ਸੁਧਰੇਗੀ।

ਜੀ-20 ਸੰਮੇਲਨ ਦੀ ਸਫ਼ਲਤਾ ਦੀਆਂ ਨਰੇਂਦਰ ਮੋਦੀ ਸਰਕਾਰ ਖੁਸ਼ੀਆਂ ਮਨਾ ਰਹੀ ਹੈ। ਕੇਂਦਰੀ ਕੈਬਨਿਟ ਵੱਲੋਂ ਨਰੇਂਦਰ ਮੋਦੀ ਨੂੰ ਵਧਾਈ ਦਿੱਤੀ ਜਾ ਰਹੀ ਹੈ। ਜੀ-20 ਦੀ ਸਫ਼ਲਤਾ ਲਈ ਭਾਜਪਾ ਵੱਲੋਂ ਸ਼ਲਾਘਾ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪ੍ਰਸੰਨ ਹਨ। ਜੀ-20 ਸੰਮੇਲਨ ਦੀ ਪ੍ਰਾਹੁਣਾਚਾਰੀ 'ਤੇ ਦੇਸ਼ ਭਾਰਤ ਦੇ ਲੋਕਾਂ ਤੋਂ ਉਗਰਾਹੇ ਟੈਕਸ ਵਿੱਚੋਂ 4100 ਕਰੋੜ ਰੁਪਏ ਖਰਚੇ ਗਏ ਹਨ। ਜਦਕਿ ਬਜਟ ਵਿੱਚ ਸਿਰਫ਼ ਇਸ ਸੰਮੇਲਨ ਲਈ 990 ਕਰੋੜ ਰੱਖੇ ਗਏ ਹਨ। ਇਸ ਵੱਡੇ ਖ਼ਰਚ ਨਾਲ ਆਮ ਆਦਮੀ ਦੇ ਪੱਲੇ ਕੀ ਪਿਆ?

ਭਾਰਤ ਦੇਸ਼ ਦਾ ਨਾਂਅ, ਜੀ-20 ਦੇ ਉਹਨਾਂ ਚਾਰ ਮੁਲਕਾਂ ਬ੍ਰਾਜੀਲ, ਮੈਕਸੀਕੋ, ਅਫ਼ਰੀਕਨ ਯੂਨੀਅਨ 'ਚ ਸ਼ਾਮਲ ਹੈ, ਜਿਥੋਂ ਦੇ ਲੋਕ ਭੁੱਖ-ਮਰੀ ਦੇ ਸ਼ਿਕਾਰ ਹਨ, ਜਿੱਥੇ ਨਾ-ਬਰਾਬਰੀ ਹੈ, ਜਿੱਥੇ ਸਮਾਜ ਵਿੱਚ ਆਰਥਿਕ ਪਾੜਾ ਅੰਤਾਂ ਦਾ ਹੈ। ਇਹਨਾਂ ਕਮਜ਼ੋਰ ਦੇਸ਼ਾਂ ਵਿੱਚੋਂ ਇਕ ਦੇਸ਼ ਬ੍ਰਾਜੀਲ ਹੁਣ 2024 ਦੇ ਸਿਖਰ ਸੰਮੇਲਨ ਦੀ ਅਗਵਾਈ ਕਰੇਗਾ। ਇਹ ਜੀ-20 ਸੰਸਥਾ ਹੁਣ 20 ਦੇਸ਼ਾਂ ਦੀ ਨਹੀਂ, ਯੂਰੋਪ, ਏਸ਼ੀਆ ਤੇ ਅਫ਼ਰੀਕਾ ਦੇ ਵੱਡੀ ਗਿਣਤੀ ਦੇਸ਼ਾਂ ਦੀ ਸੰਸਥਾ ਹੈ। ਅਫ਼ਰੀਕਨ ਯੂਨੀਅਨ ਇਸ ਵਾਰ ਇਸ ਸੰਸਥਾ 'ਚ ਸ਼ਾਮਲ ਕੀਤੀ ਗਈ ਹੈ, ਜਿਸ ਦੇ 55 ਅਫ਼ਰੀਕਨ ਮੁਲਕ ਮੈਂਬਰ ਹਨ। ਇਹ ਅਫ਼ਰੀਕਨ ਮੁਲਕ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਆਰਥਿਕ ਨਾ ਬਰਾਬਰੀ, ਵਿਦਿਅਕ ਅਤੇ ਸਨੱਅਤੀ ਪੱਛੜੇਪਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨ ਰਹੇ ਭਾਰਤ ਨੇ ਇਹਨਾਂ ਮੁੱਦਿਆਂ 'ਤੇ ਜੀ-20 'ਚ ਕੋਈ ਗੱਲ ਤੱਕ ਨਹੀਂ ਕੀਤੀ, ਇਸ ਕਿਸਮ ਦਾ ਆਮ ਆਦਮੀ ਦਾ ਕੋਈ ਮੁੱਦਾ ਨਹੀਂ ਉਭਾਰਿਆ। ਸਗੋਂ ਅਮੀਰ-ਪ੍ਰਹੁਣਾਚਾਰੀ ਨਾਲ ਦੇਸ਼ ਦੀ ਹਾਲਤ ਢਕਣ ਦਾ ਕੰਮ ਕੀਤਾ।

ਜੀ-20 ਸੰਮੇਲਨ ਦੌਰਾਨ ਊਰਜਾ ਤੇ ਨਵੇਂ ਸ੍ਰੋਤਾਂ ਨੂੰ ਉਤਸ਼ਾਹਤ ਕਰਨ ਅਤੇ 2030 ਤੱਕ ਕੋਲੇ ਉੱਤੇ ਨਿਰਭਰਤਾ ਖ਼ਤਮ ਕਰਨ ਲਈ ਕਿਹਾ ਗਿਆ ਤਾਂ ਕਿ ਪ੍ਰਦੂਸ਼ਨ ਰੋਕ ਕੇ ਸਾਫ਼ ਸੁਥਰੇ ਵਾਤਾਵਰਨ ਦੀ ਉਸਾਰੀ ਹੋ ਸਕੇ। ਇਸ ਸੰਮੇਲਨ ਦਾ ਮੁੱਖ ਮੰਤਵ "ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ ਸੀ", ਜਿਸ ਤਹਿਤ ਭੋਜਨ ਸੁਰੱਖਿਆ, ਵਾਤਾਵਰਨ ਅਤੇ ਊਰਜਾ ਨੇ ਵਿਕਾਸ, ਸਿਹਤ ਅਤੇ ਡਿਜ਼ੀਟੀਲਾਈਜੇਸ਼ਨ ਜਿਹੇ ਮੁੱਦੇ ਵਿਚਾਰੇ ਗਏ।

ਵਿਕਾਸਸ਼ੀਲ ਦੇਸ਼ ਜਪਾਨ, ਆਸਟ੍ਰੇਲੀਆ, ਕੈਨੇਡਾ, ਫਰਾਂਸ, ਜਰਮਨੀ, ਇੰਡੋਨੇਸ਼ੀਆ, ਇਟਲੀ, ਮੈਕਸੀਕੋ, ਭਾਰਤ, ਰਿਬਪਲਿਕ ਆਫ ਕੋਰੀਆ, ਸਾਊਦੀ ਅਰਬ, ਸਾਊਥ ਅਫ਼ਰੀਕਾ, ਯੂ.ਕੇ., ਅਮਰੀਕਾ, ਯੂਰਪੀਅਨ ਤੋਂ ਬਿਨਾਂ ਬੰਗਲਾਦੇਸ਼, ਯੂਏਈ, ਨੀਂਦਰਲੈਂਡ, ਨਾਈਜੀਰੀਆ ਆਦਿ ਨੂੰ ਇਸ ਸੰਮੇਲਨ ਦਾ ਹਿੱਸਾ ਬਣਾਇਆ ਗਿਆ। ਸੰਮੇਲਨ 'ਚ 10 ਤੋਂ ਵੱਧ ਅੰਤਰਰਾਸ਼ਟਰੀ ਸੰਸਥਾਵਾਂ ਡਬਲਯੂ, ਐੱਚ.ਓ., ਵਰਲਡ ਬੈਂਕ ਆਦਿ ਨੇ ਹਿੱਸਾ ਲਿਆ।

ਇਸ ਸੰਮੇਲਨ 'ਚ ਵੱਡੇ ਮੁੱਦੇ ਵਿਚਾਰੇ ਗਏ, ਪਰ ਇਸ ਸੰਮੇਲਨ 'ਚ ਆਮ ਆਦਮੀ ਤਾਂ ਗਾਇਬ ਹੀ ਸੀ, ਉਸ ਦੇ ਮੁੱਦੇ ਵੀ ਗਾਇਬ ਸਨ। ਉਸਦੀ ਆਰਥਿਕ ਹਾਲਤ ਉਤੇ ਚਿੰਤਨ ਨਹੀਂ ਕੀਤਾ ਗਿਆ।

ਜਿਵੇਂ ਕਿ ਭਾਰਤ ਨੂੰ ਜੀ-20 ਸੰਮੇਲਨ 'ਚ ਮੌਕਾ ਸੀ, ਕਿਉਂਕਿ ਇਸ ਵੇਰ ਭਾਰਤ ਜੀ-20 ਸੰਮੇਲਨ ਦਾ ਪ੍ਰਧਾਨ ਸੀ, ਪ੍ਰਾਹੁਣਚਾਰੀ ਵੀ ਉਸ ਕੋਲ ਸੀ ਤਾਂ ਭਾਰਤ ਅਤੇ ਇਸ ਵਰਗੇ ਹੋਰ ਕਮਜ਼ੋਰ, ਗਰੀਬ ਦੇਸ਼ਾਂ ਦੇ ਮਸਲਿਆਂ ਨੂੰ ਅੰਤਰਰਾਸ਼ਟਰੀ ਮੰਚ ਉੱਤੇ ਸਾਂਝਾ ਕੀਤਾ ਜਾ ਸਕਦਾ ਸੀ। ਅਮਰੀਕਾ ਵਰਗਾ ''ਥਾਣੇਦਾਰ ਦੇਸ਼" ਜਿਸਨੂੰ ਦੁਨੀਆ ਭਰ 'ਚ ਧੌਂਸ ਜਮਾਉਣ ਵਾਲੇ ਖੌਰੂ ਪਾਊ ਦੇਸ਼ ਵਜੋਂ ਜਾਣਿਆ ਜਾਂਦਾ ਹੈ, ਉਸ ਅੱਗੇ ਸ਼ੀਸ਼ਾ ਦਿਖਾਉਣਾ ਬਣਦਾ ਸੀ ਤਾਂ ਕਿ ਪਤਾ ਲਗਦਾ ਕਿ ਉਹ ਸਮੁੱਚੇ ਜਗਤ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰਨ ਵਾਲਾ ਦੇਸ਼ ਹੈ, ਜਿਸਦਾ ਖਮਿਆਜਾ ਗਰੀਬ ਜਾਂ ਕੁੱਝ ਤਰੱਕੀ ਕਰ ਰਹੇ ਦੇਸ਼ ਭੁਗਤਦੇ ਹਨ। ਮੰਗ ਹੋਣੀ ਚਾਹੀਦੀ ਸੀ ਕਿ ਅਮਰੀਕਾ ਇਸਦਾ ਇਵਜ਼ਾਨਾ ਦੇਵੇ।

ਅਫਰੀਕਨ ਯੂਨੀਅਨ ਨੂੰ ਭਾਰਤ ਦੀ ਪਹਿਲਕਦਮੀ 'ਤੇ ਜੀ-20 'ਚ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿੱਚ 55 ਦੇਸ਼ ਹਨ ਅਤੇ ਬਹੁਤ ਗਰੀਬ ਹਨ ਜੇਕਰ ਭਾਰਤ ਆਪਣੀਆਂ ਅਤੇ ਆਪਣੇ ਵਰਗੇ ਹੋਰ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਸਰਦੇ-ਪੁਜਦੇ ਦੇਸ਼ਾਂ ਸਾਹਮਣੇ ਰੱਖਦਾ, ਬੇਰੁਜ਼ਗਾਰੀ, ਭੁੱਖਮਰੀ ਵਰਗੀਆਂ ਅਲਾਮਤਾਂ ਅਤੇ ਸਿੱਖਿਆ, ਸਿਹਤ ਲਈ ਨਵੇਂ ਪ੍ਰੋਜੈਕਟਾਂ ਤੇ ਉਹਨਾਂ 'ਚ ਵਿਕਸਤ ਦੇਸ਼ਾਂ ਦੀ ਸਾਂਝ ਭਿਆਲੀ ਦੀ ਗੱਲ ਕਰਦਾ ਤਾਂ ਸਮਝਿਆ ਜਾਂਦਾ ਕਿ ਆਮ ਆਦਮੀ ਜੀ-20 ਵਿੱਚ ਵੀ ਸ਼ਾਮਿਲ ਸੀ।

ਜਦੋਂ ਭਾਰਤ ਆਪਣੀ ਆਰਥਿਤ ਤਰੱਕੀ ਦੀਆਂ ਗੱਲਾਂ ਵੱਡੇ ਪੱਧਰ 'ਤੇ ਕਰਦਾ ਹੈ ਤਾਂ ਕੁੱਝ ਕੁ ਦਰਜਨ ਚੋਣਵੇਂ ਮੁਲਕਾਂ ਦੇ ਲੋਕ ਭਾਰਤ ਬਾਰੇ ਨੇਕ ਖਿਆਲ ਰੱਖਦੇ ਹਨ। ਪਰ ਅਜਿਹੇ ਲੋਕਾਂ ਦੀ ਜਿੰਨੀ ਗਿਣਤੀ ਪਹਿਲਾਂ ਸਮਿਆਂ 'ਚ ਸੀ, ਉਹ ਘਟ ਗਈ ਹੈ। ਉਸਦਾ ਇਕ ਕਾਰਨ ਨਰੇਂਦਰ ਮੋਦੀ ਦੇ ਅਕਸ ਨੂੰ ਦੇਸ਼ ਦੇ ਅਕਸ ਨਾਲੋਂ ਵੱਧ ਉਭਾਰਨਾ ਵੀ ਹੈ।

ਭਾਰਤ ਵਿਕਾਸਸ਼ੀਲ ਦੇਸ਼ ਹੈ। ਇਸਦੀ ਆਰਥਿਕਤਾ, ਹੇਠਲੇ-ਨਿਮਨ ਮੱਧ-ਸ਼੍ਰੇਣੀ ਵਰਗ 'ਚ ਸ਼ਾਮਲ ਹੈ। ਇਸਦਾ ਉਦਯੋਗ ਅੱਗੇ ਵੱਧ ਰਿਹਾ ਹੈ। ਬਿਨ੍ਹਾਂ ਸ਼ੱਕ ਖੇਤੀ-ਪ੍ਰਧਾਨ ਦੇਸ਼ ਭਾਰਤ ਦੀ ਵੱਡੀ ਗਿਣਤੀ ਆਬਾਦੀ ਦਾ ਮੁੱਖ ਕਿੱਤਾ ਖੇਤੀ ਹੈ ਅਤੇ ਦੇਸ਼ ਦੀ 67 ਫੀਸਦੀ ਆਬਾਦੀ ਪਿੰਡਾਂ 'ਚ ਵਸਦੀ ਹੈ। ਦੇਸ਼ ਦੀ ਆਰਥਿਕਤਾ ਦਾ ਧੁਰਾ ਵੀ ਖੇਤੀ ਹੈ। ਪਰ ਪਿਛਲੇ ਦਹਾਕਿਆਂ 'ਚ ਆਮ ਆਦਮੀ ਦੇ ਪਾਲਨਹਾਰ ਖੇਤੀ ਕਿੱਤੇ ਨੂੰ ਹਾਕਮਾਂ ਵਲੋਂ ਤਰਜੀਹ ਦੇਣਾ ਬੰਦ ਕਰਨ ਕਾਰਨ, ਇਸ ਆਰਥਿਕਤਾ ਦੀ ਮੁੱਢ ਖੇਤੀ ਨੂੰ ਸਿਉਂਕ, ਸੋਕਾ ਲੱਗਣ ਲੱਗਾ ਹੈ। ਸਿੱਟਾ ਆਮ ਆਦਮੀ ਦੀ ਆਰਥਿਕਤਾ ਡਗਮਗਾਉਣ ਲੱਗੀ ਹੈ।

ਲੋਕ ਖੇਤੀ ਛੱਡ ਕੇ ਹੋਰ ਕਿੱਤਿਆਂ ਵੱਲ ਆਉਣ ਲੱਗੇ ਹਨ। ਮੌਜੂਦਾ ਹਾਕਮ ਵੀ ਸਾਜ਼ਿਸ਼ਨ ਕਿਸਾਨਾਂ ਤੇ ਆਮ ਲੋਕਾਂ ਨੂੰ ਖੇਤੀ ਤੋਂ ਵੱਖ ਕਰਕੇ ਜ਼ਮੀਨ ਕਾਰਪੋਰੇਟਾਂ ਹੱਥ ਫੜਾਕੇ ਆਪਣਾ ਮੰਤਵ ਸਾਧਣਾਂ ਚਾਹੁੰਦੇ ਹਨ। ਹਾਕਮਾਂ ਵਲੋਂ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਉਦਯੋਗ ਸਥਾਪਿਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਵਿਸ਼ਵ ਦੇ ਵਿਕਸਤ ਮੁਲਕਾਂ ਦੀਆਂ ਕੰਪਨੀਆਂ ਭਾਰਤ ਵਰਗੀ ਮੰਡੀ 'ਚ ਵਪਾਰ ਕਰਨ ਵੱਲ ਸੇਧਿਤ ਹਨ। ਇਹਨਾ ਕੰਪਨੀਆਂ ਦਾ ਆਮ ਆਦਮੀ ਨਾਲ ਕੋਈ ਸਰੋਕਾਰ ਨਹੀਂ ਹੋ ਸਕਦਾ, ਕਿਉਂਕਿ ਮੁਨਾਫਾ ਕਮਾਉਣਾ ਹੀ ਉਹਨਾ ਦਾ ਮੁੱਖ ਮੰਤਵ ਹੁੰਦਾ ਹੈ। ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਹਿੰਗਾਈ, ਬੇਰੁਜ਼ਗਾਰੀ, ਭੈੜੇ ਸਿੱਖਿਆ ਅਤੇ ਸਿਹਤ ਪ੍ਰਬੰਧ ਵਿੱਚ ਆਮ ਆਦਮੀ ਸਬੰਧੀ ਹਾਕਮ ਧਿਰ ਦੀ ਭੂਮਿਕਾ ਕੀ ਹੈ? ਕੀ ਦੇਸ਼ 'ਚ ਉਸ ਲਈ ਸਮਾਜਿਕ ਸੁਰੱਖਿਆ ਹੈ? ਦਹਾਕਿਆਂ ਤੋਂ ਹੀ ਖ਼ਾਸ ਕਰਕੇ ਪਿਛਲੇ ਦਹਾਕੇ ਤੋਂ ਆਮ ਆਦਮੀ ਨੂੰ ਰੁਜ਼ਗਾਰ ਦੇਣ ਦੀ ਥਾਂ ਛੋਟੀਆਂ-ਮੋਟੀਆਂ ਸਹੂਲਤਾਂ, ਮੁਫ਼ਤ ਭੋਜਨ, ਤੁੱਛ ਸਬਸਿਡੀਆਂ ਦੇ ਕੇ ਵਿਹਲੜ ਬਨਣ ਵੱਲ ਤੋਰਿਆ ਜਾ ਰਿਹਾ ਹੈ। ਰੁਜ਼ਗਾਰ ਨਹੀਂ ਹੋਏਗਾ ਤਾਂ ਆਮ ਆਦਮੀ ਆਰਥਿਕ ਤਰੱਕੀ ਕਿਵੇਂ ਕਰੇਗਾ? ਉਸਦੀ ਆਰਥਿਕਤਾ ਕਿਵੇਂ ਸੁਧਰੇਗੀ?

ਸਿੱਕੇ ਦੇ ਫੈਲਾਅ ਕਾਰਨ, ਵਧਦੀ ਮਹਿੰਗਾਈ ਦੇ ਮੱਦੇਨਜ਼ਰ ਆਮ ਆਦਮੀ ਦੀ ਜੇਬ ਤਾਂ ਖਾਲੀ ਹੀ ਹੈ, ਬਟੂਆ ਵੀ ਖਾਲੀ ਰਹਿੰਦਾ ਹੈ। ਕਾਮਿਆਂ ਦੀਆਂ ਤਨਖਾਹਾਂ ਵੱਧ ਨਹੀਂ ਰਹੀਆਂ। ਮਗਨਰੇਗਾ ਸਕੀਮ 'ਚ ਮਿਲਦੀ ਮਜ਼ਦੂਰਾਂ ਦੀ ਦਿਹਾੜੀ ਉਸਦਾ ਅਤੇ ਉਸਦੇ ਟੱਬਰ ਦਾ ਪਾਲਣ-ਪੋਸ਼ਣ ਕਰ ਨਹੀਂ ਰਹੀ। ਉਸਨੂੰ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਕਰਜ਼ਾ ਚੁੱਕਣਾ ਪੈ ਰਿਹਾ ਹੈ। ਵਿੱਤੀ ਸਾਲ 2023 ਦੇ ਅੱਧ ਤੱਕ ਇੱਕ ਪਰਾਪਤ ਰਿਪੋਰਟ ਅਨੁਸਾਰ ਪਿਛਲੇ 30 ਸਾਲਾਂ 'ਚ ਇਹ ਪਹਿਲਾ ਸਮਾਂ ਹੈ ਜਦੋਂ ਆਮ ਆਦਮੀ ਘੱਟ ਤੋਂ ਘੱਟ ਬੱਚਤ ਕਰ ਸਕਿਆ ਹੈ। ਸਿੱਟਾ ਆਰਥਿਕ ਤੰਗੀ ਕਾਰਨ ਉਸਦੀ ਮਾਨਸਿਕ ਤਕਲੀਫ ਅਤੇ ਮਾੜੀ ਸਿਹਤ 'ਚ ਨਿਕਲ ਰਿਹਾ ਹੈ।

" ਅੱਛੇ ਦਿਨਾਂ " ਦੀ ਆਸ 'ਚ, ਹਾਸ਼ੀਏ 'ਤੇ ਪਹੁੰਚੇ ਭਾਰਤੀ ਨਾਗਰਿਕਾਂ ਦੀਆਂ ਆਸਾਂ, 'ਮਨ ਕੀ ਬਾਤ' ਦੇ ਭਰਮ ਭਰੇ ਜਾਲ 'ਚ ਫਸੀਆਂ ਕਰਾਹ ਰਹੀਆਂ ਨਜ਼ਰ ਆ ਰਹੀਆਂ ਹਨ। ਪੇਂਡੂ ਇਲਾਕਿਆਂ ਵਿੱਚ ਰਹਿੰਦੇ 20 ਫੀਸਦੀ ਲੋਕਾਂ ਨੂੰ 7.2 ਫੀਸਦੀ ਨੋਟ ਪਸਾਰੇ ਅਤੇ ਸ਼ਹਿਰੀ ਇਲਾਕਿਆਂ ਵਿੱਚ 7.6 ਫੀਸਦੀ ਨੋਟ ਕਾਰਨ ਅੰਤਾਂ ਦੀ ਮਹਿੰਗਾਈ ਨੇ ਹਾਲੋਂ ਬੇਹਾਲ ਕੀਤਾ ਹੋਇਆ ਹੈ।

ਕੀ ਵੱਡੇ ਸੰਮੇਲਨ, ਵੱਡੇ ਵਾਇਦੇ, ਆਮ ਆਦਮੀ ਦੀ ਆਰਥਿਕ ਸਥਿਤੀ ਸੁਧਾਰ ਸਕਦੇ ਹਨ? ਨੋਟਬੰਦੀ ਦਾ ਭੈੜਾ ਪ੍ਰਭਾਵ, ਆਮ ਆਦਮੀ ਤੇ ਵੱਧ ਪਿਆ। ਕਰੋਨਾ ਕਾਲ 'ਚ ਜੇਕਰ ਕੋਈ ਸਭ ਤੋਂ ਵੱਧ ਆਰਥਿਕ ਤੌਰ 'ਤੇ ਲੁਟਕਿਆ ਤਾਂ ਆਮ ਆਦਮੀ ਸੀ, ਜਿਸ 'ਚ ਕਰੋੜਾਂ ਲੋਕ ਨੌਕਰੀਆਂ ਗੁਆ ਬੈਠੇ ਤੇ ਗਰੀਬੀ ਰੇਖਾ ਤੋਂ ਨੀਵੇਂ ਚਲੇ ਗਏ।

ਕੈਨੇਡਾ ਦੇ ਭਾਰਤ ਨਾਲ ਰਿਸ਼ਤਿਆਂ ਵਿੱਚ ਆਈ ਦਰਾੜ ਕਿੱਧਰ ਨੂੰ ?

ਫੈਡਰਲ ਟ੍ਰੇਡ ਮਨਿਸਟਰ ਮੇਰੀ ਇੰਗ ਨੇ ਪਿਛਲੇ ਹਫ਼ਤੇ ਭਾਰਤ ਨਾਲ ਵਪਰਕ ਰਿਸ਼ਤਿਆਂ ਸੰਬੰਧੀ ਹੋਣ ਵਾਲੀ ਮੀਟਿੰਗ ਅਣਮਿੱਥੇ ਸਮੇਂ ਲਈ ਰੱਦ ਕਰ ਦੇਣ ਦਾ ਐਲਾਨ ਕੀਤਾ ਗਿਆ ਤਾਂ ਇਸ ਗੱਲਬਾਤ ਦੇ ਰੁਕ ਜਾਣ ਦਾ ਸਭ ਤੋਂ ਵੱਧ ਸੇਕ ਝੱਲਣ ਵਾਲੇ ਸੂਬੇ ਸੈਸਕੈਚੇਵਾਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਪ੍ਰਧਾਨ ਮੰਤਰੀ ਦੀ ਖਿਚਾਈ ਕਰ ਦਿੱਤੀ। ਉਹਨਾਂ ਦਾ ਦੋਸ਼ ਹੈ ਕਿ ਸੂਬੇ ਨੂੰ ਭਰੋਸੇ ਵਿੱਚ ਲਏ ਬਿਨਾਂ ਹੀ ਫੈਡਰਲ ਸਰਕਾਰ ਨੇ ਇਹ ਫੈਸਲਾ ਲਿਆ ਹੈ ਤੇ ਇਸ ਦਾ ਨੁਕਸਾਨ ਸਿੱਧੇ ਸਿੱਧੇ ਸੈਸਕੈਚੇਵਾਨ ਨੂੰ ਹੋਣਾ ਹੈ। ਸੈਸਕੈਚੇਵਾਨ ਦੇ ਟ੍ਰੇਡ ਮਨਿਸਟਰ ਜੈਰੇਮੀ ਹੈਰਿਸਨ ਨੇ ਫੈਡਰਲ ਸਰਕਾਰ ਨੂੰ ਲਿਖੀ ਚਿੱਠੀ ਵਿੱਚ ਦੋਸ਼ ਲਗਾਇਆ ਹੈ ਕਿ ਕੈਨੇਡਾ ਵਿਚਲੀ ਆਪਣੀ ਪਾਰਟੀ ਦੇ (ਰਾਜਨੀਤਕ) ਫਾਇਦੇ ਵਾਸਤੇ ਜਸਟਿਨ ਟਰੂਡੋ ਨੇ ਭਾਰਤ ਵਰਗੀ ਵੱਡੀ ਇਕੌਨੋਮੀ ਨਾਲ ਪੰਗਾ ਲੈ ਲਿਆ ਹੈ ਤੇ ਉਹਨਾਂ ਦੇ ਸੂਬੇ ਦੇ ਵੱਡੇ ਵਪਾਰਕ ਹਿਤਾਂ ਦੀ ਬਲੀ ਦੇ ਦਿੱਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸੂਬੇ ਨੂੰ ਭਰੋਸੇ ਵਿੱਚ ਵੀ ਨਹੀਂ ਲਿਆ ਗਿਆ ਤੇ ਅਜੇ ਤੱਕ ਇਹ ਵਪਰਕ ਗੱਲਬਾਤ ਨੂੰ ਰੋਕੇ ਜਾਣ ਦਾ ਕਾਰਨ ਵੀ ਨਹੀਂ ਦੱਸਿਆ ਗਿਆ ਹੈ।

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਜੀ-20 ਦੇਸ਼ਾਂ ਦੇ ਸਿਖ਼ਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਭਾਰਤ ਗਏ ਸਨ ਪਰ ਉਹਨਾਂ ਦਾ ਜਿਸ 'ਠੰਡਕ' ਨਾਲ ਸਵਾਗਤ ਕੀਤਾ ਗਿਆ ਤੇ ਜਿਸ ਤਰ੍ਹਾਂ ਉਹਨਾਂ ਨੂੰ ਭਾਰਤ ਵੱਲੋਂ 'ਸਾਇਡ-ਲਾਇਨ' ਕੀਤਾ ਗਿਆ, ਉਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਕੈਨੇਡਾ ਦੀ ਹੇਠੀ ਹੋਈ ਹੈ।

ਭਾਰਤ ਦਾ ਦੋਸ਼ ਹੈ ਕਿ ਕੈਨੇਡਾ ਵਿੱਚ ਖਾਲਿਸਤਾਨੀਆਂ ਨੂੰ ਭਾਰਤ ਵਿਰੁੱਧ ਭੰਡੀ ਪ੍ਰਚਾਰ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਜਿਸ ਦਿਨ ਸਿਖ਼ਰ ਸੰਮੇਲਨ ਚੱਲ ਰਿਹਾ ਸੀ, ਉਸ ਦਿਨ ਅਮੈਰਿਕਾ ਤੋਂ ਆਏ ਗੁਰਪਤਵੰਤ ਪੰਨੂ ਨੇ ਸਰੇਆਮ ਨਾ ਕੇਵਲ ਭਾਰਤ ਨੂੰ ਤੋੜਣ ਦੀ ਧਮਕੀ ਦਿੱਤੀ ਸਗੋਂ ਭਾਰਤ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਵੀ ਧਮਕੀਆਂ ਦਿੱਤੀਆਂ। ਭਾਰਤ ਦੀ ਅਜ਼ਾਦੀ ਦੀ ਵਰ੍ਹੇਗੰਢ ਮੌਕੇ –ਟੈਰੀ– ਵਿੱਚ ਇੱਕ ਫਲੋਟ ਉੱਪਰ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰਨ ਦੀ ਘਟਨਾ ਦਾ ਦ੍ਰਿਸ਼ ਪੇਸ਼ ਕਰਨ ਦਾ ਮਾਮਲਾ ਵੀ ਭਾਰਤ ਵੱਲੋਂ ਚੁੱਕਿਆ ਗਿਆ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਬੋਲਣ ਦੀ ਆਜ਼ਾਦੀ ਦੇ ਨਾਮ ਉੱਤੇ ਹਿੰਸਾ ਦਾ ਸੁਨੇਹਾ, ਸ਼ਾਂਤੀ ਪੂਰਵਕ ਆਪਣੀ ਗੱਲ ਕਰਨ ਦਾ ਢੰਗ ਕਿਵੇਂ ਹੋ ਸਕਦਾ ਹੈ, ਜਾਂ ਭਾਰਤ ਦੇ ਟੋਟੇ ਕਰਨ ਅਤੇ ਇਸ ਦੇ ਆਗੂਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਸ਼ਾਂਤੀ ਪੂਰਵਕ ਗੱਲ ਕਰਨ ਦੀ ਆਜ਼ਾਦੀ ਕਿਵੇਂ ਹੋ ਸਕਦੀ ਹੈ। ਪਿਛਲੇ ਦਿਨਾਂ ਵਿੱਚ ਖਾਲਿਸਤਾਨੀਆਂ ਵੱਲੋਂ ਥਾਂ-ਥਾਂ 'ਤੇ ਲਗਾਏ ਗਏ ਪੋਸਟਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਕੀਤੇ ਗਏ ਉਸ ਭੰਡੀ ਪ੍ਰਚਾਰ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਰਾਹੀਂ ਭਾਰਤੀ ਸਿਫਾਰਤਖਾਨੇ ਦੇ ਅਧਿਕਾਰੀਆਂ ਨੂੰ ਕਾਤਲ ਗ਼ਰਦਾਨਿਆ ਗਿਆ ਸੀ।

ਸਾਲ 2018 ਵਿੱਚ ਵੀ ਭਾਰਤ ਦੌਰੇ 'ਤੇ ਗਏ ਪ੍ਰਧਾਨ ਮੰਤਰੀ ਟਰੂਡੋ ਦਾ ਦੌਰਾ ਬੇਹੱਦ ਫ਼ਲੌਪ ਰਿਹਾ ਸੀ ਤੇ ਉਹਨਾਂ ਵੱਲੋਂ ਪਹਿਨੇ ਕੱਪੜੇ ਹੀ ਚਰਚਾ ਦਾ ਵਿਸ਼ਾ ਬਣੇ ਰਹੇ ਸਨ। ਇਸ ਵਾਰ ਖਾਲਿਸਤਾਨੀਆਂ ਦੇ ਮੁੱਦੇ 'ਤੇ ਭਾਰਤ ਨੇ ਕੈਨੇਡਾ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ। ਨਵੀਂ ਦਿੱਲੀ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਾਲ ਹੋਈ ਆਪਣੀ ਸੰਖੇਪ ਮਿਲਣੀ ਵਿੱਚ ਪ੍ਰਧਾਨ ਮੰਤਰੀ ਟਰੂਡੋ ਨੇ ਭਾਰਤ ਸਮੇਤ ਵੱਖ ਵੱਖ ਦੇਸ਼ਾਂ ਵੱਲੋਂ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲੰਦਾਜ਼ੀ ਦਾ ਮੁੱਦਾ ਚੁੱਕਿਆ ਤੇ ਕਿਹਾ ਕਿ ਕੈਨੇਡੀਅਨ ਲੋਕਾਂ ਨੂੰ ਆਪਣੇ ਵਿਚਾਰਾਂ ਦੀ ਖੁੱਲ੍ਹ ਦੀ ਆਗਿਆ ਹੈ। ਭਾਰਤ ਨਾਲ ਕੈਨੇਡਾ ਦੇ ਵਪਾਰਕ ਰਿਸ਼ਤਿਆਂ ਵਿੱਚ ਆਈ ਖੜੋਤ ਕੈਨੇਡਾ ਦੇ ਹਿੱਤਾਂ ਵਿੱਚ ਨਹੀਂ ਹੈ। ਭਾਰਤ ਨਾਲ ਹੋਣ ਵਾਲੇ ਕੈਨੇਡਾ ਦੇ ਵਪਾਰ ਵਿੱਚ ਇੱਕ ਤਿਹਾਈ ਹਿੱਸਾ ਸੈਸਕੈਚੇਵਾਨ ਦਾ ਹੈ ਤੇ ਉਸ ਨੂੰ ਇਸ ਗੱਲ ਦਾ ਤੌਖਲਾ ਹੈ ਕਿ ਵਪਾਰਕ ਗੱਲਬਾਤ ਰੋਕਣ ਤੋਂ ਪਹਿਲਾਂ ਉਸ ਨਾਲ ਗੱਲਬਾਤ ਕਿਉਂ ਨਹੀਂ ਕੀਤੀ ਗਈ ਤੇ ਅੱਜ ਤੱਕ ਇਸ ਦਾ ਕਾਰਨ ਵੀ ਨਹੀਂ ਦੱਸਿਆ ਗਿਆ ਹੈ। ਉੱਧਰ ਭਾਰਤ ਨੇ ਜਿਸ ਢੰਗ ਨਾਲ ਜੀ-20 ਦੀ ਸਫ਼ਲਤਾ ਦਾ ਢੋਲ ਵਜਾਇਆ ਹੈ, ਉਸ ਨਾਲ ਉਸ ਨੂੰ ਵੱਡੇ ਵਪਾਰਕ ਲਾਭ ਮਿਲਣ ਦੀ ਸੰਭਾਵਨਾ ਬਣ ਗਈ ਹੈ ਪਰ ਉਸ ਵਿੱਚੋਂ ਕੈਨੇਡਾ ਮਨਫੀ ਹੋ ਗਿਆ ਹੈ। ਚੀਨ ਨਾਲ ਪਹਿਲਾਂ ਦੀ ਕੈਨੇਡਾ ਦੇ ਰਿਸ਼ਤੇ ਤਿੜਕ ਚੁੱਕੇ ਹਨ ਤੇ ਏਸ਼ੀਆ ਵਿੱਚ ਸਭ ਤੋਂ ਵੱਡੀ ਮਾਰਕਿਟ ਦੇ ਰੂਪ ਵਿੱਚ ਭਾਰਤ ਨਾਲ ਰਿਸ਼ਿਤਆਂ ਦੀ ਤਿੜਕਣ ਕੈਨੇਡਾ ਵਾਸਤੇ ਚੰਗੀ ਨਹੀਂ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।

Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com

Edmonton
Parminder Singh Balluana
780-258-5800
780 599 2000
Email:
balluana.parminder@gmail.com

Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com

Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਪਟਵਾਰੀਆਂ ਅਤੇ ਸਰਕਾਰ ਦਾ ਟਕਰਾਓ ਪੰਜਾਬ ਲਈ ਮੰਦਭਾਗਾ

ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੰਜਾਬ ਵਿੱਚ ਪਟਵਾਰੀਆਂ ਅਤੇ ਮੁੱਖ ਮੰਤਰੀ ਦਾ ਸਵਾਲ ਜਵਾਬ ਸ਼ਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਮੁੱਖ ਮੰਤਰੀ ਦਾ ਸਟੇਟਸ ਬਹੁਤ ਉਚਾ ਹੁੰਦਾ ਹੈ। ਉਨ੍ਹਾਂ ਨੂੰ ਪਟਵਾਰੀਆਂ ਨਾਲ ਸਵਾਲ ਜਵਾਬ ਵਿੱਚ ਪਇਣਾ ਸ਼ੋਭਾ ਨਹੀਂ ਦਿੰਦਾ। ਪਟਵਾਰੀਆਂ ਨਾਲ ਸਵਾਲ ਜਵਾਬ ਤਾਂ ਮਾਲ ਮੰਤਰੀ ਨੂੰ ਵੀ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਦਾ ਵਾਹ ਵਾਸਤਾ ਤਾਂ ਡਿਪਟੀ ਕਮਿਸ਼ਨਰਾਂ ਨਾਲ ਹੁੰਦਾ ਹੈ। ਸਰਕਾਰ ਨੂੰ ਪਟਵਾਰੀਆਂ ਨਾਲ ਗੱਲਬਾਤ ਕਰਨ ਲਈ ਵਿਤ ਕਮਿਸ਼ਨਰ ਮਾਲ ਵਿਭਾਗ ਨੂੰ ਕਹਿਣਾ ਚਾਹੀਦਾ। ਅਧਿਕਾਰੀਆਂ ਦਾ ਕੰਮ ਮੁੱਖ ਮੰਤਰੀ ਕਿਉਂ ਕਰਨ? ਮੁੱਖ ਮੰਤਰੀ ਕੋਲ ਤਾਂ ਰਾਜ ਪੱਧਰ ਦੀਆਂ ਬਹੁਤ ਮਹੱਤਵਪੂਰਨ ਜ਼ਿੰਮੇਵਾਰੀਆਂ ਹੁੰਦੀਆਂ ਹਨ। ਸਮਾਜ ਵਿੱਚ ਹਰ ਤਰ੍ਹਾਂ ਦੇ ਲੋਕ ਹੁੰਦੇ ਹਨ। ਕਦੀਂ ਵੀ ਕਿਸੇ ਵਰਗ ਦੇ ਸਾਰੇ ਲੋਕ ਇਮਾਨਦਾਰ ਅਤੇ ਸਾਰੇ ਭਰਿਸ਼ਟ ਨਹੀਂ ਹੁੰਦੇ। ਮੁੱਠੀ ਭਰ ਲੋਕ ਸਾਰੇ ਵਰਗ ਨੂੰ ਬਦਨਾਮੀ ਦਾ ਖਿਤਾਬ ਦਿੰਦੇ ਹਨ। ਪੰਜਾਬ ਵਿੱਚ ਪਟਵਾਰੀਆਂ ਬਾਰੇ ਇਕ ਪ੍ਰਭਾਵ ਪਾਇਆ ਜਾਂਦਾ ਹੈ ਕਿ ਉਹ ਭਰਿਸ਼ਟ ਹੁੰਦੇ ਹਨ। ਚੰਦ ਕੁ ਪਟਵਾਰੀ ਸਾਰਿਆਂ ਨੂੰ ਬਦਨਾਮ ਕਰਦੇ ਹਨ। ਪਟਵਾਰੀ ਲੋਕਾਂ ਅਤੇ ਸਰਕਾਰ ਦਰਮਿਆਨ ਕੜੀ ਦਾ ਕੰਮ ਕਰਦੇ ਹਨ। ਪੰਜਾਬ ਸਰਕਾਰ ਅਤੇ ਪਟਵਾਰੀਆਂ ਵਿੱਚ ਟਕਰਾਓ ਦੀ ਸਥਿਤੀ ਬਣੀ ਹੋਈ ਹੈ। ਪਟਵਾਰੀ ਪੰਜਾਬ ਸਰਕਾਰ ਦੇ ਮੁਲਾਜ਼ਮ ਹਨ। ਮੁਲਾਜ਼ਮਾ ਅਤੇ ਸਰਕਾਰ ਦਾ ਟਕਰਾਓ ਚੰਗਾ ਨਹੀਂ ਗਿਣਿਆਂ ਜਾਂਦਾ। ਟਕਰਾਓ ਨਾਲ ਰਾਜ ਦੇ ਵਾਤਾਵਰਨ ਅਤੇ ਵਿਕਾਸ ਵਿੱਚ ਰੁਕਾਵਟ ਪੈਂਦੀ ਹੈ। ਮੁਲਾਜ਼ਮਾ ਅਤੇ ਸਰਕਾਰ ਦੇ ਸੰਬੰਧ ਸਦਭਾਵਨਾ ਵਾਲੇ ਹੋਣੇ ਚਾਹੀਦੇ ਹਨ। ਸਰਕਾਰ ਅਤੇ ਮੁਲਾਜ਼ਮਾ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ। ਮੁਲਾਜ਼ਮਾ ਅਤੇ ਸਰਕਾਰ ਦਾ ਨਹੁੰ ਮਾਸ ਦਾ ਸੰਬੰਧ ਹੁੰਦਾ ਹੈ। ਪਰਤਾਪ ਸਿੰਘ ਕੈਰੋਂ ਨੂੰ ਵਿਕਾਸ ਪੁਰਸ਼ ਦੇ ਨਾਮ 'ਤੇ ਜਾਣਿਆਂ ਜਾਂਦਾ ਹੈ ਪ੍ਰੰਤੂ ਜਦੋਂ ਪੰਜਾਬ ਵਿੱਚ ਪਟਵਾਰੀਆਂ ਦੀ ਹੜਤਾਲ ਇਕ ਸਾਲ ਚੱਲਦੀ ਰਹੀ ਤਾਂ ਉਸ ਟਕਰਾਓ ਨੂੰ ਖ਼ਤਮ ਕਰਨ ਲਈ ਪਰਤਾਪ ਸਿੰਘ ਕੈਰੋਂ ਖੁਦ ਅਧਿਕਾਰੀਆਂ ਨਾਲ ਚਲ ਕੇ ਪੰਜਾਬ ਪਟਵਾਰ ਯੂਨੀਅਨ ਦੇ ਪ੍ਰਧਾਨ ਧਰਮਿੰਦਰ ਸਿੰਘ ਚੌਹਾਨ ਦੇ ਘਰ ਜਾ ਕੇ ਸਮਝੌਤਾ ਕਰਕੇ ਆਏ ਸਨ। ਭਰਿਸ਼ਟਾਚਾਰ ਬੰਦ ਕਰਨਾ ਚੰਗੀ ਗੱਲ ਹੈ। ਜੇ ਸਰਕਾਰ ਪਟਵਾਰੀਆਂ ਦਾ ਭਰਿਸ਼ਟਾਚਾਰ ਬੰਦ ਕਰਨਾ ਚਾਹੁੰਦੀ ਹੈ ਤਾਂ ਵਗਾਰਾਂ ਲੈਣੀਆਂ ਬੰਦ ਕਰਨੀਆਂ ਅਤੇ ਸਰਕਲਾਂ ਅਤੇ ਪਟਵਾਰੀਆਂ ਦੀ ਗਿਣਤੀ ਵਧਾਉਣੀ ਪਵੇਗੀ। ਜਦੋਂ ਕੋਈ ਵੀ.ਆਈ.ਪੀ. ਦੌਰਿਆਂ ਤੇ ਜਾਂਦੇ ਹਨ ਤਾਂ ਸਾਰਾ ਖਰਚਾ ਮਾਲ ਵਿਭਾਗ ਕਰਦਾ ਹੈ। ਅਖ਼ੀਰ ਪਟਵਾਰਿਆਂ ਦੀ ਡਿਊਟੀ ਲੱਗਦੀ ਹੈ।

ਪਟਵਾਰੀ ਤੇ ਵੱਟਬਾਰੀ

ਪਟਵਾਰੀ ਪ੍ਰਣਾਲੀ ਭਾਰਤ ਵਿੱਚ ਬਹੁਤ ਪੁਰਾਣੀ ਹੈ। 16ਵੀਂ ਸਦੀ ਵਿੱਚ ਸ਼ੇਰ ਸ਼ਾਹ ਸੂਰੀ ਨੇ ਇਹ ਪ੍ਰਣਾਲੀ ਸ਼ੁਰੂ ਕੀਤੀ ਸੀ। ਕੁਝ ਲੋਕ ਇਸ ਪ੍ਰਣਾਲੀ ਦੀ ਸ਼ੁਰੂਆਤ ਅਲਾਓਦੀਨ ਖ਼ਿਲਜ਼ੀ ਦੇ ਸਮੇਂ ਤੋਂ ਕਹਿ ਰਹੇ ਹਨ। ਅਕਬਰ ਬਾਦਸ਼ਾਹ ਦੇ ਮੌਕੇ ਉਸ ਦੇ ਮਾਲ ਮੰਤਰੀ ਟੋਡਰ ਮੱਲ ਨੇ ਜ਼ਮੀਨਾ ਦੀ ਮਿਣਤੀ ਦਾ ਕੰਮ ਸ਼ੁਰੂ ਕਰਵਾਇਆ। ਬ੍ਰਿਟਿਸ਼ ਰਾਜ ਵਿੱਚ ਈਸਟ ਇੰਡੀਆ ਕੰਪਨੀ ਨੇ ਇਸ ਪ੍ਰਣਾਲੀ ਦੇ ਨਿਯਮਾ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਕੇ ਇਸ ਦੇ ਕੰਮ ਕਾਜ਼ ਨੂੰ ਹੋਰ ਸੁਚਾਰੂ ਬਣਾਇਆ ਗਿਆ। ਉਸ ਸਮੇਂ ਪਟਵਾਰੀਆਂ ਨੂੰ ਵੱਟਬਾਰੀ ਕਿਹਾ ਜਾਂਦਾ ਸੀ। ਕਿਸਾਨਾਂ ਦੀ ਫ਼ਸਲ ਦਾ ਰਾਜੇ ਮਹਾਰਾਜੇ ਤੀਜਾ ਹਿੱਸਾ ਵੱਟਿਆਂ ਨਾਲ ਤੋਲ ਕੇ ਆਪ ਟੈਕਸ ਦੇ ਤੌਰ 'ਤੇ ਲੈਂਦੇ ਸਨ। ਦੋ ਹਿੱਸੇ ਕਿਸਾਨ ਰੱਖਦਾ ਸੀ। ਫਿਰ ਰਾਜੇ ਮਹਾਰਾਜੇ ਵੱਟਬਾਰੀ ਨੂੰ ਫ਼ਸਲਾਂ ਦੀ ਪੈਦਾਵਾਰ ਮਿਹਨਤਾਨੇ ਦੇ ਰੂਪ ਵਿੱਚ ਦਿੰਦੇ ਸਨ। ਵੱਟਿਆਂ ਨਾਲ ਫਸਲਾਂ ਦੀ ਵੰਡ ਕਰਨ ਕਰਕੇ ਇਨ੍ਹਾਂ ਨੂੰ ਵੱਟਬਾਰੀ ਕਿਹਾ ਜਾਂਦਾ ਸੀ। ਸਮੇਂ ਵਿੱਚ ਤਬਦੀਲੀ ਆਉਣ ਨਾਲ ਵੱਟਬਾਰੀਆਂ ਦੀ ਤਨਖ਼ਾਹ ਨਿਸਚਤ ਹੋ ਗਈ ਤੇ ਵੱਟਿਆਂ ਨਾਲ ਤੋਲ ਕੇ ਫ਼ਸਲ ਵਿੱਚੋਂ ਹਿੱਸਾ ਲੈਣ ਦਾ ਕੰਮ ਖ਼ਤਮ ਹੋ ਗਿਆ ਤੇ ਫਿਰ ਇਨ੍ਹਾਂ ਦਾ ਨਾਮ ਪਟਵਾਰੀ ਪੈ ਗਿਆ। ਪਹਿਲਾਂ ਪਟਵਾਰੀਆਂ ਨੂੰ ਵੀ ਫਸਲਾਂ ਦੀ ਪੈਦਾਵਾਰ ਵਿੱਚੋਂ ਹੀ ਮਿਹਨਤਾਨੇ ਦੇ ਤੌਰ 'ਤੇ ਦਿੱਤੀਆਂ ਜਾਂਦੀਆਂ ਸਨ। ਇਹ ਨਾਮ ਕਦੋਂ ਬਣਿਆਂ? ਇਸ ਬਾਰੇ ਅਧਿਕਾਰਤ ਜਾਣਕਾਰੀ ਉਪਲਭਧ ਨਹੀਂ ਹੈ।

ਮੋਹਨ ਸਿੰਘ ਪਟਵਾਰੀ ਦੇ ਦੱਸਣ ਅਨੁਸਾਰ ਧਰਮਿੰਦਰ ਸਿੰਘ ਚੌਹਾਨ ਨੇ ਆਪਣੀ ਪਟਵਾਰੀਆਂ ਦੀ ਟੀਮ ਨਾਲ ਕੈਰੋਂ ਪਿੰਡ ਘੇਰ ਲਿਆ ਤੇ ਭੁੱਖ ਹੜਤਾਲ ਕਰ ਦਿੱਤੀ ਸੀ। ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੀ ਮਾਤਾ ਨੇ ਇਹ ਭੁੱਖ ਹੜਤਾਲ ਖ਼ਤਮ ਕਰਵਾਕੇ ਪਟਵਾਰੀਆਂ ਨੂੰ ਖਾਣਾ ਖਿਲਾਇਆ ਅਤੇ 500 ਰੁਪਏ ਦੀ ਥੈਲੀ ਦਿੱਤੀ ਸੀ। ਧਰਮਿੰਦਰ ਸਿੰਘ ਚੌਹਾਨ ਨੇ ਵਾਪਸ ਦਿੱਲੀ ਜਾ ਕੇ ਉਦੋਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਪੰਜਾਬ ਦੇ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਸ਼ਿਕਾਇਤ ਲਗਾਈ ਕਿ ਪੰਜਾਬ ਸਰਕਾਰ ਨੇ ਬਾਕੀ ਕਰਮਚਾਰੀਆਂ ਨੂੰ ਪੈਨਸ਼ਨ ਲਗਾਈ ਹੈ ਪ੍ਰੰਤੂ ਪਟਵਾਰੀਆਂ ਨੂੰ ਅਣਡਿਠ ਕਰ ਦਿੱਤਾ ਹੈ।

ਪਟਵਾਰ ਯੂਨੀਅਨ ਕਦੋਂ ਬਣੀ

1929 ਵਿੱਚ ਰੈਵਨਿਊ ਪਟਵਾਰ ਯੂਨੀਅਨ ਦੀ ਸਥਾਪਨਾ ਹੋਈ ਸੀ। ਇਸ ਦਾ ਭਾਵ ਹੈ ਕਿ 1929 ਤੋਂ ਪਹਿਲਾਂ ਹੀ ਵੱਟਬਾਰੀ ਨੂੰ ਪਟਵਾਰੀ ਕਹਿਣ ਲੱਗੇ ਹੋਣਗੇ। ਮੋਹਨ ਸਿੰਘ ਪਟਵਾਰੀ ਸਾਬਕਾ ਪ੍ਰਧਾਨ ਪਟਵਾਰ ਅਤੇ ਕਨੂੰਨਗੋ ਯੂਨੀਅਨ ਦੇ ਦੱਸਣ ਅਨੁਸਾਰ ਅੱਲਾ ਬਖ਼ਸ਼ ਪੰਜਾਬ ਪਟਵਾਰ ਯੂਨੀਅਨ ਦੇ ਪਹਿਲੇ ਪ੍ਰਧਾਨ ਸਨ। ਉਸ ਸਮੇਂ ਇਸ ਪਟਵਾਰ ਯੂਨੀਅਨ ਦੀ ਰਜਿਸਟਰੇਸ਼ਨ ਰਾਵਲਪਿੰਡੀ ਵਿਖੇ ਹੋਈ ਸੀ। ਇਸ ਸਮੇਂ ਪਾਕਿਸਤਾਨ ਵਿੱਚ ਵੀ ਪਟਵਾਰ ਯੂਨੀਅਨ ਬਣੀ ਹੋਈ ਹੈ, ਜਿਸ ਦੇ ਪ੍ਰਧਾਨ ਸ਼ਮੀਰ ਗੋਰਾਇਆ ਹਨ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ 1949 ਵਿੱਚ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਪੈਨਸ਼ਨ ਦੇਣ ਦਾ ਫ਼ੈਸਲਾ ਕਰ ਦਿੱਤਾ ਪ੍ਰੰਤੂ ਪਟਵਾਰੀਆਂ ਨੂੰ ਸ਼ਾਮਲ ਨਹੀਂ ਕੀਤਾ। ਪਰਤਾਪ ਸਿੰਘ ਕੈਰੋਂ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਸਨ। ਉਸ ਸਮੇਂ 1957 ਵਿੱਚ ਪੈਨਸ਼ਨ ਲੈਣ ਲਈ ਸਾਂਝੇ ਪੰਜਾਬ ਦੇ 7-8000 ਪਟਵਾਰੀਆਂ ਨੇ ਹੜਤਾਲ ਕਰ ਦਿੱਤੀ। ਉਹ ਹੜਤਾਲ ਲਗਪਗ ਇਕ ਸਾਲ ਚੱਲੀ। ਉਸ ਸਮੇਂ ਪਟਵਾਰ ਯੂਨੀਅਨ ਦੇ ਪ੍ਰਧਾਨ ਫਰੀਦਾਬਾਦ ਜਿਲ੍ਹੇ ਦੇ ਪਿੰਡ ਮਟਰੌਲ ਦੇ ਧਰਮਿੰਦਰ ਸਿੰਘ ਚੌਹਾਨ ਸਨ। ਇਸ ਸਮੇਂ ਇਹ ਪਿੰਡ ਹਰਿਆਣਾ ਦੇ ਪਲਵਲ ਜਿਲ੍ਹੇ ਵਿੱਚ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਦੋਂ ਪਰਤਾਪ ਸਿੰਘ ਕੈਰੋਂ ਨੇ ਪਟਵਾਰੀ ਜੇਲ੍ਹਾਂ ਵਿੱਚ ਡੱਕ ਦਿੱਤੇ ਤੇ ਨੌਕਰੀ ਵਿੱਚੋਂ ਬਰਖਾਸਤ ਕਰ ਦਿੱਤੇ ਸਨ। ਮੋਹਨ ਸਿੰਘ ਪਟਵਾਰੀ ਦੇ ਦੱਸਣ ਅਨੁਸਾਰ ਧਰਮਿੰਦਰ ਸਿੰਘ ਚੌਹਾਨ ਨੇ ਆਪਣੀ ਪਟਵਾਰੀਆਂ ਦੀ ਟੀਮ ਨਾਲ ਕੈਰੋਂ ਪਿੰਡ ਘੇਰ ਲਿਆ ਤੇ ਭੁੱਖ ਹੜਤਾਲ ਕਰ ਦਿੱਤੀ ਸੀ। ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੀ ਮਾਤਾ ਨੇ ਇਹ ਭੁੱਖ ਹੜਤਾਲ ਖ਼ਤਮ ਕਰਵਾਕੇ ਪਟਵਾਰੀਆਂ ਨੂੰ ਖਾਣਾ ਖਿਲਾਇਆ ਅਤੇ 500 ਰੁਪਏ ਦੀ ਥੈਲੀ ਦਿੱਤੀ ਸੀ। ਧਰਮਿੰਦਰ ਸਿੰਘ ਚੌਹਾਨ ਨੇ ਵਾਪਸ ਦਿੱਲੀ ਜਾ ਕੇ ਉਦੋਂ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲ ਕੇ ਪੰਜਾਬ ਦੇ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਸ਼ਿਕਾਇਤ ਲਗਾਈ ਕਿ ਪੰਜਾਬ ਸਰਕਾਰ ਨੇ ਬਾਕੀ ਕਰਮਚਾਰੀਆਂ ਨੂੰ ਪੈਨਸ਼ਨ ਲਗਾਈ ਹੈ ਪ੍ਰੰਤੂ ਪਟਵਾਰੀਆਂ ਨੂੰ ਅਣਡਿਠ ਕਰ ਦਿੱਤਾ ਹੈ। ਪੰਡਤ ਜਵਾਹਰ ਲਾਲ ਨਹਿਰੂ ਨੇ ਪਰਤਾਪ ਸਿੰਘ ਕੈਰੋਂ ਨੂੰ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਕਿਹਾ। ਪਰਤਾਪ ਸਿੰਘ ਕੈਰੋਂ ਦਿੱਲੀ ਤੋਂ ਹੀ ਅਧਿਕਾਰੀਆਂ ਨੂੰ ਨਾਲ ਲੈ ਕੇ ਧਰਮਿੰਦਰ ਸਿੰਘ ਚੌਹਾਨ ਦੇ ਪਿੰਡ ਮਟਰੌਲ ਪਹੁੰਚ ਗਏ। ਮੁੱਖ ਮੰਤਰੀ ਨੇ ਹੜਤਾਲ ਖ਼ਤਮ ਕਰਨ ਲਈ ਧਰਮਿੰਦਰ ਸਿੰਘ ਚੌਹਾਨ ਨੂੰ ਤਹਿਸੀਲਦਾਰ ਬਣਾਉਣ ਦੀ ਪੇਸ਼ਕਸ਼ ਅਤੇ ਹੋਰ ਕਈ ਲਾਲਚ ਦੇਣ ਦੀ ਕੋਸ਼ਿਸ਼ ਕੀਤੀ। ਧਰਮਿੰਦਰ ਸਿੰਘ ਚੌਹਾਨ ਨੇ ਤਹਿਸੀਲਦਾਰ ਬਣਨ ਤੋਂ ਇਨਕਾਰ ਕਰਦਿਆਂ ਪਟਵਾਰੀਆਂ ਦੀਆਂ ਮੰਗਾ ਮੰਨਣ ਲਈ ਤਾਕੀਦ ਕੀਤੀ। ਫਿਰ ਮੁੱਖ ਮੰਤਰੀ ਨੇ ਮਟਰੌਲ ਪਿੰਡ ਲਈ ਗ੍ਰਾਂਟਾਂ ਦੀ ਝੜੀ ਲਾ ਦਿੱਤੀ। ਪਿੰਡ ਵਿੱਚ ਹੀ ਪਰਤਾਪ ਸਿੰਘ ਕੈਰੋਂ ਨੇ ਧਰਮਿੰਦਰ ਸਿੰਘ ਚੌਹਾਨ ਅਤੇ ਉਸ ਦੇ ਪਰਿਵਾਰ ਨਾਲ ਤਸਵੀਰ ਖਿਚਵਾਈ। ਸਰਕਾਰ ਅਤੇ ਪਟਵਾਰੀਆਂ ਵਿੱਚ ਸਮਝੌਤਾ ਹੋ ਗਿਆ। ਉਸ ਸਮਝੌਤੇ ਅਧੀਨ ਪਟਵਾਰੀਆਂ ਦਾ ਸਮਾਗਮ ਪਟਿਆਲਾ ਵਿਖੇ ਕੀਤਾ ਗਿਆ, ਜਿਸ ਵਿੱਚ ਪਰਤਪ ਸਿੰਘ ਕੈਰੋਂ ਨੇ ਮੰਗਾਂ ਮੰਨਕੇ ਪਟਵਾਰੀਆਂ ਨੂੰ 100 ਰੁਪਏ ਦਾ ਗਰੇਡ ਦਿੱਤਾ ਗਿਆ ਤੇ ਪੈਨਸ਼ਨ ਦੇਣ ਦਾ ਐਲਾਨ ਕੀਤਾ। ਮੋਹਨ ਸਿੰਘ ਪਟਵਾਰੀ ਅਨੁਸਾਰ ਜਿਹੜੇ ਪਟਵਾਰੀਆਂ ਨੇ ਦੋਗਲਾ ਰੁੱਖ ਅਪਣਾਇਆ ਸੀ, ਸਿਰਫ ਉਨ੍ਹਾਂ ਨੂੰ ਨੌਕਰੀਆਂ ਵਿੱਚੋਂ ਬਰਖਾਸਤ ਕੀਤਾ ਗਿਆ ਸੀ। ਆਮ ਤੌਰ ਤੇ ਇਹ ਪ੍ਰਭਾਵ ਹੈ ਕਿ ਪਰਤਾਪ ਸਿੰਘ ਕੈਰੋਂ ਨੇ ਪਟਵਾਰੀਆਂ ਨੂੰ ਨੌਕਰੀਆਂ ਵਿੱਚੋਂ ਕੱਢ ਕੇ ਸਬਕ ਸਿਖਾਇਆ ਸੀ।

1966 ਵਿੱਚ ਪੰਜਾਬ ਦੀ ਵੰਡ ਹੋ ਗਈ। ਸਾਂਝੇ ਪੰਜਾਬ ਦੇ 20 ਜਿਲ੍ਹਿਆਂ ਵਿੱਚੋਂ ਹਿਮਾਚਲ ਨੂੰ 4 ਜਿਲ੍ਹੇ 354 ਪਟਵਾਰੀ, ਹਰਿਆਣਾ ਨੂੰ 6 ਜਿਲ੍ਹੇ 1892 ਪਟਵਾਰੀ ਤੇ ਵਰਤਮਾਨ ਪੰਜਾਬ ਨੂੰ 12 ਜਿਲ੍ਹੇ 3660 ਪਟਵਾਰੀ ਦਿੱਤੇ ਗਏ। 1980 ਵਿੱਚ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਅਗਵਾਈ ਵਿੱਚ ਸਰਕਾਰ ਬਣ ਗਈ। ਉਸ ਸਮੇਂ ਪੰਜਾਬ ਵਿੱਚ 32-3300 ਪਟਵਾਰ ਸਰਕਲ ਸਨ। ਪੰਜਾਬ ਰੈਵਨਿਊ ਐਕਟ ਅਧੀਨ ਮਾਲ ਮੰਤਰੀ ਬੇਅੰਤ ਸਿੰਘ ਨੇ 1056 ਪਟਵਾਰ ਸਰਕਲ ਨਵੇਂ ਬਣਾ ਦਿੱਤੇ। ਇਸ ਪ੍ਰਕਾਰ 4716 ਕੁਲ ਪਟਵਾਰ ਸਰਕਲ ਬਣ ਗਏ। ਬੇਅੰਤ ਸਿੰਘ ਨੇ ਦੋ ਸਾਲ ਵਿੱਚ 1500 ਪਟਵਾਰੀ ਭਰਤੀ ਕਰ ਲਏ ਤਾਂ ਜੋ ਪਟਵਾਰੀਆਂ ਦੀ ਤਰੱਕੀ ਹੋਣ ਸਮੇਂ ਇਨ੍ਹਾਂ ਵਿੱਚੋਂ ਪਟਵਾਰੀ ਲਗਾ ਦਿੱਤੇ ਜਾਣ। ਬੇਅੰਤ ਸਿੰਘ ਤੋਂ ਬਾਅਦ ਪਟਵਾਰ ਸਰਕਲਾਂ ਦੀ ਗਿਣਤੀ ਕਿਸੇ ਵੀ ਸਰਕਾਰ ਨੇ ਨਹੀਂ ਵਧਾਈ ਜਦੋਂ ਕਿ ਪੰਜਾਬ ਦੇ ਜਿਲ੍ਹੇ 12 ਤੋਂ ਵੱਧਕੇ 23 ਤੇ ਤਹਿਸੀਲਾਂ 63 ਤੋਂ 97 ਹੋ ਗਈਆਂ ਹਨ। ਪਟਵਾਰ ਸਰਕਲ ਵਧਾਉਣੇ ਚਾਹੀਦੇ ਹਨ। ਪਟਵਾਰ ਸਰਕਲ ਵਧਾਉਣ ਲਈ ਮਾਲ ਵਿਭਾਗ ਦੇ ਸਥਾਪਤ 4 ਨਿਯਮ ਹਨ। ਜਿਨ੍ਹਾਂ ਅਨੁਸਾਰ ਜੇਕਰ ਇਕ ਸਰਕਲ ਵਿੱਚ ਜ਼ਮੀਨ ਦਾ ਰਕਬਾ ਵੱਧ ਜਾਵੇ, ਖਸਰਾ ਨੰਬਰ ਤੇ ਖਤੌਨੀਆਂ ਵੱਧ ਜਾਣ ਤਾਂ ਨਵਾਂ ਸਰਕਲ ਬਣਾਉਣਾ ਪੈਂਦਾ ਹੈ। ਸ.ਬੇਅੰਤ ਸਿੰਘ ਵੱਲੋਂ ਬਣਾਏ 4716 ਸਰਕਲ ਹੀ ਹਨ। ਪਟਵਾਰੀ ਸੇਵਾ ਮੁਕਤ ਹੋ ਰਹੇ ਹਨ ਤੇ ਅਸਾਮੀਆਂ ਖਾਲੀ ਹੋ ਰਹੀਆਂ ਹਨ, ਇਕ-ਇੱਕ ਪਟਵਾਰੀ ਕੋਲ 4-5 ਸਰਕਲ ਹਨ। ਪਟਵਾਰੀਆਂ 'ਤੇ ਕੰਮ ਦਾ ਭਾਰ ਹੋਣ ਕਰਕੇ ਉਹ ਆਪਣੇ ਨਾਲ ਸਹਾਇਤਾ ਲਈ ਗ਼ੈਰ ਕਾਨੂੰਨੀ ਬੰਦੇ ਰੱਖ ਲੈਂਦੇ ਹਨ। ਪਟਵਾਰੀਆਂ ਦਾ ਮੰਨਣਾ ਹੈ ਕਿ ਜੇਕਰ ਉਨ੍ਹਾਂ ਕੋਲ ਇਕ ਸਰਕਲ ਦਾ ਕੰਮ ਹੋਵੇ ਤਾਂ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਬੰਦੇ ਰੱਖਣ ਦੀ ਲੋੜ ਨਹੀਂ ਹੋਵੇਗੀ, ਉਨ੍ਹਾਂ ਦੀ ਦਲੀਲ ਹੈ ਕਿ ਜੇਕਰ ਉਹ ਬੰਦੇ ਨਹੀਂ ਰੱਖਦੇ ਤਾਂ ਕਿਸਾਨਾ ਦਾ ਨੁਕਸਾਨ ਹੋਵੇਗਾ। 1999 ਵਿੱਚ ਸੇਵਾ ਸਿੰਘ ਸੇਖਵਾਂ ਮਾਲ ਮੰਤਰੀ ਨੇ 32 ਪਟਵਾਰੀ ਨੌਕਰੀ ਵਿੱਚੋਂ ਕੱਢ ਦਿੱਤੇ, 2001 ਵਿੱਚ ਅਜਨਾਲਾ ਦੀ ਉਪ ਚੋਣ ਸਮੇਂ ਸਰਕਾਰ ਨੇ ਪਟਵਾਰੀਆਂ ਤੋਂ ਡਰਦਿਆਂ ਮੁੜ ਨੌਕਰੀ ਵਿੱਚ ਰੱਖ ਲਏ ਸਨ। 2016 ਵਿੱਚ ਬਿਕਰਮ ਸਿੰਘ ਮਜੀਠੀਆ ਮਾਲ ਮੰਤਰੀ ਦੇ ਸਮੇਂ 1227 ਪਟਵਾਰੀ ਭਰਤੀ ਕੀਤੇ ਸਨ। ਉਨ੍ਹਾਂ ਵਿੱਚੋਂ 300 ਪਟਵਾਰੀ ਨੌਕਰੀ ਛੱਡ ਗਏ। ਫਿਰ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ 2021 ਵਿੱਚ 1090 ਪਟਵਾਰੀ ਭਰਤੀ ਕੀਤੇ ਸਨ, ਉਨ੍ਹਾਂ ਨੂੰ 6 ਜੁਲਾਈ 2022 ਨੂੰ ਭਗਵੰਤ ਸਿੰਘ ਮਾਨ ਸਰਕਾਰ ਨੇ ਨਿਯੁਕਤੀ ਪੱਤਰ ਦਿੱਤੇ ਹਨ। ਉਹ ਟ੍ਰੇਨਿੰਗ ਕਰ ਰਹੇ ਹਨ। ਇਸੇ ਸਰਕਾਰ ਨੇ 710 ਪਟਵਾਰੀ ਹੋਰ ਭਰਤੀ ਕੀਤੇ ਹਨ। ਇਸ ਸਮੇਂ 3000 ਅਸਾਮੀਆਂ ਖਾਲੀ ਹਨ। ਪਟਵਾਰੀ ਦਾ ਮੁੱਖ ਕੰਮ ਜ਼ਮੀਨੀ ਰਿਕਾਰਡ ਰੱਖਣਾ, ਜ਼ਮੀਨ ਖ੍ਰੀਦਣ ਅਤੇ ਵੇਚਣ ਸੰਬੰਧੀ ਰਿਕਾਰਡ ਵਿੱਚ ਤਬਦੀਲੀ ਕਰਨੀ ਹੁੰਦਾ ਹੈ। ਇਕ ਕਿਸਮ ਨਾਲ ਪਿੰਡ ਦਾ ਲੇਖਾਕਾਰ ਹੁੰਦਾ ਹੈ। ਸਰਕਾਰ ਨੂੰ ਪੰਜਾਬ ਦੇ ਹਿਤਾਂ ਨੂੰ ਮੁੱਖ ਰਖਦਿਆਂ ਪਟਵਾਰੀਆਂ ਨਾਲ ਗੱਲਬਾਤ ਕਰਕੇ ਮਸਲਾ ਹਨ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬ ਤਾਂ ਪਹਿਲਾਂ ਹੀ ਨਸ਼ਿਆਂ ਦਾ ਸੰਤਾਪ ਹੰਢਾ ਰਿਹਾ ਹੈ। ਤਸਵੀਰ: ਪਰਤਾਪ ਸਿੰਘ ਕੈਰੋਂ ਫਰੀਦਾਬਾਦ ਜਿਲ੍ਹੇ ਦੇ ਪਿੰਡ ਮਟਰੌਲ ਵਿਖੇ ਧਰਮਿੰਦਰ ਸਿੰਘ ਚੌਹਾਨ ਪਟਵਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਦੇ ਪਰਿਵਾਰ ਨਾਲ ਖੜੇ ਹਨ।

ਜਦੋਂ ਇੱਕ ਕਮਅਕਲ ਅਫਸਰ ਨੇ ਬਿਨਾਂ ਮਤਲਬ ਬੇਇੱਜ਼ਤੀ ਕਰਵਾਈ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਕਈ ਬੰਦਿਆਂ ਨੂੰ ਪੰਗੇ ਲੈਣ ਦਾ ਬਹੁਤ ਸ਼ੌਕ ਹੁੰਦਾ ਹੈ ਜਿਸ ਕਾਰਨ ਉਹ ਆਪਣੀ ਵੀ ਇੱਜ਼ਤ ਲੁਹਾਉਂਦੇ ਹਨ ਤੇ ਨਾਲ ਦੇ ਦੀ ਵੀ। ਮੇਰੇ ਨਾਲ ਇੱਕ ਅਜਿਹੀ ਹੀ ਘਟਨਾ ਸੰਨ 2000 ਦੌਰਾਨ ਵਾਪਰੀ ਸੀ ਜਦੋਂ ਮੈਂ ਸਬ ਡਵੀਜ਼ਨ ਪਾਇਲ (ਪੁਲਿਸ ਜਿਲ੍ਹਾ ਖੰਨਾ) ਵਿਖੇ ਬਤੌਰ ਡੀ.ਐਸ.ਪੀ. ਤਾਇਨਾਤ ਸੀ। ਫਰਵਰੀ ਦੇ ਮਹੀਨੇ ਪੁਲਿਸ ਟਰੇਨਿੰਗ ਅਕੈਡਮੀ ਫਿਲੌਰ ਵਿਖੇ ਦੋ ਦਿਨ ਦਾ ਇੱਕ ਕੋਰਸ ਚੱਲਣਾ ਸੀ ਜਿਸ ਲਈ ਮੇਰਾ ਨਾਮ ਨੌਮੀਨੇਟ ਕੀਤਾ ਗਿਆ ਸੀ। ਹੁਣ ਦਾ ਤਾਂ ਪਤਾ ਨਹੀਂ, ਪਰ ਸਾਡੇ ਸਮੇਂ ਅਕੈਡਮੀ ਦੇ ਸ਼ਾਰਟ ਕੋਰਸ ਬਹੁਤ ਮਜ਼ੇਦਾਰ ਹੁੰਦੇ ਸਨ। ਵਧੀਆ ਖਾਣਾ ਪਾਣੀ ਤੇ ਨਾਲੇ ਦੂਰ ਦੁਰਾਡੇ ਲੱਗੇ ਹੋਏ ਬੈਚਮੇਟਾਂ ਨੂੰ ਮਿਲਣ ਦਾ ਮੌਕਾ ਵੀ ਮਿਲ ਜਾਂਦਾ ਸੀ। ਪਹਿਲੇ ਹੀ ਦਿਨ ਮੈਨੂੰ ਕੋਰਸ ਕਰਨ ਆਇਆ ਪੰਗਾ ਸਿੰਘ (ਕਾਲਪਨਿਕ ਨਾਮ) ਨਾਮ ਦਾ ਇੱਕ ਅਫਸਰ ਮਿਲ ਗਿਆ ਜੋ ਸ਼ਾਇਦ ਪਠਾਨਕੋਟ ਵਾਲੇ ਪਾਸੇ ਲੱਗਾ ਹੋਇਆ ਸੀ। ਉਹ ਪੰਜਾਬ ਦੇ ਸਭ ਤੋਂ ਵੱਡੇ ਪੰਗੇਬਾਜ਼ ਦੇ ਤੌਰ 'ਤੇ ਪ੍ਰਸਿੱਧ ਸੀ ਤੇ ਹੋਮ ਗਾਰਡ ਤੱਕ ਦੇ ਜਵਾਨਾਂ ਨਾਲ ਗੁੱਥਮ ਗੁੱਥਾ ਹੋ ਚੁੱਕਾ ਸੀ।

ਉਸ ਸਮੇਂ ਮੇਰੀ ਰਿਹਾਇਸ਼ ਮੋਹਾਲੀ ਸੀ ਤੇ ਮੈਂ ਪ੍ਰਾਈਵੇਟ ਗੱਡੀ ਲੈ ਕੇ ਗਿਆ ਸੀ ਤਾਂ ਜੋ ਸ਼ਾਮ ਨੂੰ ਘਰ ਜਾ ਸਕਾਂ। ਜਦੋਂ ਪਹਿਲੇ ਦਿਨ ਦਾ ਸ਼ੈਸ਼ਨ ਖਤਮ ਹੋਇਆ ਤਾਂ ਪੰਗਾ ਸਿੰਘ ਮੈਨੂੰ ਕਹਿਣ ਲੱਗਾ ਕਿ ਮੈਂ ਪਠਾਨਕੋਟ ਤੋਂ ਸਰਕਾਰੀ ਜਿਪਸੀ ਲੈ ਕੇ ਆਇਆ ਹਾਂ ਤੇ ਮੈਨੂੰ ਸਿਰਫ ਆਉਣ ਜਾਣ ਦਾ ਤੇਲ ਮਿਲਿਆ ਹੈ। ਮੇਰੀ ਰਿਹਾਇਸ਼ ਵੀ ਮੋਹਾਲੀ ਹੈ, ਜੇ ਤੂੰ ਘਰ ਜਾਣਾ ਹੈ ਤਾਂ ਮੈਨੂੰ ਵੀ ਨਾਲ ਲੈ ਚੱਲੀਂ। ਮੈਂ ਉਸ ਦੀਆਂ ਕਰਤੂਤਾਂ ਤੋਂ ਭਲੀ ਭਾਂਤ ਜਾਣੂ ਸੀ, ਪਰ ਫਿਰ ਵੀ ਨਾਂਹ ਨਾ ਕਰ ਸਕਿਆ। ਮੈਂ ਡਰਾਈਵਰ ਤੇ ਗੰਨਮੈਨ ਇਹ ਕਹਿ ਕੇ ਪਾਇਲ ਭੇਜ ਦਿੱਤੇ ਕਿ ਸਵੇਰੇ ਆ ਜਾਇਉ ਤੇ ਖੁਦ ਗੱਡੀ ਚਲਾਉਣ ਲੱਗ ਪਿਆ। ਚਲੋ ਵਹਿਗੁਰੂ ਵਾਹਿਗੁਰੂ ਕਰਦੇ ਮੋਹਾਲੀ ਤੱਕ ਦਾ ਸਫਰ ਸੁੱਖੀਂ ਸਾਂਦੀ ਪੂਰਾ ਹੋ ਗਿਆ ਤੇ ਅਗਲੇ ਦਿਨ ਉਸ ਨੂੰ ਲੈ ਕੇ ਮੈਂ ਫਿਲੌਰ ਵੱਲ ਚੱਲ ਪਿਆ। ਜਦੋਂ ਅਸੀਂ ਨੀਲੋਂ ਪੁਲ ਪਾਰ ਕੀਤਾ ਤਾਂ ਅੱਗੇ ਪੁਲਿਸ ਅਤੇ ਐਕਸਾਈਜ਼ ਮਹਿਕਮੇ ਦਾ ਕਾਫੀ ਵੱਡਾ ਨਾਕਾ ਲੱਗਾ ਹੋਇਆ ਸੀ ਜੋ ਚੰਡੀਗੜ੍ਹ ਤੋਂ ਸਮਗਲ ਹੋ ਕੇ ਆਉਣ ਵਾਲੀ ਸ਼ਰਾਬ ਚੈੱਕ ਕਰ ਰਹੇ ਸਨ। ਚੰਡੀਗੜ੍ਹ ਵਿੱਚ ਸ਼ਰਾਬ ਪੰਜਾਬ ਨਾਲੋਂ ਕਾਫੀ ਸਸਤੀ ਮਿਲਦੀ ਹੈ ਜਿਸ ਕਾਰਨ ਕਈ ਲੋਕ ਉਥੋਂ ਸ਼ਰਾਬ ਲਿਆ ਕੇ ਪੰਜਾਬ ਵਿੱਚ ਮਹਿੰਗੇ ਭਾਅ ਵੇਚਣ ਦਾ ਧੰਦਾ ਕਰਦੇ ਹਨ। ਇਹ ਵੇਖ ਕੇ ਕਲ੍ਹ ਤੋਂ ਚੁੱਪ ਚਾਪ ਬੈਠੇ ਪੰਗਾ ਸਿੰਘ ਦੇ ਅੰਦਰ ਪੰਗਾ ਲੈਣ ਦਾ ਕੀੜਾ ਕੁਲਬੁਲਾ ਉੱਠਿਆ।

ਉਨ੍ਹਾਂ ਨੇ ਸਾਨੂੰ ਵੀ ਹੱਥ ਦੇ ਦਿੱਤਾ ਕਿਉਂਕਿ ਨਾ ਤਾਂ ਅਸੀਂ ਵਰਦੀਆਂ ਪਹਿਨੀਆਂ ਹੋਈਆਂ ਸਨ ਤੇ ਨਾ ਹੀ ਸਾਡੇ ਨਾਲ ਕੋਈ ਗੰਨਮੈਨ ਸੀ। ਇੱਕ ਹੌਲਦਾਰ ਸਾਡੇ ਕੋਲ ਆਇਆ ਤੇ ਬਹੁਤ ਹੀ ਹਲੀਮੀ ਨਾਲ ਡਿੱਗੀ ਖੋਲ੍ਹਣ ਲਈ ਕਿਹਾ। ਜਦੋਂ ਮੈਂ ਸੀਟ ਦੇ ਥੱਲੇ ਲੱਗੀ ਕਿੱਲੀ ਨੂੰ ਖਿੱਚ ਕੇ ਡਿੱਗੀ ਖੋਲ੍ਹਣ ਲੱਗਾ ਤਾਂ ਉਸ ਪੰਗਾ ਸਿੰਘ ਨੇ ਮੈਨੂੰ ਰੋਕ ਦਿੱਤਾ ਕਿ ਡਿੱਗੀ ਨਹੀਂ ਖੋਲ੍ਹਣੀ, ਮੈਂ ਇਨ੍ਹਾਂ ਨਾਲ ਗੱਲ ਕਰਦਾ ਹਾਂ। ਉਸ ਦੀਆਂ ਕਰਤੂਤਾਂ ਤੋਂ ਵਾਕਿਫ ਹੋਣ ਕਾਰਨ ਮੈਂ ਸਮਝ ਗਿਆ ਕਿ ਇਹ ਹੁਣ ਕੋਈ ਸਿਆਪਾ ਖੜਾ ਕਰੇਗਾ। ਮੈਂ ਖਿਝ ਕੇ ਕਿਹਾ ਕਿ ਤੂੰ ਕੀ ਗੱਲ ਕਰਨੀ ਹੈ, ਆਪਾਂ ਕਿਹੜਾ ਸ਼ਰਾਬ ਲੈ ਕੇ ਆਏ ਹਾਂ? 9 ਵਜੇ ਕੋਰਸ ਸ਼ੁਰੂ ਹੋਣਾ ਹੈ ਤੇ 8 ਵੱਜ ਗਏ ਹਨ। ਪਰ ਉਹ ਨਾ ਟਲਿਆ ਤੇ ਹੌਲਦਾਰ ਨੂੰ ਕਹਿਣ ਲੱਗਾ ਕਿ ਜੋ ਤੂੰ ਲੱਭ ਰਿਹਾ ਹੈਂ (ਸ਼ਰਾਬ) ਉਹ ਸਾਡੇ ਕੋਲ ਨਹੀਂ ਹੈ। ਹੌਲਦਾਰ ਨੇ ਫਿਰ ਅਦਬ ਨਾਲ ਕਿਹਾ ਕਿ ਜੇ ਨਹੀਂ ਹੈ ਤਾਂ ਡਿੱਗੀ ਖੋਲ੍ਹ ਕੇ ਵਿਖਾ ਦਿਉ ਤੇ ਜਾਉ। ਪੰਗਾ ਫਿਰ ਬੋਲਿਆ ਕਿ ਅਸੀਂ ਡਿੱਗੀ ਵੀ ਨਹੀਂ ਖੋਲ੍ਹਣੀ। ਹੌਲਦਾਰ ਥੋੜ੍ਹਾ ਜਿਹਾ ਖਿਝ ਗਿਆ ਤੇ ਬੋਲਿਆ ਕਿ ਜੇ ਡਿੱਗੀ ਖੋਲ੍ਹਣੀ ਤਾਂ ਫਿਰ ਦੱਸ ਦਿਉ ਤੁਸੀਂ ਕੌਣ ਹੋ?

ਪੰਗੇ ਨੇ ਮੁੱਛਾਂ ਨੂੰ ਤਾਅ ਦੇ ਕੇ ਕਿਹਾ ਕਿ ਅਸੀਂ ਦੱਸਣਾ ਵੀ ਨਹੀਂ ਅਸੀਂ ਕੌਣ ਹਾਂ? ਹੌਲੀ ਹੌਲੀ ਗੱਲ ਐਨੀ ਵਧ ਗਈ ਕਿ ਹੌਲਦਾਰ ਤੇ ਪੰਗਾ ਹੱਥੋਪਾਈ ਹੋਣ ਤੱਕ ਪਹੁੰਚ ਗਏ। ਪੰਗੇ ਦੀ ਵਾਹਯਾਤੀ ਤੋਂ ਖਿਝਿਆ ਹੋਇਆ ਮੈਂ ਸੋਚ ਰਿਹਾ ਸੀ ਕਿ ਅੱਜ ਇਸ ਦੇ ਚਪੇੜਾਂ ਵੱਜ ਹੀ ਲੈਣ ਦਿੱਤੀਆਂ ਜਾਣ। ਰੌਲਾ ਗੌਲਾ ਪੈਂਦਾ ਵੇਖ ਕੇ ਨਜ਼ਦੀਕ ਹੀ ਖੜ੍ਹਾ ਇੱਕ ਸਿਆਣਾ ਜਿਹਾ ਇੰਸਪੈਕਟਰ ਸਾਡੀ ਗੱਡੀ ਕੋਲ ਪਹੁੰਚ ਗਿਆ ਤੇ ਮਾਮਲੇ ਦੀ ਦਰਿਆਫਤ ਕੀਤੀ। ਹੁਣ ਤੱਕ ਪੰਗਾ ਸਿੰਘ ਵੀ ਗੱਲ ਵਧਦੀ ਵੇਖ ਕੇ ਡਰ ਚੁੱਕਾ ਸੀ ਤੇ ਇੰਸਪੈਕਟਰ ਨੂੰ ਦੱਸਣ ਲੱਗਾ ਕਿ ਮੈਂ ਫਲਾਣਾ ਹਾਂ ਤੇ ਇਹ ਮੇਰੇ ਨਾਲ ਬੈਠਾ ਫਲਾਣਾ ਹੈ। ਮੈਂ ਉਸ ਦੀਆਂ ਮੂਰਖਾਨਾ ਗੱਲਾਂ ਕਾਰਨ ਪਹਿਲਾਂ ਹੀ ਸੜਿਆ ਬਲਿਆ ਬੈਠਾ ਸੀ। ਮੈਂ ਉਸ ਦੀ ਗੱਲ ਵਿੱਚੋਂ ਹੀ ਕੱਟ ਦਿੱਤੀ ਤੇ ਇੰਸਪੈਕਟਰ ਨੂੰ ਕਹਿ ਦਿੱਤਾ ਕਿ ਮੈਂ ਕੁਝ ਵੀ ਨਹੀਂ ਹਾਂ ਬਲਕਿ ਇਨ੍ਹਾਂ ਜ਼ਨਾਬ ਹੁਣਾ ਦਾ ਡਰਾਈਵਰ ਹਾਂ। ਪੰਗੇ ਨੇ ਇੰਸਪੈਕਟਰ ਨੂੰ ਕਿਹਾ ਕਿ ਹੌਲਦਾਰ ਬਦਤਮੀਜ਼ ਹੈ ਤੇ ਇਸ ਨੂੰ ਕਿਸੇ ਅਫਸਰ ਨਾਲ ਗੱਲ ਕਰਨ ਦੀ ਅਕਲ ਨਹੀਂ ਹੈ। ਇੰਸਪੈਕਟਰ ਅੱਗੋਂ ਹੱਸ ਕੇ ਬੋਲਿਆ ਕਿ ਜ਼ਨਾਬ ਅਕਲ ਤਾਂ ਤੁਹਾਨੂੰ ਨਹੀਂ ਹੈ, ਜਿਸ ਕੋਲੋਂ ਤੁਸੀਂ ਸਲੂਟ ਲੈਣਾ ਸੀ ਉਸ ਤੋਂ ਜੁੱਤੀਆਂ ਖਾਣ ਲੱਗੇ ਸੋ। ਚਲੋ ਖੈਰ ਉਨ੍ਹਾਂ ਨੇ ਸਾਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ ਤੇ ਮੈਂ ਖਿਝੇ ਖਪੇ ਨੇ ਇੱਕ ਦਮ ਗੱਡੀ ਸੌ ਦੀ ਸਪੀਡ 'ਤੇ ਖਿੱਚ ਦਿੱਤੀ। ਅੱਗੇ ਵੇਖੋ ਉਸ ਅਫਸਰ ਦੀ ਬੇਸ਼ਰਮੀ ਦੀ ਇੰਤਹਾ। ਮੈਨੂੰ ਕਹਿੰਦਾ ਵੇਖਿਆ ਈ? ਮੈਂ ਗੱਡੀ ਸਾਈਡ 'ਤੇ ਲਗਾ ਦਿੱਤੀ ਤੇ ਪੁੱਛਿਆ ਕਿ ਬਾਕੀ ਤਾਂ ਮੈਂ ਸਭ ਕੁਝ ਵੇਖ ਲਿਆ ਹੈ, ਫਿਰ ਵੀ ਜੇ ਕੁਝ ਬਚ ਗਿਆ ਹੈ ਤਾਂ ਤੂੰ ਉਹ ਵੀ ਦੱਸ ਦੇ। ਪੰਗੇ ਨੇ ਬਿਨਾਂ ਕਿਸੇ ਸ਼ਰਮ ਹਯਾ ਦੇ ਪੂਰੇ ਮਾਣ ਨਾਲ ਕਿਹਾ ਕਿਉਂ, ਕਰਾਈ ਕਿ ਨਹੀਂ ਮੈਂ ਹੌਲਦਾਰ ਦੀ ਤਸੱਲੀ? ਮੈਂ ਕੁਝ ਦੇਰ ਤੱਕ ਉਸ ਵੱਲ ਹੈਰਾਨੀ ਨਾਲ ਵੇਖਦਾ ਰਿਹਾ ਕਿ ਕੋਈ ਇਨਸਾਨ ਐਨਾ ਵੀ ਵਾਹਯਾਤ ਹੋ ਸਕਦਾ ਹੈ? ਫਿਰ ਦਿਲ 'ਤੇ ਪੱਥਰ ਰੱਖ ਕੇ ਕਿਹਾ, ਉਜੇ ਇਸ ਨੂੰ ਤਸੱਲੀ ਕਰਾਉਣਾ ਕਹਿੰਦੇ ਹਨ ਤਾਂ ਫਿਰ ਜੁੱਤੀਆਂ ਖਾਣੀਆਂ ਕਿਸ ਨੂੰ ਕਹਿੰਦੇ ਹਨ? ਮੈਂ ਸਹੁੰ ਖਾਂਦਾ ਹਾਂ ਕਿ ਤੂੰ ਬੱਸ ਕਾਰ ਦੀ ਤਾਂ ਗੱਲ ਹੀ ਛੱਡ, ਜੇ ਕਿਸੇ ਟਰੇਨ ਵਿੱਚ ਵੀ ਬੈਠਾ ਹੋਵੇਂਗਾ ਤਾਂ ਮੈਂ ਬਾਹਰ ਛਾਲ ਮਾਰ ਦੇਵਾਂਗਾ।"

ਕੀ ਤੁਹਾਡੀ ਬੈਡਸ਼ੀਟ ਹੀ ਐਲਰਜੀ, ਐਕਜੀਮਾ, ਆਜਮਾ ਲਈ ਤਾਂ ਜ਼ਿੰਮੇਵਾਰ ਨਹੀਂ?

ਡਾ. ਸੁਖਵਿੰਦਰ ਬਰਾੜ

ਸਾਡੇ ਸਰੀਰ ਤੇ ਲੱਗਭੱਗ ਸੌ ਟਰਿਲੀਅਨ ਤੋਂ ਵੀ ਵੱਧ ਬੈਕਟੀਰੀਆ ਦਾ ਨਿਵਾਸ ਹੁੰਦਾ ਹੈ। ਇਹਨਾਂ ਬੈਕਟੀਰੀਆ ਦੀਆਂ ਹਜ਼ਾਰਾਂ ਹੀ ਪ੍ਰਜਾਤੀਆਂ ਸਾਡੇ ਸਰੀਰ ਦੇ ਅੰਦਰ ਤੇ ਬਾਹਰ ਚਮੜੀ ਉੱਪਰ ਇੱਕ ਦੂਜੇ ਦੇ ਭਲੇ ਲਈ ਮਿਲ ਕੇ ਸੁਖਾਵੇਂ ਵਾਤਾਵਰਨ ਵਿੱਚ ਰਹਿੰਦੀਆਂ ਹਨ। ਇਹ ਸੂਖਮ ਜੀਵਾਣੂ ਸਾਡੇ ਕੁੱਲ ਸਰੀਰਕ ਵਜ਼ਨ ਦੇ 1-3 %ਹਿੱਸੇ ਦੇ ਬਰਾਬਰ ਹੁੰਦੇ ਹਨ ਤੇ ਚਮੜੀ, ਮੂੰਹ, ਆਂਦਰਾਂ, ਨੱਕ ਤੇ ਜਣਨ ਅੰਗਾਂ ਵਿੱਚ ਰਹਿੰਦੇ ਹਨ।

ਜਦੋਂ ਸਾਡਾ ਖਾਣ-ਪੀਣ, ਰਹਿਣ-ਸਹਿਣ ਤੇ ਜੀਵਨ ਸ਼ੈਲੀ ਠੀਕ ਨਹੀਂ ਰਹਿੰਦੀ ਤਾਂ ਬੀਮਾਰੀ ਫੈਲਾਉਣ ਵਾਲੇ ਬੈਕਟੀਰੀਆ ਦੀ ਗਿਣਤੀ ਵਧਣ ਕਰਕੇ ਸਾਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾਂ ਪੈਂਦਾ ਹੈ। ਇਸ ਆਰਟੀਕਲ ਵਿੱਚ ਅਸੀਂ ਇਹਨਾਂ ਜੀਵਾਣੂਆਂ ਤੋਂ ਛੁਟਕਾਰਾ ਪਾਉਣ ਲਈ ਸਾਡੇ ਬੈੱਡ,ਚਾਦਰਾਂ ਤੇ ਸਰਾਹਣੇ ਦੀ ਸਫਾਈ ਤੋਂ ਇਲਾਵਾ ਨਹਾਉਣ ਧੋਣ ਬਾਰੇ ਗੱਲਬਾਤ ਕਰਾਂਗੇ।

ਸਰੀਰ ਵਿੱਚ ਚੰਗੇ ਤੇ ਮਾੜੇ ਬੈਕਟੀਰੀਆ ਦਾ ਸੰਤੁਲਨ ਹੋਣਾ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ। ਤੇ ਇਸਤੋਂ ਵੀ ਜ਼ਰੂਰੀ ਹੋ ਜਾਂਦਾ ਹੈ ਸਾਡੇ ਸਰੀਰ ਦੀ ਅੰਦਰਲੀ ਤੇ ਬਾਹਰਲੀ ਸਫ਼ਾਈ। ਜ਼ਿਆਦਾ ਪਰੋਸੈਸਡ, ਤਲੇ, ਜੰਕ ਤੇ ਫਾਸਟ ਫੂਡ ਸਰੀਰ ਅੰਦਰ ਵਕਾਰ ਪੈਦਾ ਕਰਦੇ ਹਨ ਤੇ ਤਾਜ਼ੇ, ਫਰੈਸ਼,ਆਰਗੈਨਿਕ ਫ਼ਲ, ਸਬਜ਼ੀਆਂ, ਵਗੈਰਾ (ਦਣਟੋਣਾਿਚਿਅਟੋਨਿ) ਜ਼ਹਿਰੀਲੇ ਪਦਾਰਥ ਬਾਹਰ ਕੱਢਦੇ ਹਨ। ਸੂਖਸ਼ਮ ਜੀਵ ਸਾਡੀ ਚਮੜੀ ਦੇ ਕੁਦਰਤੀ ਤੇਲ (ਸਏਬੁਮ), ਧੂੜ, ਤੇ ਡੈਡ ਸਕਿਨ ਤੇ ਵਧਦੇ ਫੂਲਦੇ ਹਨ। ਇਹਨਾਂ ਵਿੱਚੋਂ ਦੁਸਟ ਮਟਿਏਸ ਬਹੁਤ ਜ਼ਿਆਦਾ ਪ੍ਰੇਸ਼ਾਨ, ਖਾਜ਼ ਖੁਜਲੀ ਤੇ ਐਲਰਜੀ ਪੈਦਾ ਕਰਦੀਆ ਹਨ। ਹੈਲਥੀ ਬੈਕਟੀਰੀਆ ਸਾਡੇ ਇਮਊਨ ਸਿਸਟਮ ਨੂੰ ਮਜ਼ਬੂਤ ਕਰਕੇ ਹਾਨੀਕਾਰਕ ਬੈਕਟੀਰੀਆ ਤੋਂ ਬਚਾਉਂਦੇ ਹਨ ਤੇ ਸਾਡੇ ਮਿੱਤਰ ਹਨ। ਅਸੀਂ ਆਪਣੀ ਜ਼ਿੰਦਗੀ ਦਾ ਤੀਜਾ ਹਿੱਸਾ ਬੈੱਡ ਚ ਹੀ ਗੁਜ਼ਾਰਦੇ ਹਾਂ। ਇਸ ਲਈ ਇਹ ਬਹੁਤ ਜ਼ਰੂਰੀ ਬਣ ਜਾਂਦਾ ਹੈ ਕਿ ਬੈਡ ਸਾਫ਼ ਸੁਥਰਾ ਤੇ ਵੱਧ ਤੋਂ ਵੱਧ ਨਏਅਟ ਅਨਦ ਚਲਏਅਨ ਰੱਖਿਆ ਜਾਵੇ ਤਾਂ ਜੋ ਬੈਕਟੀਰੀਆ, ਮੋਲਡ, ਫੰਗਸ, ਡਸਟ ਮਾਈਟਸ ਤੋਂ ਬਚਿਆ ਜਾ ਸਕੇ। ਸਾਡੀ ਬੈਡਸ਼ੀਟ, ਰਜਾਈ, ਕੰਬਲ ਤੇ ਸਰਾਹਣਾ ਸਭ ਤੋਂ ਵੱਧ ਪਸੀਨਾ, ਡੈਡ ਸਕਿਨ, ਸਿਕਰੀ ਆਦਿ ਦਾ ਸ਼ਿਕਾਰ ਹੁੰਦੇ ਹਨ। ਅਸੀਂ ਹਰ ਰੋਜ਼ 500 ਮਿਲੀਅਨ ਡੈਡ ਸਕਿਨ ਸੈਲ ਬੈਡਸ਼ੀਟ ਤੇ ਖਿਲਾਰਦੇ ਹਾਂ। ਡਸਟ ਮਾਈਟਸ ਦਾ ਇਹ ਬਹੁਤ ਹਰਮਨਪਿਆਰਾ ਭੋਜਨ ਹੈ ਤੇ ਵਧਦੀ ਫੁਲਦੀ ਹੈ। ਐਕਜ਼ੀਮਾ, ਐਲਰਜੀ, ਆਜ਼ਮਾ ਵਰਗੀਆਂ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਜੇਕਰ ਤੁਸੀਂ ਵੀ ਇਹਨਾਂ ਬੀਮਾਰੀਆਂ ਤੋਂ ਪੀੜਤ ਹੋ ਤਾਂ ਆਪਣੀ ਬੈਡ ਸ਼ੀਟ ਹਰ ਹਫਤੇ ਗਰਮ ਪਾਣੀ (50 ਡਿਗਰੀ ਸੈਲਸੀਅਸ) ਨਾਲ ਜ਼ਰੂਰ ਧੋਵੋ। ਇੱਕ ਲੈਬ ਟੈਸਟ ਕਰਨ ਤੋਂ ਬਾਅਦ ਪਤਾ ਲੱਗਿਆ ਹੈ ਕਿ ਸੱਤ ਦਿਨਾਂ ਤੋਂ ਵੱਧ ਅਨਧੋਤੇ ਸਰਾਹਣੇ ਚ 15000 ਗੁਣਾ ਬੈਕਟੀਰੀਆ, ਟਾਇਲੈਟ ਸੀਟ ਨਾਲੋਂ ਵੱਧ ਮੌਜੂਦ ਸਨ।

ਕਿੱਲ ਮੁਹਾਸੇ : ਜੇਕਰ ਤੁਸੀਂ ਕਿੱਲ ਮੁਹਾਸੇ ਤੋਂ ਪੀੜਤ ਹੋ ਤਾਂ ਤੁਹਾਡਾ ਪਿਲੋ ਜਾਂ ਸਰਾਹਣਾ ਹੀ ਜ਼ਿੰਮੇਵਾਰ ਹੈ। ਜਦੋਂ ਤੁਹਾਡਾ ਪਿਲੋ ਕੇਸ ਗੰਦਾ ਹੁੰਦਾ ਹੈ ਤਾਂ ਧੂੜ, ਪਸੀਨਾ, ਡੈਡ ਸਕਿਨ, ਬੈਕਟੀਰੀਆ ਚਮੜੀ ਦੇ ਮੁਸਾਮਾਂ ਨੂੰ ਬੰਦ ਕਰ ਦਿੰਦੇ ਹਨ ਅਤੇ ਵਧਦੇ ਫੁਲਦੇ ਰਹਿੰਦੇ ਹਨ। ਇਸ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਪਿਲੋ ਕੇਸ ਹਰ ਤੀਜੇ ਦਿਨ ਤੇ ਬੈੱਡ ਸ਼ੀਟ ਹਰ ਹਫਤੇ ਬਦਲੋ ਜਾਂ ਧੋਵੋ। ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਜੇਕਰ ਤੁਸੀਂ

1 ਘੱਟ ਕੱਪੜੇ ਪਾ ਕੇ ਸੌਂਦੇ ਹੋ।
2 ਬਿਸਤਰੇ ਤੇ ਬੈਠ ਕੇ ਖਾਣਾ ਵਗੈਰਾ ਖਾਂਦੇ ਹੋ।
3 ਜੇਕਰ ਪਾਲਤੂ ਕੁੱਤਾ ਜਾ ਬਿੱਲੀ ਨਾਲ ਸੌਂਦੇ ਹੋ।
4 ਜੇਕਰ ਤੁਹਾਨੂੰ ਪਸੀਨਾ ਜ਼ਿਆਦਾ ਆਉਂਦਾ ਹੈ।
5 ਜੇਕਰ ਤੁਸੀਂ ਬੱਚਿਆਂ ਨਾਲ ਸੌਂਦੇ ਹੋ।
6 ਜੇਕਰ ਤੁਸੀਂ ਕਿਸੇ ਬੀਮਾਰੀ ਤੋਂ ਪੀੜਤ ਹੋ।

ਬੈਡ ਸ਼ੀਟ ਤੇ ਪਿਲੋ ਕਵਰ ਨੂੰ ਸੁਕਾਉਣਾ : ਸਵੇਰ ਵੇਲੇ ਜਾਗਣ ਤੋਂ ਤੁਰੰਤ ਬਾਅਦ ਬਿਸਤਰਾ ਇਕੱਠਾ ਕਰਨ ਦੀ ਕਾਹਲੀ ਨਾ ਕਰੋ। ਪਹਿਲਾਂ ਪਿਲੋਕੇਸ ਉਤਾਰ ਕੇ ਅਤੇ ਬੈਡਸ਼ੀਟ ਫਰੋਲ ਕੇ ਰੱਖੋ ਤਾਂ ਜੋ ਫਰੈਸ਼ ਹਵਾ ਸਰਕੂਲੇਟ ਹੋ ਸਕੇ ਤੇ ਸਿੱਲ ਨਿਕਲ ਸਕੇ। ਮੌਸਮ ਦੇ ਅਨੁਸਾਰ ਬਾਹਰਲੀ ਖਿੜਕੀ ਵੀ ਜ਼ਰੂਰ ਖੋਲ੍ਹ ਦੇਵੋ। ਕਿਉਂਕਿ ਅਧਿੱਕ ਤਾਪਮਾਨ ਤੇ ਅਧਿੱਕ ਨਮੀ ਜੀਵਾਣੂਆਂ ਨੂੰ ਵਧਣ ਲਈ ਜ਼ਰੂਰੀ ਹੁੰਦੀ ਹੈ।

ਜੇਕਰ ਮੌਸਮ ਇਜਾਜ਼ਤ ਦੇਵੇ ਤਾਂ ਚਾਦਰਾਂ, ਸਰਾਹਣੇ ਵਗੈਰਾ ਧੁੱਪ ਵਿਚ ਸੁਕਾਉਣ ਤੋਂ ਗੁਰੇਜ਼ ਨਾ ਕਰੋ। ਸੂਰਜ ਦੀਆਂ ਯੂ ਵੀ ਕਿਰਨਾਂ ਹਰ ਕਿਸਮ ਦੇ ਜੀਵਾਣੂਆਂ ਨੂੰ ਮਾਰਨ ਦੀ ਸਮਰੱਥਾ ਰਖਦੀਆਂ ਹਨ। ਚਾਦਰਾਂ ਧੋਣ ਤੇ ਸੁਕਾਉਣ ਸਬੰਧੀ ਹਦਾਇਤਾਂ : ਚਾਦਰਾਂ ਨੂੰ ਹਮੇਸ਼ਾ ਇਕੱਲੀਆਂ ਤੇ ਪੂਰੇ ਗਰਮ ਪਾਣੀ ਵਿੱਚ ਹੀ ਧੋਵੋ ਕਿਉਂਕਿ ਤੱਤਾ ਤੱਤਾ ਪਾਣੀ ਬਹੁਤ ਸਾਰੇ ਬੈਕਟੀਰੀਆ ਮਾਰ ਦਿੰਦਾ ਹੈ। ਹੋ ਸਕੇ ਤਾਂ ਕੱਪ ਮਿੱਠਾ ਸੋਢਾ ਤੇ 1/8 ਕੱਪ ਬੋਰੈਕਸ ਪਾਊਡਰ ਵਾਸ਼ਿੰਗ ਮਸ਼ੀਨ ਵਿੱਚ ਪਾ ਕੇ ਧੋਵੋ। ਇਹ ਹਰ ਤਰ੍ਹਾਂ ਦੀ ਮੈਲ, ਬੈਕਟੀਰੀਆ ਆਦਿ ਧੋ ਦਿੰਦੇ ਹਨ। ਧੋਣ ਤੋਂ ਬਾਅਦ ਕੱਪੜਿਆਂ ਨੂੰ ਡਰਾਇਰ ਵਿਚ ਵੱਧ ਤੋਂ ਵੱਧ ਤਾਪਮਾਨ ਤੇ ਸੁਕਾਵੋ, ਇਹ ਵੀ ਬਾਕੀ ਰਹਿੰਦੇ ਜੀਵਾਣੂਆਂ ਨੂੰ ਮਾਰ ਦੇਵੇਗਾ। ਯਾਦ ਰਹੇ ਕੱਪੜੇ ਡਰਾਇਰ ਵਿਚ ਪਾਉਣ ਮਗਰੋਂ ਗਿੱਲੇ ਹੱਥ ਜ਼ਰੂਰ ਧੋ ਲਵੋ।

ਸਮੈਲ ਟੈਸਟ : ਬਹੁਤੇ ਲੋਕ ਕੱਪੜਿਆਂ ਦੀ ਸਮੈਲ ਦੇਖ ਕੇ ਕੱਪੜੇ ਧੋਂਦੇ ਹਨ। ਇਹ ਟੈਸਟ ਵੀ ਬਹੁਤਾ ਚੰਗਾ ਨਹੀਂ। ਕਿਉਂਕਿ ਜ਼ਰਮਾਂ ਦੀ ਕੋਈ ਦੁਰਗੰਧ ਨਹੀਂ ਹੁੰਦੀ ਤੇ ਨਾ ਹੀ ਪਸੀਨੇ ਦੀ। ਜਦੋਂ ਬੈਕਟੀਰੀਆ ਪਸੀਨਾ ਤੇ ਸਰੀਰਕ ਤੇਲ ਨੂੰ ਤੋੜਦੇ ਹਨ ਤਾਂ ਫਾਲਤੂ ਪਦਾਰਥ ਪੈਦਾ ਕਰਕੇ ਦੁਰਗੰਧ ਪੈਦਾ ਕਰਦੇ ਹਨ। ਸੁੰਘ ਕੇ ਟੈਸਟ ਕਰਨ ਦੀ ਬਜਾਏ ਨਿਰਧਾਰਤ ਸਮੇਂ ਅਨੁਸਾਰ ਹੀ ਕੱਪੜੇ ਧੋਣ ਨੂੰ ਤਰਜੀਹ ਦੇਵੋ।

ਸਭ ਤੋਂ ਵੱਧ ਗੰਦਾ ਕੱਪੜਾ : ਤੁਹਾਡਾ ਅੰਡਰ ਵੀਅਰ ਸਭ ਤੋਂ ਵੱਧ ਮੈਲਾ ਤੇ ਗੰਦਗੀ ਭਰਪੂਰ ਕੱਪੜਾ ਹੈ ਕਿਉਂਕਿ ਤੁਹਾਡੇ ਜਣਨ ਅੰਗ ਪੱਟਾਂ ਦੇ ਵਿਚਕਾਰ ਹੋਣ ਕਰਕੇ ਨਮੀ ਤੇ ਅਧਿੱਕ ਤਾਪਮਾਨ ਪੈਦਾ ਕਰਕੇ ਬੈਕਟੀਰੀਆ ਦੇ ਵਧਣ ਫੁੱਲਣ ਲਈ ਸਹਾਈ ਬਣਦੇ ਹਨ। ਹਰ ਰੋਜ਼ ਅੰਡਰ ਗਾਰਮੈਂਟਸ ਗਰਮ ਪਾਣੀ ਨਾਲ ਜ਼ਰੂਰ ਇਕੱਲਿਆਂ ਧੋਵੋ ਤਾਂ ਜੋ ਦੂਸਰੇ ਘੱਟ ਗੰਦੇ ਕੱਪੜਿਆਂ ਵਿੱਚ ਬੈਕਟੀਰੀਆ ਨਾ ਫੈਲਾ ਸਕਣ। ਦੂਸਰਾ ਵੱਧ ਗੰਦਾ ਕੱਪੜਾ ਹੈ ਤੁਹਾਡਾ ਤੌਲੀਆ : ਕਿਉਂਕਿ ਤੌਲੀਆ ਹਮੇਸ਼ਾ ਸੂਤ ਦਾ ਬਣਿਆ ਹੋਣ ਕਰਕੇ ਸਾਡੇ ਸਰੀਰ ਤੋਂ ਪਾਣੀ ਸੋਕਦਾ ਹੈ ਤੇ ਇਸਦੇ ਉਭਰਵੇਂ ਬੁਰ ਹੁੰਦੇ ਹਨ ਜੋ ਕਿ ਦੇਰ ਤੱਕ ਸੁੱਕਦੇ ਨਹੀਂ ਜਿਸ ਵਿੱਚ ਬੈਕਟੀਰੀਆ ਵਧਦੇ ਰਹਿੰਦੇ ਹਨ। ਤੌਲੀਏ ਨੂੰ ਵਰਤਣ ਤੋਂ ਬਾਅਦ ਖਿਲਾਰ ਕੇ ਰੋਡ ਤੇ ਸੁੱਕਣਾ ਪਾਉ। ਕੁੱਝ ਲੋਕ ਇਸ ਨੂੰ ਕਿੱਲੀ ਤੇ ਟੰਗ ਦਿੰਦੇ ਹਨ ਤੇ ਤੌਲੀਆ ਇਕੱਠਾ ਹੋ ਜਾਂਦਾ ਹੈ ਤੇ ਦੇਰ ਨਾਲ ਸੁੱਕਦਾ ਹੈ। ਕੱਪੜਿਆਂ ਨੂੰ ਜ਼ਿਆਦਾ ਦੇਰ ਹੈਂਪਰ ਵਿੱਚ ਨਾ ਰੱਖੋ, ਉੱਥੇ ਵੀ ਬੈਕਟੀਰੀਆ ਦੇ ਅਨੁਕੂਲ ਵਾਤਾਵਰਨ ਹੁੰਦਾ ਹੈ। ਕੋਸ਼ਿਸ਼ ਕਰੋ ਜਾਲੀ ਵਾਲਾ ਹੀ ਹੈਂਪਰ ਵਰਤੋ ਤਾਂ ਜੋ ਹਵਾ ਪ੍ਰਵੇਸ਼ ਕਰ ਸਕੇ। ਲਾਉਂਡਰੀ ਲੋਡ ਵੀ ਘੱਟ ਰੱਖੋ, ਕੱਪੜੇ ਜ਼ਿਆਦਾ ਸਾਫ਼ ਹੋਣਗੇ।

ਜ਼ਿਆਦਾ ਨਹਾਉਣਾ ਠੀਕ ਨਹੀਂ : ਜੇਕਰ ਤੁਹਾਨੂੰ ਬਹੁਤ ਜ਼ਿਆਦਾ ਪਸੀਨਾ ਨਹੀਂ ਆਉਂਦਾ ਤੇ ਬਹੁਤ ਗਰਮ ਇਲਾਕੇ ਵਿੱਚ ਨਹੀਂ ਰਹਿੰਦੇ ਤਾਂ ਤੁਹਾਨੂੰ ਹਰ ਰੋਜ਼ ਨਹਾਉਣ ਦੀ ਜਰੂਰਤ ਨਹੀਂ। ਕਈ ਲੋਕਾਂ ਨੂੰ ਤਾਂ ਦਿਨ ਵਿੱਚ ਦੋ ਤਿੰਨ ਵਾਰ ਨਹਾਉਣ ਦੀ ਬੀਮਾਰੀ ਹੁੰਦੀ ਹੈ। ਜ਼ਿਆਦਾ ਨਹਾਉਣ ਨਾਲ ਤੁਹਾਡੀ ਸਕਿਨ ਖੁਸ਼ਕ ਹੋ ਜਾਂਦੀ ਹੈ ਤੇ ਚਮੜੀ ਤੇ ਧੱਬੇ, ਝੁਰੜੀਆਂ ਪੈ ਜਾਂਦੀਆਂ ਹਨ ਤੇ ਮੁਆਇਸਚਰਾਈਜ਼ਰ ਦੀ ਵੀ ਵੱਧ ਲੋੜ ਪੈਂਦੀ ਹੈ। ਜੇਕਰ ਸੰਭਵ ਹੋ ਸਕੇ ਤਾਂ ਇੱਕ ਦਿਨ ਛੱਡ ਕੇ ਨਹਾਉ। ਨਹਾਉਣ ਵੇਲੇ ਸਿਰਫ਼ ਕੱਛਾਂ ਥੱਲੇ ਤੇ ਪਰਾਈਵੇਟ ਪਾਰਟਸ ਤੇ ਹੀ ਨੇਚਰਲ ਸਾਬਣ ਲਗਾਉ। ਬਾਕੀ ਦੀ ਸਕਿਨ ਸੈਲਫ਼ ਕਲੀਨਿੰਗ ਕਰਦੀ ਹੈ।

ਸਰੀਰ ਨੂੰ ਡਰਾਈ ਸਕਰੱਬਿੰਗ (ਝਾਂਵਾਂ) ਕਰਨਾ ਜ਼ਿਆਦਾ ਜ਼ਰੂਰੀ ਹੁੰਦਾ ਹੈ। ਨਹਾਉਣ ਤੋਂ ਪਹਿਲਾਂ ਸਾਰੇ ਸਰੀਰ ਤੇ ਹੌਲੀ ਹੌਲੀ ਕੁਦਰਤੀ ਸਕਰੱਬ ਨਾਲ ਡਰਾਈ ਡੈੱਡ ਸਕਿਨ ਉਤਾਰੋ ਅਤੇ ਬਾਅਦ ਵਿੱਚ ਹਲਕੀ ਸਾਬਣ ਲਗਾ ਕੇ ਮਲ ਮਲ ਕੇ ਨਹਾਉ। ਨਹਾਉਣ ਤੋਂ ਪਹਿਲਾਂ ਬਾਥਰੂਮ ਫੈਨ ਚਲਾਉ ਤਾਂ ਜੋ ਕਲੋਰੀਨ ਗੈਸ ਬਾਹਰ ਨਿਕਲ ਜਾਵੇ। ਗਰਮ ਪਾਣੀ ਤੇ ਸ਼ਾਵਰ ਦਾ ਉਪਯੋਗ ਘੱਟ ਕਰੋ ਕਿਉਂਕਿ ਇਹ ਦੋਵੇਂ ਤੁਹਾਡੀ ਚਮੜੀ ਦੇ ਮੌਸਾਮ ਖੋਲ੍ਹ ਕੇ ਕਲੋਰੀਨ ਸਰੀਰ ਵਿੱਚ ਪਹੁੰਚਾਉਂਦੇ ਹਨ ਜੋ ਕਿ ਤੁਹਾਡੇ ਥਾਇਰੌਡ ਨੂੰ ਹਾਰਮੋਨਜ਼ ਬਣਾਉਣ ਤੋਂ ਰੋਕਦੇ ਹਨ। ਹਮੇਸ਼ਾ ਬਾਲਟੀ ਭਰ ਕੇ ਗੁਣਗੁਣੇ ਪਾਣੀ ਨਾਲ ਹੀ ਨਹਾਉ ਤੇ 5-10 ਮਿੰਟਾਂ ਵਿੱਚ ਹੀ ਇਹ ਕੰਮ ਨਿਪਟਾ ਲਵੋ।

ਠੰਡੇ ਠੰਡੇ ਪਾਣੀ ਸੇ ਨਹਾਨਾ ਚਾਹੀਏ,
ਗਾਣਾ ਆਏ ਯਾ ਨ ਆਏ ਗਾਣਾ ਚਾਹੀਏ।

ਨਾਰੀਅਲ ਦੇ ਤੇਲ ਦੀ ਮਾਲਸ਼ ਹਰ ਰੋਜ਼ ਕਰੋ। ਇਹ ਹਰ ਤਰ੍ਹਾਂ ਦੇ ਜਰਾਸੀਮ ਨੂੰ ਮਾਰਦਾ ਹੈ ਤੇ ਡਰਾਈ ਸਕਿਨ ਹੋਣ ਤੋਂ ਵੀ ਬਚਾਉਂਦਾ ਹੈ।

ਐਂਟੀਬੈਕਟੀਰੀਅਲ ਸਾਬਣ ਦਾ ਪ੍ਰਯੋਗ ਨਾ ਕਰੋ। ਇਹ ਤੁਹਾਡੇ ਮਿੱਤਰ ਬੈਕਟੀਰੀਆ ਖ਼ਤਮ ਕਰਕੇ ਤੇ ਰਿਜੈਸਟੈਂਟ ਬੈਕਟੀਰੀਆ ਪੈਦਾ ਕਰਦੀ ਹੈ ਜੋ ਕਿ ਬਾਅਦ ਵਿੱਚ ਹਾਨੀਕਰਕ ਬੈਕਟੀਰੀਆ ਕੰਟਰੋਲ ਤੋਂ ਬਾਹਰ ਹੋ ਜਾਂਦੇ ਹਨ।

ਔਸਤਨ ਸਾਡੇ ਬੈੱਡ ਤੇ ਇੱਕ ਲੱਖ ਤੋਂ ਦਸ ਮਿਲੀਅਨ ਡਸਟ ਮਾਈਟਸ ਸਾਡੇ ਨਾਲ ਸੌਂਦੀਆਂ ਹਨ। ਜਿਹੜੀਆਂ ਕਿ ਅਚਨਏ, ਅਲਲਏਰਗੇ, ਅਸਟਹਮਅ, ਏਚਡਏਮਅ, ਪਸੋਰਅਿਸਸਿ, ਰਅਸਹਏਸ,ਆਦਿ ਬੀਮਾਰੀਆਂ ਨੂੰ ਜਨਮ ਦਿੰਦੀਆਂ ਹਨ। ਦੋਸ਼ੀ ਅਸੀਂ ਵਾਤਾਵਰਨ ਤੇ ਪੋਲਲਏਨ, ਦਅਨ-ਦਰੁਾ ਨੂੰ ਹੀ ਮੰਨੀ ਜਾਂਦੇ ਹਾਂ। ਆਉ ਅੱਜ ਤੋਂ ਅਸੀਂ ਆਪਣਾ ਬੈੱਡ, ਸਰੀਰ ਤੇ ਆਲਾ ਦੁਆਲਾ ਸਾਫ਼ ਰੱਖੀਏ ਤੇ ਤੰਦਰੁਸਤੀ ਪਾਈਏ।

ਨਸ਼ਿਆਂ ਸਬੰਧੀ ਮਾਪਿਆਂ ਅਤੇ ਸਮਾਜ ਚਿੰਤਕਾਂ ਨੂੰ ਸੁਨੇਹਾ

ਮੋਹਨ ਸ਼ਰਮਾ
ਮੋ:94171-48866

ਹਰ ਰੋਜ਼ ਅਖ਼ਬਾਰਾਂ ਅਤੇ ਸ਼ੋਸ਼ਲ ਮੀਡੀਆ ਰਾਹੀਂ ਸੁੰਨ ਕਰਨ ਵਾਲੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਕਿਤੇ ਨੌਜਵਾਨ ਨਸ਼ੱਈ ਦੀ ਲਾਸ਼ ਝਾੜੀਆਂ ਵਿੱਚ ਡਿੱਗੀ ਵਿਖਾਈ ਦਿੰਦੀ ਹੈ। ਕਿਤੇ ਸੜਕ ਤੇ ਜ਼ਿੰਦਗੀ ਨੂੰ ਅਲਵਿਦਾ ਕਹਿ ਕੇ ਨੌਜਵਾਨ ਡਿੱਗਿਆ ਪਿਆ ਹੈ। ਕਿਤੇ ਬੱਸ ਸਟੈਂਡ ਦੇ ਗੁਸਲਖਾਨੇ ਵਿੱਚ ਸਰਿੰਜਾਂ ਨਾਲ ਵਿੰਨ੍ਹੀ ਬਾਂਹ ਵਾਲੇ ਨੌਜਵਾਨ ਦੀ ਲਾਵਾਰਸ ਲਾਸ਼ ਦਾ ਪਤਾ ਲੱਗਦਾ ਹੈ। ਕਿਤੇ ਨੌਜਵਾਨ ਇਕਲੌਤੇ ਪੁੱਤ ਦੀ ਲਾਸ਼ ਤੇ ਪੱਥਰਾਂ ਨੂੰ ਵੀ ਰਵਾਉਣ ਵਾਲੇ ਮਾਂ ਦੇ ਕੀਰਨੇ ਵੇਖਣ ਵਾਲਿਆਂ ਦੇ ਨੈਣਾਂ ਵਿੱਚੋਂ ਵੀ ਅੱਥਰੂ ਲਿਆ ਦਿੰਦੇ ਹਨ। ਕਿਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਭੈਣ ਆਪਣੇ ਇਕਲੌਤੇ ਅਣਵਿਆਹੇ ਵੀਰ ਦੀ ਲਾਸ਼ ਤੇ ਸਿਹਰੇ ਬੰਨ੍ਹ ਕੇ ਮਾਹੌਲ ਨੂੰ ਗ਼ਮਗੀਨ ਕਰ ਦਿੰਦੀ ਹੈ। ਕਿਤੇ ਬਲਦੇ ਸਿਵੇ ਦੀ ਅੱਗ ਮੱਠੀ ਹੋਣ ਤੇ ਗੁਰਦੁਆਰਾ ਸਾਹਿਬ ਦਾ ਭਾਈ ਅੰਤਮ ਅਰਦਾਸ ਕਰਨ ਉਪਰੰਤ ਸੰਗਤ ਵੱਲ ਮੂੰਹ ਕਰਦਿਆਂ ਗੱਚ ਭਰ ਕੇ ਕਹਿੰਦਾ ਹੈ, ਸਾਧ ਸੰਗਤ ਜੀ, ਆਪਣੇ ਪਿੰਡ ਵਿੱਚੋਂ 15-20 ਦਿਨਾਂ ਬਾਅਦ ਇੱਕ ਨੌਜਵਾਨ ਦਾ ਸਿਵਾ ਬਲਦਾ ਹੈ। ਰੱਬ ਦਾ ਵਾਸਤਾ ਕੋਈ ਹੂਲਾ ਫੱਕੋ, ਬੰਨ੍ਹ ਸੁੱਬ ਕਰੋ, ਇਕੱਠੇ ਹੋ ਕੇ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਬੰਦ ਕਰੋ। ਹੁਣ ਮੇਰੇ ਕੋਲੋਂ ਅੰਤਮ ਅਰਦਾਸਾਂ ਨਹੀਂ ਹੋਣੀਆਂ। ਇੱਕ ਸਿਵਾ ਬਾਹਰ ਬਲਦਾ ਹੈ ਅਤੇ ਦੂਜਾ ਸਿਵਾ ਸਾਡੇ ਅੰਦਰ ਬਲਦਾ ਹੈ.........। ਅਜਿਹੀਆਂ ਨਿਰਾਸ਼ਾਜਨਕ, ਖੌਫਨਾਕ ਅਤੇ ਦਿਲ ਕੰਬਾਊ ਘਟਨਾਵਾਂ ਮਾਂ-ਬਾਪ ਦਾ ਲੱਕ ਤੋੜ ਰਹੀਆਂ ਹਨ। ਆਪਣੇ ਜਵਾਨ ਪੁੱਤ ਦੀ ਲਾਸ਼ ਨੂੰ ਮੋਢਾ ਦੇਣਾ ਮਾਂ-ਬਾਪ ਲਈ ਸਭ ਤੋਂ ਵੱਡਾ ਦੁਖਾਂਤ ਹੈ ਅਤੇ ਇਹ ਦੁਖਾਂਤ ਅਨੇਕਾਂ ਮਾਪਿਆਂ ਦੇ ਹਿੱਸੇ ਹਰ ਰੋਜ਼ ਆ ਰਿਹਾ ਹੈ।

ਇੱਕ ਨਸ਼ਾ ਛੁਡਾਊ ਕੇਂਦਰ ਦੇ ਨਿਰਦੇਸ਼ਕ ਵਜੋਂ ਹਜ਼ਾਰਾਂ ਅਜਿਹੇ ਮਾਪਿਆਂ ਨਾਲ ਵਾਹ ਪਿਆ ਹੈ ਜਿਨ੍ਹਾਂ ਦੇ ਪੁੱਤ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਮਾਨਸਿਕ ਅਤੇ ਸ਼ਰੀਰਕ ਤੌਰ ਤੇ ਖ਼ੁੰਘਲ ਹੋਏ ਹਨ ਅਤੇ ਨਾਲ ਹੀ ਮਾਪਿਆਂ ਨੂੰ ਵੀ ਕੱਖੋਂ ਹੌਲੇ ਕਰ ਦਿੱਤਾ ਹੈ। ਜਦੋਂ ਪੀੜਤ ਮਾਪਿਆਂ ਨੂੰ ਇਹ ਪੁੱਛਿਆ ਜਾਂਦਾ ਸੀ ਕਿ ਤੁਹਾਡਾ ਪੁੱਤਰ ਕਿੰਨੇ ਕੁ ਚਿਰ ਦਾ ਨਸ਼ਾ ਕਰਦਾ ਹੈ ਤਾਂ ਉਹ ਪੀੜਤ ਲਹਿਜ਼ੇ ਵਿੱਚ ਕਹਿੰਦੇ ਸਨ, ਸਾਨੂੰ ਤਾਂ ਜੀ ਮਹੀਨਾ ਕੁ ਪਹਿਲਾਂ ਹੀ ਪਤਾ ਲੱਗਿਆ ਹੈ। ਹੁਣ ਜਦੋਂ ਪੁੱਛ ਪੜਤਾਲ ਕੀਤੀ ਹੈ ਤਾਂ ਇਹ ਪਤਾ ਲੱਗਿਆ ਹੈ ਬਈ ਇਹ ਤਾਂ 2-3 ਸਾਲ ਦਾ ਇਸ ਕੁੱਤੇ ਕੰਮ ਵਿੱਚ ਪਿਆ ਹੋਇਐ। ਉਨ੍ਹਾਂ ਦੀ ਗੱਲਬਾਤ ਅਤੇ ਪ੍ਰਗਟਾਏ ਤੌਖਲੇ ਤੋਂ ਮਾਪਿਆਂ ਦਾ ਅਵੇਸਲਾਪਨ ਸਾਹਮਣੇ ਆਉਂਦਾ ਹੈ। ਇਸ ਸਬੰਧ ਵਿੱਚ ਮਾਪਿਆਂ ਨੂੰ ਹੇਠ ਲਿਖੇ ਅਨੁਸਾਰ ਗੰਭੀਰ ਹੋ ਕੇ ਆਪਣੇ ਬੱਚਿਆਂ ਤੇ ਗੌਰ ਕਰਨੀ ਚਾਹੀਦੀ :-

ਆਪਣੀ ਔਲਾਦ ਨੂੰ ਮਹਿੰਗਾ ਮੋਟਰਸਾਈਕਲ, ਮਹਿੰਗਾ ਮੋਬਾਇਲ, ਹੋਰ ਸੁੱਖ ਸਹੂਲਤਾਂ ਦੇ ਨਾਲ-ਨਾਲ ਮਹਿੰਗੀ ਟਿਊਸ਼ਨ ਰੱਖਣ ਨਾਲ ਹੀ ਮਾਪਿਆਂ ਦੇ ਫ਼ਰਜਾਂ ਦੀ ਪੂਰਤੀ ਨਹੀਂ ਹੋ ਜਾਂਦੀ। ਸਗੋਂ ਮਾਪਿਆਂ ਦਾ ਅਹਿਮ ਫ਼ਰਜ਼ ਉਨ੍ਹਾਂ ਲਈ ਆਪ ਰੋਲ ਮਾਡਲ ਬਣਨਾ ਹੈ। ਅੱਜ ਦੇ ਬੱਚੇ ਸੁਣਨ ਸੁਣਾਉਣ ਵਿੱਚ ਨਹੀਂ, ਸਗੋਂ ਨਕਲ ਕਰਨ ਵਿੱਚ ਯਕੀਨ ਕਰਦੇ ਹਨ। ਮਾਂ-ਬਾਪ ਆਪਣੀ ਔਲਾਦ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਟੋਕਾ-ਟਾਕੀ ਤੱਦ ਹੀ ਕਰ ਸਕਦੇ ਹਨ, ਜੇ ਉਹ ਆਪ ਸੋਲਾਂ ਕਲਾਂ ਸੰਪੂਰਨ ਹਨ। ਇਸ ਦੇ ਲਈ ਘਰ ਦੇ ਮਾਹੌਲ ਨੂੰ ਨਸ਼ਾ ਰਹਿਤ ਰੱਖਣਾ ਅਤਿਅੰਤ ਜ਼ਰੂਰੀ ਹੈ। ਬਹੁਤ ਸਾਰੇ ਅਜਿਹੇ ਕੇਸ ਸਾਹਮਣੇ ਆਏ ਹਨ, ਜਿੱਥੇ ਬਾਪ-ਦਾਦੇ ਵੱਲੋਂ ਪੀਤੀਆਂ ਸ਼ਰਾਬ ਦੀਆਂ ਬੋਤਲਾਂ ਮੰਜੇ ਹੇਠਾਂ ਸੁੱਟਣ

ਉਪਰੰਤ ਉਨ੍ਹਾਂ ਦੀ ਔਲਾਦ ਨੇ ਬੋਤਲਾਂ ਵਿੱਚ ਪਈਆਂ ਬੂੰਦਾ ਦਾ ਸਵਾਦ ਚੱਖਣ ਤੋਂ ਬਾਅਦ ਇਸ ਪਾਸੇ ਰੁਖ਼ ਕੀਤਾ ਹੈ। ਸਰਦੇ ਪੁਜਦੇ ਲੋਕਾਂ ਦੀਆਂ ਕੋਠੀਆਂ ਵਿੱਚ ਹੀ ਖੋਲ੍ਹੀਆਂ ਬੀਅਰ ਬਾਰਾਂ ਸ਼ਾਹੀ ਠਾਠ-ਬਾਠ ਦਾ ਪ੍ਰਗਟਾਵਾ ਤਾਂ ਹਨ, ਪਰ ਇਨ੍ਹਾਂ ਬੀਅਰ ਬਾਰਾਂ ਦੀਆਂ ਬੋਤਲਾਂ ਵਿੱਚੋਂ ਆਪਣੀ ਪਾਣੀ ਵਾਲੀ ਬੋਤਲ ਵਿੱਚ ਕੁੱਝ ਸ਼ਰਾਬ ਪਾ ਕੇ ਪਾਣੀ ਨਾਲ ਭਰਨ ਉਪਰੰਤ ਸਕੂਲ ਵਿੱਚ ਲਿਆਉਣ ਦੇ ਬਹੁਤ ਸਾਰੇ ਕਿੱਸੇ ਸਾਹਮਣੇ ਆਏ ਹਨ ਅਤੇ ਇੰਜ ਸਕੂਲ ਦੀ ਜ਼ਿੰਦਗੀ ਵਿੱਚ ਹੀ ਨਸ਼ਿਆਂ ਦੀ ਦਹਿਲੀਜ਼ ਤੇ ਪੈਰ ਧਰਦਿਆਂ ਬਾਅਦ ਵਿੱਚ ਪੱਕੇ ਨਸ਼ੱਈ ਬਣ ਕੇ ਬਹੁਤ ਸਾਰੇ ' ਕਾਕੇ ' ਆਪਣੀ ਜ਼ਿੰਦਗੀ ਧੁਆਂਖ ਲੈਂਦੇ ਹਨ। ਅਜਿਹਾ ਕੁਝ ਸਿਗਰਟ-ਜ਼ਰਦੇ ਦੀ ਵਰਤੋਂ ਸਮੇਂ ਵੀ ਵਾਪਰਦਾ ਹੈ।

ਆਪਣੀ ਔਲਾਦ ਨੂੰ ਦਿੱਤੇ ਜੇਬ ਖ਼ਰਚੇ ਤੇ ਵੀ ਕਰੜੀ ਨਜ਼ਰ ਰੱਖਣੀ ਜ਼ਰੂਰੀ ਹੈ। ਲੋੜ ਤੋਂ ਵੱਧ ਦਿੱਤਾ ਪੈਸਾ ਉਸ ਨੂੰ ਬਜ਼ਾਰ ਵੱਲ ਭੇਜੇਗਾ ਅਤੇ ਬਜ਼ਾਰ ਵਿੱਚ ਜੋ ਕੁੱਝ ਪਰੋਸਿਆ ਜਾ ਰਿਹਾ ਹੈ, ਉਸ ਤੋਂ ਅਸੀਂ ਸਾਰੇ ਭਲੀਂ ਭਾਂਤ ਜਾਣੂ ਹਾਂ।

ਆਪਣੇ ਰੁਝੇਵਿਆਂ ਦਾ ਕੁੱਝ ਹਿੱਸਾ ਬੱਚਿਆਂ ਲਈ ਵੀ ਕੱਢੋ। ਉਸ ਦੀ ਪੜ੍ਹਾਈ, ਖੇਡਾਂ, ਸਾਹਿਤ ਅਤੇ ਧਰਮ ਪ੍ਰਤੀ ਦਿਲਚਸਪੀ ਜਾਨਣ ਦੇ ਨਾਲ - ਨਾਲ ਉਸ ਨਾਲ ਪਿਆਰ ਅਤੇ ਅਪਣਤ ਨਾਲ ਪੇਸ਼ ਹੁੰਦਿਆਂ ਉਸ ਦੀਆਂ ਸਮੱਸਿਆਵਾਂ ਅਤੇ ਉਸ ਦੇ ਮਨ ਵਿੱਚ ਪੈਦਾ ਹੋਏ ਸਵਾਲਾਂ ਦੇ ਜਵਾਬ ਵੀ ਦਿਉ। ਉਸ ਦਾ ਪੱਥ ਪ੍ਰਦਰਸ਼ਕ ਬਣਨ ਵਿੱਚ ਲਾਪਰਵਾਹੀ ਨਾ ਵਰਤੋ। ਉਸ ਦੀਆਂ ਉਸਾਰੂ ਰੁਚੀਆਂ ਲਈ ਹੱਲਾ-ਸ਼ੇਰੀ ਅਤੇ ਢਾਹੂ ਰੁਚੀਆਂ ਲਈ ਕੰਨ੍ਹ ਖਿੱਚਣੇ ਜ਼ਰੂਰੀ ਹਨ।

ਸਮੇਂ-ਸਮੇਂ ਸਿਰ ਸਕੂਲ ਅਧਿਆਪਕਾਂ ਨਾਲ ਸੰਪਰਕ ਰੱਖਿਆ ਜਾਵੇ। ਅਧਿਆਪਕ-ਮਾਪੇ ਮੀਟਿੰਗ ਵਿੱਚ ਜਾ ਕੇ ਆਪਣੇ ਬੱਚੇ ਦੀ ਕਾਰਗੁਜ਼ਾਰੀ ਦਾ ਪਤਾ ਕਰੋ। ਜੇਕਰ ਬੱਚਾ ਸਕੂਲ ਤੋਂ ਗੈਰ ਹਾਜ਼ਰ ਰਹਿੰਦਾ ਹੈ, ਸਹੀ ਸਮੇਂ ਤੇ ਸਕੂਲ ਨਹੀਂ ਆਉਂਦਾ ਜਾਂ ਹੋਮਵਰਕ ਨਹੀਂ ਕਰਦਾ ਤਾਂ ਇਸ ਸਬੰਧੀ ਗੰਭੀਰ ਹੋ ਕੇ ਹੋਰ ਰੁਝੇਵਿਆਂ ਨੂੰ ਛੱਡ ਕੇ ਬੱਚਿਆਂ ਦੀ ਜ਼ਿੰਦਗੀ ਤੇ ਆਪਣਾ ਆਪ ਕੇਂਦਰਿਤ ਕਰ ਕੇ ਉਸ ਦੀਆਂ ਵਿਗੜੀਆਂ ਆਦਤਾਂ ਨੂੰ ਸਹੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਉ। ਮਾਪਿਆਂ ਦਾ ਅਸਲੀ ਸਰਮਾਇਆ ਔਲਾਦ ਹੁੰਦੀ ਹੈ, ਫੂਲੀਆਂ ਹੋਈਆਂ ਜ਼ੇਬਾਂ ਨਹੀਂ।

ਜੇਕਰ ਦਸਵੀਂ ਪਾਸ ਕਰਨ ਤੋਂ ਬਾਅਦ ਮੋਬਾਈਲ ਫੋਨ ਲੈ ਕੇ ਦਿੱਤਾ ਹੈ ਤਾਂ ਉਸ ਦੇ ਘਰੋਂ ਬਾਹਰ ਜਾਣ ਸਮੇਂ ਕਦੇ -ਕਦੇ ਉਸ ਨਾਲ ਵੀਡੀਓ ਕਾਲ ਜ਼ਰੂਰ ਕਰੋ ਤਾਂ ਜੋ ਬੱਚਾ ਤੁਹਾਨੂੰ ਸਹੀ ਥਾਂ ਹੋਣ ਸਬੰਧੀ ਜਾਣਕਾਰੀ ਦੇ ਸਕੇ।

ਜਿੱਥੇ ਬੱਚਾ ਟਿਊਸ਼ਨ ਤੇ ਜਾਂਦਾ ਹੈ, ਉਸ ਅਧਿਆਪਕ ਨਾਲ ਵੀ ਤਾਲਮੇਲ ਰੱਖਣਾ ਜ਼ਰੂਰੀ ਹੈ।

ਖਾਸ ਤੌਰ ਤੇ ਧਿਆਨ ਦਿੱਤਾ ਜਾਵੇ ਕਿ ਬੱਚੇ ਦੇ ਦੋਸਤ ਕਿਹੋ-ਜਿਹੇ ਹਨ। ਜੇਕਰ ਇਹੋ-ਜਿਹੇ ਨਵੇਂ ਨਵੇਂ ਦੋਸਤ ਘਰ ਵਿੱਚ ਉਸ ਨੂੰ ਮਿਲਣ ਆਉਂਦੇ ਹਨ, ਜਿਨ੍ਹਾਂ ਦੀਆਂ ਆਦਤਾਂ, ਬੋਲਣ-ਚਲਣ ਦਾ ਢੰਗ ਤੁਹਾਨੂੰ ਚੰਗਾ ਨਹੀਂ ਲੱਗਦਾ ਤਾਂ ਇਹੋ-ਜਿਹੀ ਸੰਗਤ ਤੋਂ ਦੂਰ ਰਹਿਣ ਲਈ ਬੱਚੇ ਨੂੰ ਵਰਜਿਆ ਜਾਵੇ।

ਜੇਕਰ ਬੱਚਾ ਕਿਸੇ ਲੋੜ ਲਈ ਪੈਸੇ ਮੰਗਦਾ ਹੈ ਤਾਂ ਪਹਿਲਾਂ ਉਸ ਲੋੜ ਸਬੰਧੀ ਤਸੱਲੀ ਕਰ ਲਵੋ। ਫਿਰ ਹੀ ਉਸ ਦੀ ਮੰਗ ਅਨੁਸਾਰ ਪੈਸੇ ਦਿਉ। ਬੱਚੇ ਨੂੰ ਕਦੇ ਵੀ ਕੀਲੇ ਤੇ ਲਟਕਦੇ ਕਮੀਜ ਦੀ ਜੇਬ ਵਿੱਚੋਂ ਪੈਸੇ ਆਪਣੇ ਆਪ ਲੈਣ ਲਈ ਨਾ ਕਹੋ, ਸਗੋਂ ਆਪ ਉਸ ਦੀ ਤਲੀ ਤੇ ਪੈਸੇ ਰੱਖੋ। ਬਾਅਦ ਵਿੱਚ ਇਹ ਤਸੱਲੀ ਵੀ ਕਰ ਲਵੋ ਕਿ ਜਿਸ ਮੰਤਵ ਲਈ ਪੈਸੇ ਦਿੱਤੇ ਗਏ ਹਨ, ਉਸ ਮੰਤਵ ਦੀ ਪੂਰਤੀ ਸਹੀ ਢੰਗ ਨਾਲ ਹੋਈ ਹੈ। ਵਾਧੂ ਪੈਸੇ ਵਾਪਸ ਲੈ ਲਵੋ।

ਜਿਹੜਾ ਕਮਰਾ ਬੱਚੇ ਨੂੰ ਪੜ੍ਹਨ ਲਈ ਦਿੱਤਾ ਹੋਇਆ ਹੈ, ਉੱਥੇ ਵੀ ਧਿਆਨ ਦਿਉ। ਬੱਚੇ ਦਾ ਦਰਵਾਜਾ ਬੰਦ ਕਰਕੇ ਪੜ੍ਹਣਾ, ਅਗਰਬੱਤੀਆਂ ਲਾਉਣੀਆ, ਬਾਰ ਖੜਕਾਉਣ ਤੇ ਕਿੰਨ੍ਹਾਂ-ਕਿੰਨ੍ਹਾਂ ਚਿਰ ਦਰਵਾਜਾ ਨਾ ਖੋਲ੍ਹਣਾ ਸ਼ੁਭ ਸੰਕੇਤ ਨਹੀਂ। ਇਸ ਸਬੰਧ ਵਿੱਚ ਧਿਆਨ ਦੇਣ ਦੀ ਲੋੜ ਹੈ।

ਜੇਕਰ ਬੱਚਾ ਬਾਥਰੂਮ ਵਿੱਚ ਕਾਫ਼ੀ ਦੇਰ ਲਾਉਂਦਾ ਹੈ ਤਾਂ ਇਸ ਸਬੰਧੀ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਅਕਸਰ ਨਸ਼ਾ ਕਰਨ ਵਾਲੇ ਬੱਚੇ ਬਾਥਰੂਮ ਦੀ ਵਰਤੋਂ ਨਸ਼ਾ ਕਰਨ ਲਈ ਕਰਦੇ ਹਨ।

ਉਸ ਦੀ ਗ਼ੈਰ ਹਾਜ਼ਰੀ ਵਿੱਚ ਕਮਰੇ ਨੂੰ ਚੰਗੀ ਤਰ੍ਹਾਂ ਚੈੱਕ ਕਰ ਲਵੋ। ਜੇਕਰ ਕਮਰੇ ਵਿੱਚ ਮੋਮਬੱਤੀਆਂ, ਅਗਰਬੱਤੀਆਂ, ਮਾਚਿਸਾਂ, ਸਰਿੰਜਾਂ, ਜ਼ਰਦੇ ਦੀਆਂ ਪੁੜੀਆਂ ਦੇ ਉਪਰਲੇ ਕਵਰ ਮਿਲਦੇ ਹਨ ਤਾਂ ਬੱਚੇ ਦੇ ਥਿੜਕਨ ਦੇ ਚਿੰਨ੍ਹ ਸਾਡੇ ਸਾਹਮਣੇ ਆ ਜਾਂਦੇ ਹਨ। ਇਹ ਚੋਰ-ਮੋਰੀਆਂ ਬਾਅਦ ਵਿੱਚ ਵੱਡਾ ਮੋਘਾ ਬਣ ਸਕਦੀਆਂ ਨੇ। ਮਾਪਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਬੱਚਿਆਂ ਦੀ ਸਿਹਤ ਵਿੱਚ ਦਿਨ-ਬ-ਦਿਨ ਨਿਘਾਰ, ਅੱਖਾਂ ਦਾ ਗਹਿਰਾ ਹੋਣਾ, ਅੱਖਾਂ ਦੇ ਹੇਠਾਂ ਕਾਲੇ ਜਿਹੇ ਨਿਸ਼ਾਨ ਹੋਣਾ, ਨਹੁੰਆਂ ਤੇ ਚਿੱਟੇ ਜਿਹੇ ਦਾਗਾਂ ਦਾ ਹੋਣਾ, ਹੱਥਾ ਦੇ ਪੋਟੇ ਜਲੇ ਹੋਣਾ, ਭੁੱਖ ਘੱਟ ਲੱਗਣਾ, ਘਰੋਂ ਗ਼ੈਰ ਹਾਜ਼ਰ ਰਹਿਣਾ, ਨਹਾਉਣ ਤੋਂ ਪਰਹੇਜ਼ ਕਰਨਾ, ਕਪੜਿਆਂ ਵੱਲ ਵੀ ਧਿਆਨ ਨਾ ਦੇਣਾ, ਗੱਲ ਨੂੰ ਅਨਸੁਣੀ ਕਰ ਦੇਣਾ, ਸੁਭਾਅ ਵਿੱਚ ਚਿੜਚਿੜਾਪਨ ਆ ਜਾਣਾ, ਘਰ ਅਤੇ ਸਕੂਲ ਵਿੱਚ ਡਸਿਪਲਨ ਭੰਗ ਕਰਨਾ, ਰਿਸ਼ਤੇਦਾਰਾਂ ਨੂੰ ਮਿਲਣ ਤੋਂ ਸੰਕੋਚ ਕਰਨਾ, ਪਰਿਵਾਰ ਵਿੱਚ ਨਾ ਬੈਠਣਾ, ਬਾਹਰੋਂ ਉਲਾਂਭੇ ਆਉਣ ਦੀ ਸੂਰਤ ਵਿੱਚ ਕਿਸੇ ਮਾਹਰ ਮਨੋ ਵਿਗਿਆਨੀ ਦੀ ਸਲਾਹ ਲੈ ਕੇ ਉਸ ਤੇ ਅਮਲ ਕਰਨਾ ਅਤੇ ਬੱਚੇ ਤੋਂ ਕਰਵਾਉਣਾ ਅਤਿਅੰਤ ਜ਼ਰੂਰੀ ਹੈ।

ਅਕਸਰ ਧਿਆਨ ਵਿੱਚ ਆਉਂਦਾ ਹੈ ਕਿ ਬੱਚੇ ਦੇ ਥਿੜਕਨ ਤੇ ਮਾਪੇ ਸਮਾਜਕ ਨਾਮੋਸ਼ੀ ਦੇ ਡਰ ਕਾਰਨ ਉਸ ਦੀਆਂ ਕਮਜ਼ੋਰੀਆਂ ਤੇ ਪੜ੍ਹਦੇ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਈ ਵਾਰ ਉਲਾਂਭਾ ਦੇਣ ਵਾਲੇ ਦੇ ਗਲ ਪੈ ਕੇ ਆਪਣੇ ਬੱਚੇ ਦਾ ਬਚਾਉ ਕਰਦੇ ਹਨ। ਦਰਅਸਲ, ਅਜਿਹੀ ਹਾਲਤ ਵਿੱਚ ਮਾਪੇ ਪਹਾੜ ਜਿੱਡੀ ਗਲਤੀ ਕਰਕੇ ਬੱਚੇ ਨੂੰ ਅਜਿਹੇ ਘੱਟੀਆ ਕਰਮ ਕਰਨ ਤੋਂ ਰੋਕਣ ਦੀ ਥਾਂ ਉਸ ਨੂੰ ਹੱਲਾਸ਼ੇਰੀ ਦਿੰਦੇ ਹਨ ਅਤੇ ਉਹ ਹੋਰ ਨਿਡਰ ਹੋ ਕੇ ਘਟੀਆ ਪੱਧਰ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਜਾਂਦਾ ਹੈ। ਇਸ ਸਬੰਧ ਵਿੱਚ ਮਾਪਿਆਂ ਨੂੰ ਗੰਭੀਰ ਹੋ ਕੇ ਪ੍ਰਾਪਤ ਉਲਾਂਭੇ ਦੀ ਤਹਿ ਤੱਕ ਜਾ ਕੇ ਬੱਚੇ ਦੀਆਂ ਵਿਗੜੀਆਂ ਆਦਤਾਂ ਤੇ ਛਿਕਲੀ ਪਾਉਣ ਦੀ ਹਰ ਸੰਭਵ ਕੋਸ਼ਿਸ ਕਰਨੀ ਚਾਹੀਦੀ ਹੈ। ਇਹ ਗਲ ਮਾਪਿਆਂ ਨੂੰ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਮੌਕੇ ਤੇ ਲੱਗਿਆ ਇੱਕ ਟਾਂਕਾ ਨੌਂ ਟਾਂਕਿਆਂ ਦੀ ਬਚਤ ਕਰਦਾ ਹੈ। ਸਾਡੀ ਲਾਪ੍ਰਵਾਹੀ ਕਈ ਵਾਰ ਬੱਚੇ ਦੀ ਜ਼ਿੰਦਗੀ ਦੇ ਨਾਲ-ਨਾਲ ਸਾਡੇ ਭਵਿੱਖ ਨੂੰ ਵੀ ਧੁੰਦਲਾ ਕਰ ਦਿੰਦੀ ਹੈ।

ਸਮਾਜ ਵਿੱਚ ਨਸ਼ਿਆਂ ਦੀ ਹੋਮ ਡਿਲੀਵਰੀ ਨੇ ਜਿੱਥੇ ਕਈ ਘਰਾਂ ਵਿੱਚ ਸੱਥਰ ਵਿਛਾਏ ਹਨ, ਉੱਥੇ ਹੀ ਸਮਾਜ ਵਿੱਚ ਪੱਸਰੀ ਸੋਗੀ ਹਵਾ ਨੇ ਹਰ ਚੇਤਨ ਵਰਗ ਨੂੰ ਹਲੂਣਿਆ ਹੈ ਅਤੇ ਲੋਕ ਹੁਣ ਸਮਾਜਿਕ ਰੁਝੇਵੇਂ, ਮਤਭੇਦ ਅਤੇ ਉੱਚੇ-ਨੀਵੇਂ ਰੁਤਬੇ ਨੂੰ ਭੁੱਲ ਕੇ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕੱਠੇ ਹੋ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਜੰਗਲ ਦੀ ਅੱਗ ਦੀ ਤਰ੍ਹਾਂ ਜੇਕਰ ਇਸ ਤੇ ਕਾਬੂ ਨਾ ਪਾਇਆ ਗਿਆ ਤਾਂ ਹਰ ਘਰ ਵਿੱਚ ਸੱਥਰ ਉਨ੍ਹਾਂ ਦਾ ਨਸੀਬ ਬਣ ਜਾਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੋ ਗਿਆ ਹੈ ਕਿ ਨਸ਼ਾ ਤਸਕਰ ਥੋੜ੍ਹੀ ਗਿਣਤੀ ਵਿੱਚ ਹੁੰਦਿਆਂ ਭਾਰੀ ਗਿਣਤੀ ਨੂੰ ਤਬਾਹ ਕਰਨ ਲਈ ਜੁੰਮੇਵਾਰ ਹਨ ਅਤੇ ਭਾਈਚਾਰਕ ਏਕਾ ਹੀ ਨਸ਼ਿਆਂ ਦੀ ਨਾਮੁਰਾਦ ਬਿਮਾਰੀ ਨੂੰ ਠੱਲ੍ਹ ਪਾਉਣ ਵਿੱਚ ਸਹਾਈ ਹੋਵੇਗਾ। ਨਸ਼ਾ ਤਸਕਰਾਂ ਵਿਰੁੱਧ ਮਾਲਵਾ ਇਲਾਕੇ ਵਿੱਚੋਂ ਉੱਠੀ ਵਿਦਰੋਹੀ ਸੁਰ ਹੁਣ ਮਾਝੇ ਅਤੇ ਦੋਆਬੇ ਵਿੱਚ ਵੀ ਫੈਲ ਰਹੀ ਹੈ ਅਤੇ ਲੋਕ ਆਪ ਮੁਹਾਰੇ ਨਸ਼ਾ ਤਸਕਰਾਂ ਨੂੰ ਵੰਗਾਰਨ ਲਈ ਪਿੰਡਾਂ ਦੀਆਂ ਗਲੀਆਂ ਅਤੇ ਸੜਕਾਂ ਤੇ ਇਕੱਠੇ ਹੋ ਗਏ ਹਨ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਨਸ਼ਾ ਤਸਕਰਾਂ ਦੀਆਂ ਨਾ ਹੀ ਸ਼ੀਸ਼ੀਆਂ ਐਨ੍ਹੀਆਂ ਪੱਕੀਆਂ ਹਨ ਕਿ ਉਨ੍ਹਾਂ ਨੂੰ ਭੰਨਿਆ ਨਾ ਜਾ ਸਕੇ ਅਤੇ ਨਾ ਪੈਰ ਐਨ੍ਹੇ ਮਜ਼ਬੂਤ ਹਨ ਕਿ ਉਨ੍ਹਾਂ ਨੂੰ ਉਖੇੜਿਆ ਨਾ ਜਾ ਸਕੇ। ਪਿੰਡਾਂ ਵਿੱਚ ਔਰਤਾਂ, ਨੌਜਵਾਨਾਂ ਅਤੇ ਮਰਦਾਂ ਵੱਲੋਂ ਲਾਏ ਪਹਿਰੇ ਅਤੇ ਨਾਕਿਆਂ ਨੇ ਨਸ਼ਾ ਤਸਕਰਾਂ ਦੇ ਨਾਸੀਂ ਧੂੰਆ ਲਿਆ ਦਿੱਤਾ ਹੈ। ਲੋਕਾਂ ਨੇ ਇਕੱਠੇ ਹੋ ਕੇ ਤਸਕਰਾਂ ਨੂੰ ਨਸ਼ਾ ਨਾ ਵੇਚਣ ਦੀ ਦਿੱਤੀ ਵਾਰਨਿੰਗ ਨਾਲ ਉਨ੍ਹਾਂ ਦੇ ਭਾਵੇਂ ਸਾਂਹ ਸੂਤੇ ਗਏ ਹਨ ਪਰ ਜਹਿਰੀਲੇ ਸੱਪ ਦੇ ਜਹਿਰ ਘੋਲਣ ਵਾਂਗ ਕਈ ਥਾਵਾਂ ਤੇ ਉਨ੍ਹਾਂ ਨੇ ਨਸ਼ਾ ਵਿਰੋਧੀ ਕਮੇਟੀਆਂ ਦੇ ਮੈਂਬਰਾਂ ਤੇ ਕੀਤੇ ਜਾਨਲੇਵਾ ਹਮਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਕੌਮ ਵਿਰੋਧੀ ਲੋਕਾਂ ਨੇ ਸਾਡੀ ਪੀੜ੍ਹੀ ਨੂੰ ਬਰਬਾਦ ਕਰਨ ਲਈ ਦਰਿੰਦਗੀ ਦਾ ਰਾਹ ਵੀ ਚੁਣਿਆ ਹੋਇਆ ਹੈ। ਲੋਕਾਂ ਨੂੰ ਅਜਿਹੀਆਂ ਤਾਕਤਾਂ ਦੇ ਮੁਕਾਬਲੇ ਲਈ ਇੱਕ-ਮੁੱਠ ਹੋ ਕੇ ਜੋਸ਼ ਦੇ ਨਾਲ -ਨਾਲ ਹੋਸ਼ ਤੋਂ ਵੀ ਕੰਮ ਲੈਣਾ ਹੋਵੇਗਾ। ਅਜਿਹੀਆਂ ਗਿੱਦੜ ਧਮਕੀਆਂ ਔਰਤਾਂ, ਮਰਦਾਂ ਅਤੇ ਨੌਜਵਾਨਾਂ ਦੇ ਏਕੇ ਸਾਹਮਣੇ ਟਿੱਕ ਨਹੀਂ ਸਕਦੀਆਂ। ਲੋਕਾਂ ਦੇ ਲਾਏ ਨਾਕੇ ਅਤੇ ਪਹਿਰੇਦਾਰੀ ਭਵਿੱਖ ਲਈ ਸ਼ੁਭ ਸ਼ਗਨ ਹੈ। ਸਮਾਜਿਕ ਦਬਾਉ, ਸਮਾਜਿਕ ਪਹਿਰੇਦਾਰੀ ਅਤੇ ਸਮਾਜਿਕ ਨਾਮੋਸ਼ੀ ਅਜਿਹੇ ਬਿਗੜੇ ਤਸਕਰਾਂ ਨੂੰ ਸਹੀ ਰਾਹ ਤੇ ਲਿਆਉਣ ਵਿੱਚ ਜ਼ਰੂਰ ਕਾਮਯਾਬ ਹੋਵੇਗੀ। ਹਾਂ, ਲੋਕਾਂ ਦੇ ਲਾਏ ਨਾਕਿਆਂ ਅਤੇ ਬੁਲੰਦ ਨਾਅਰਿਆਂ ਵਿੱਚ ਹਿੰਸਾਤਮਕ ਕਾਰਵਾਈ ਨਹੀਂ ਜੁੜਨੀ ਚਾਹੀਦੀ। ਲੋਕ ਏਕਤਾ ਨੂੰ ਕਾਨੂੰਨ ਦੀ ਰੱਖਿਆ ਕਰਨ ਲਈ ਵੀ ਵਚਨਬੱਧ ਹੋਣਾ ਪਵੇਗਾ।

ਮਾਪੇ ਆਪਣੀ ਔਲਾਦ ਪ੍ਰਤੀ ਰੋਲ ਮਾਡਲ ਵਾਲਾ ਫ਼ਰਜ ਨਿਭਾਉਣ, ਸਮਾਜ ਨਸ਼ਾ ਤਸਕਰਾਂ ਤੇ ਪਹਿਰੇਦਾਰੀ ਰੱਖੇ ਅਤੇ ਸਰਕਾਰ ਮਾਪਿਆਂ ਅਤੇ ਸਮਾਜ ਦੇ ਹਿੱਤਾਂ ਦੀ ਰਾਖੀ ਕਰਦਿਆਂ ਨਸ਼ਾ ਤਸਕਰੀ ਨੂੰ ਦੂਰ ਕਰਨ ਲਈ ਦ੍ਰਿੜ ਇੱਛਾ ਸ਼ਕਤੀ ਨੂੰ ਅਮਲੀਜਾਮਾ ਪਹਿਨਾਵੇ ਤਾਂ ਨਸ਼ੇ ਦੇ ਦੈਂਤ ਨੂੰ ਹਰ ਹਾਲਤ ਵਿੱਚ ਚਿੱਤ ਕਰ ਦਿੱਤਾ ਜਾਵੇਗਾ।

ਯਾਦਾਂ ਹੋਸਟਲ ਦੀਆਂ

1992 ਵਿੱਚ ਘਰੋਂ ਬਹੁਤ ਦੂਰ ਪੜ੍ਹਨ ਜਾਣ ਕਰ ਕੇ ਹੋਸਟਲ ਵਿੱਚ ਰਹਿਣ ਦਾ ਮੌਕਾ ਮਿਲਿਆ ਉਸ ਸਮੇਂ ਪੰਜਾਬ ਵਿੱਚ ਇੰਜੀਨੀਅਰਿੰਗ ਤੇ ਬਹੁਤਕਨੀਕੀ ਕਾਲਜਾਂ ਦੀ ਗਿਣਤੀ ਬਹੁਤ ਘੱਟ ਸੀ। ਇਸ ਕਰ ਕੇ ਬਹੁਗਿਣਤੀ ਪੰਜਾਬੀ ਤਕਨੀਕੀ ਪੜ੍ਹਾਈ ਕਰਨ ਲਈ ਦੂਜੇ ਸੂਬਿਆਂ ਵਿੱਚ ਚਲੇ ਜਾਂਦੇ ਸਨ ਜਿਨ੍ਹਾਂ ਵਿੱਚੋਂ ਕਰਨਾਟਕਾ ਸੂਬੇ ਦਾ ਬਿਦਰ ਸ਼ਹਿਰ ਵੀ ਇੱਕ ਹੈ।

ਹੋਸਟਲ ਵਿੱਚ ਰਹਿ ਕੇ ਪੜ੍ਹਨਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ।ਇੱਕ ਵਿਦਿਆਰਥੀ ਦਾ ਹੋਸਟਲ ਵਿੱਚ ਰਹਿ ਕੇ ਪੜ੍ਹਨਾ ਉਸ ਨੂੰ ਆਤਮ-ਨਿਰਭਰ ਬਣਾਉਣ ਵਿੱਚ ਬਹੁਤ ਸਹਾਈ ਹੁੰਦਾ ਹੈ ਉਸ ਵਕਤ ਰੈਗਿੰਗ ਰੋਕਣ ਲਈ ਇੰਨੀ ਸਖ਼ਤੀ ਨਹੀਂ ਸੀ ਪਰ ਕਾਲਜ ਦੇ ਪ੍ਰਿੰਸੀਪਲ ਰਿਟਾ. ਫਲਾਇੰਗ ਲੈਫਟੀਨੈਂਟ ਦਾ ਕਾਲਜ ਵਿੱਚ ਪੂਰਾ ਦਬਦਬਾ ਸੀ।ਸਾਰੇ ਵਿਦਿਆਰਥੀ ਉਨ੍ਹਾਂ ਤੋਂ ਬਹੁਤ ਡਰਦੇ ਸੀ ਪਰ ਫਿਰ ਵੀ ਰੈਗਿੰਗ ਨੂੰ ਜਾਣ-ਪਹਿਚਾਣ ਦਾ ਨਾਂ ਦੇ ਕੇ ਸੀਨੀਅਰ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸੀ ਮੈਨੂੰ ਯਾਦ ਹੈ ਰੈਗਿੰਗ ਨੁਮਾ ਜਾਣ-ਪਹਿਚਾਣ ਤੋਂ ਅੱਕੇ ਹੋਇਆਂ ਨੇ ਅਸੀਂ ਟੁਆਇਲਟ ਗਏ ਹੋਏ ਸੀਨੀਅਰ ਮੁੰਡਿਆਂ ਨੂੰ ਬਾਹਰੋਂ ਕੁੰਡੀਆਂ ਲਾ ਕੇ ਉੱਪਰੋਂ ਪਾਣੀ ਦੀਆਂ ਭਰੀਆਂ ਬਾਲਟੀਆਂ ਸੁੱਟ ਕੇ ਉਨ੍ਹਾਂ ਨੂੰ ਭਿਉਂ ਦਿੱਤਾ ਸੀ ਤੇ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਪਾਣੀ ਕੀਹਨੇ ਸੁੱਟਿਆ ਹੈ।ਕਦੇ ਰਾਤ ਵੇਲੇ ਹੋਸਟਲ ਵਾਰਡਨ ਦੇ ਆਪਣੇ ਕਮਰੇ ਵਿੱਚ ਬੈਠਿਆਂ ਪਿਛਲੇ ਪਾਸੇ ਬਾਰੀ ਵਿੱਚੋਂ ਦੀ ਪਾਣੀ ਭਰੀ ਬਾਲਟੀ ਵਾਰਡਨ ਉੱਤੇ ਸੁੱਟ ਕੇ ਅੰਦਰ ਆ ਕੇ ਆਪ ਹੀ ਪੁੱਛਣਾ ਕਿ ਸਰ, ਆਹ ਤੁਹਾਡੇ 'ਤੇ ਪਾਣੀ ਕੀਹਨੇ ਸੁੱਟਿਆ ਹੈ, ਸਾਰੇ ਰਜਿਸਟਰ ਵੀ ਗਿੱਲੇ ਹੋ ਗਏ ਆਦਿ। ਓਦੋਂ ਮਨੋਰੰਜਨ ਦੇ ਸਾਧਨ ਵੀ ਸੀਮਤ ਜਿਹੇ ਹੀ ਸਨ ਜਿਵੇਂ ਕਿ ਸਿਨੇਮਾ, ਟੈਲੀਵਿਜ਼ਨ ਜਾਂ ਗੀਤ ਸੁਣਨ ਲਈ ਡੈੱਕ ਵਗੈਰਾ ਹੀ ਹੁੰਦੇ ਸਨ।ਉਸ ਸਮੇਂ ਮੋਬਾਈਲ ਜਾਂ ਇੰਟਰਨੈੱਟ ਦਾ ਕਿਸੇ ਨੇ ਨਾਂ ਵੀ ਨਹੀਂ ਸੀ ਸੁਣਿਆ। ਸਾਡੇ ਕਾਲਜ ਦੇ ਹੋਸਟਲ ਦੇ ਨਾਲ਼ ਹੀ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਬਣੀ ਹੋਈ ਸੀ। ਚੰਗੀ ਤਰਾਂ ਯਾਦ ਹੈ ਕਿ ਉਦੋਂ ਅਖ਼ਬਾਰਾਂ ਰੇਲਗੱਡੀ ਰਾਹੀਂ ਆਉਂਦੀਆਂ ਸਨ ਤੇ ਅੱਜ ਦੀ ਅਖ਼ਬਾਰ ਉੱਥੇ ਤੀਜੇ ਦਿਨ ਪਹੁੰਚਦੀ ਸੀ। ਤਿੰਨ ਦਿਨ ਪੁਰਾਣੀ ਅਖ਼ਬਾਰ ਪੜ੍ਹ ਕੇ ਹੀ ਪੰਜਾਬ ਦੀਆਂ ਖ਼ਬਰਾਂ ਦਾ ਪਤਾ ਲੱਗਦਾ ਸੀ।ਗੀਤ-ਸੰਗੀਤ ਸੁਣਨ ਦੇ ਚਾਹਵਾਨ ਵਿਦਿਆਰਥੀਆਂ ਨੇ ਆਪਣੇ ਹੋਸਟਲ ਦੇ ਕਮਰਿਆਂ ਵਿੱਚ ਘੜਿਆਂ ਉੱਤੇ ਸਪੀਕਰ ਰੱਖੇ ਹੁੰਦੇ ਸੀ ਜਿਹੜੀ ਕਿ ਵਾਕ-ਮੈਨ ਨਾਲ ਐਂਮਪਲੀਫ਼ਾਇਰ ਰਾਹੀਂ ਕਨੈੱਕਟ ਕੀਤੇ ਹੁੰਦੇ ਸੀ। ਵਾਕ-ਮੈਨ ਕਿਉਂਕਿ ਸਾਈਜ਼ ਵਿੱਚ ਬਹੁਤ ਛੋਟਾ ਹੁੰਦਾ ਸੀ ਇਸ ਲਈ ਇਸ ਦੀ ਜ਼ਰੂਰਤ ਪੰਜਾਬ ਆਉਂਦੇ-ਜਾਂਦੇ ਰੇਲਗੱਡੀ ਵਿੱਚ ਵੀ ਗਾਣੇ ਸੁਣਨ ਲਈ ਹੁੰਦੀ ਸੀ। ਉਸ ਸਮੇਂ ਉਦਾਸ ਗੀਤਾਂ ਦਾ ਜ਼ਿਆਦਾ ਬੋਲਬਾਲਾ ਸੀ ਇਸ ਲਈ ਛੁੱਟੀ ਵਾਲੇ ਦਿਨ ਖ਼ਾਸ ਕਰ ਕੇ ਐਤਵਾਰ ਨੂੰ ਦਵਿੰਦਰ ਕੋਹਨੂਰ, ਰਣਜੀਤ ਮਣੀ ਆਦਿ ਦੇ ਗੀਤ ਸਾਰਾ ਸਾਰਾ ਦਿਨ ਚੱਲਦੇ ਰਹਿੰਦੇ ਸਨ। ਕਿਸੇ ਐਤਵਾਰ ਨੂੰ ਪ੍ਰਿੰਸੀਪਲ ਸਰ ਅਚਾਨਕ ਹੋਸਟਲ ਵਿੱਚ ਛਾਪਾ ਮਾਰਦੇ ਤੇ ਜਿਸ ਕਮਰੇ ਵਿੱਚ ਉੱਚੀ-ਉੱਚੀ ਗਾਣੇ ਵੱਜਦੇ ਸੀ ਉਹ ਸਾਰਾ ਸਟੀਰੀਓ ਸਿਸਟਮ ਚੁੱਕ ਕੇ ਆਪਣੇ ਨਾਲ ਲੈ ਜਾਂਦੇ ਸਨ। ਛੁੱਟੀਆਂ ਵਿੱਚ ਪੰਜਾਬ ਹੁੰਦਿਆਂ ਬਾਕੀ ਸਾਮਾਨ ਦੇ ਨਾਲ ਅਗਲੇ ਛੇ ਮਹੀਨੇ ਸੁਣਨ ਵਾਲੇ ਗੀਤਾਂ ਦੀਆਂ ਨਵੀਆਂ ਕੈਸਟਾਂ (ਰੀਲਾਂ) ਨਾਲ ਲਿਜਾਣਾ ਕਦੇ ਵੀ ਨਹੀਂ ਭੁੱਲਦੇ ਸੀ ਕਿਉਂਕਿ ਬਿਦਰ ਵਿਖੇ ਪੰਜਾਬੀ ਗੀਤਾਂ ਦੀਆਂ ਰੀਲਾਂ ਬਹੁਤ ਘੱਟ ਹੀ ਮਿਲਦੀਆਂ ਸੀ। ਉਹ ਰੀਲਾਂ ਵੀ ਟਰੰਕਾਂ ਵਿੱਚ ਲੁਕੋ-ਲੁਕੋ ਰੱਖਣੀਆਂ ਪਰ ਫਿਰ ਵੀ ਕੋਈ ਮੁੰਡਾ ਕੈਸਟ ਮੰਗ ਕੇ ਲੈ ਜਾਂਦਾ ਤਾਂ ਉਹ ਵਾਪਸ ਮੋੜਨ ਦਾ ਨਾਂ ਨਹੀਂ ਲੈਂਦਾ ਸੀ। ਐਤਵਾਰ ਵਾਲੇ ਦਿਨ ਜ਼ਿਆਦਾ ਮੁੰਡੇ ਹੋਸਟਲ ਦੀ ਸਿਖਰਲੀ ਮੰਜ਼ਿਲ 'ਤੇ ਪਾਣੀ ਵਾਲੀ ਵੱਡੀ ਟੈਂਕੀ ਦੇ ਉੱਪਰ ਚੜ੍ਹ ਕੇ ਹੀ ਕੱਪੜੇ ਧੋਂਦੇ ਹੁੰਦੇ ਸਨ।ਪਹਿਲਾਂ ਤਾਂ ਆਪਣੇ ਕਮਰੇ ਵਿੱਚ ਹੀ ਬਾਲਟੀ ਵਿੱਚ ਪਾਣੀ ਭਰ ਕੇ ਤੇ ਉਸ ਵਿੱਚ ਸਰਫ਼ ਮਿਲਾ ਕੇ ਬੈੱਡ ਥੱਲੇ ਰੱਖੀ ਰੱਖਣੀ ਅਤੇ ਹਰ ਰੋਜ਼ ਉਸ ਵਿੱਚ ਕੱਪੜੇ ਸੁੱਟਦੇ ਰਹਿਣਾ।ਕਈ ਬਾਰੀ ਦਸ-ਦਸ ਦਿਨ ਲੰਘ ਜਾਂਦੇ ਸੀ ਤੇ ਜਦੋਂ ਅਗਲੇ ਦਿਨ ਪਾਉਣ ਨੂੰ ਕੋਈ ਕੱਪੜਾ ਨਾ ਬਚਣਾ ਤਾਂ ਹੀ ਉਹ ਕੱਪੜੇ ਧੋ ਕੇ ਸੁੱਕਣੇ ਪਾਉਣੇ।

ਸਾਡਾ ਹੋਸਟਲ ਬਿਦਰ ਦੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਬਿਲਕੁਲ ਨਾਲ ਹੀ ਸੀ।ਜਦੋਂ ਵੀ ਦੇਰ-ਸਵੇਰ ਪੰਜਾਬ ਦੀ ਸੰਗਤ ਦਾ ਟਰੱਕ ਗੁਰਦਵਾਰਾ ਸਾਹਿਬ ਆਉਣਾ ਤਾਂ ਨਾਲ ਹੀ ਸੰਗਤ ਦੀ ਸੇਵਾ ਕਰਨ ਲਈ ਲੰਗਰ ਹਾਲ ਵਿੱਚ ਪਹੁੰਚ ਜਾਂਦੇ ਸੀ।ਦੇਰ ਰਾਤ ਤੱਕ ਪੜ੍ਹਦਿਆਂ ਜਦੋਂ ਭੁੱਖ ਲੱਗਣੀ ਤਾਂ ਫੇਰ ਰਾਤ ਨੂੰ ਲੰਗਰ ਆਪ ਹੀ ਥਾਲ਼ੀਆਂ ਵਿੱਚ ਪਾ ਕੇ ਛਕਣਾ।ਕਦੇ ਅੱਧੀ ਰਾਤ ਨੂੰ ਚਾਹ ਪੀਣ ਲਈ ਪੈਦਲ ਰੇਲਵੇ ਸਟੇਸ਼ਨ ਜਾਂਦੇ ਹੁੰਦੇ ਸੀ।ਛੁੱਟੀਆਂ ਤੋਂ ਬਾਅਦ ਕਾਲਜ ਖੁੱਲਣ 'ਤੇ ਜਦੋਂ ਹੋਸਟਲ ਪਹੁੰਚਣਾ ਤਾਂ ਪਹਿਲਾਂ ਪਹੁੰਚੇ ਮੁੰਡਿਆਂ ਨੇ ਬੈਗ ਫਰੋਲ ਕੇ ਪੰਜੀਰੀ ਜਾਂ ਪਿੰਨੀਆਂ ਦਾ ਤਾਂ ਨਾਲ ਦੀ ਨਾਲ ਹੀ ਭੋਗ ਪਾ ਦੇਣਾ ਅਤੇ ਬਾਕੀ ਅਚਾਰ ਜਾਂ ਦੇਸੀ ਘਿਉ ਹੁੰਦਾ ਤਾਂ ਉਹ ਵੀ ਪਤਾ ਲੱਗ ਜਾਂਦਾ ਸੀ ਬਈ ਹੁਣ ਮੈੱਸ ਵਿੱਚ ਜਾਣ ਸਮੇਂ ਅਚਾਰ ਤੇ ਘਿਉ ਨਾਲ ਲਿਜਾਣਾ ਨਾ ਭੁੱਲਦੇ।ਅਕਸਰ ਰਾਤ ਨੂੰ ਭੁੱਖ ਲੱਗਣ 'ਤੇ ਕਮਰੇ ਵਿੱਚ ਚੋਰੀ ਰੱਖੇ ਹੀਟਰ 'ਤੇ ਦੇਸੀ ਘਿਉ ਦਾ ਕੜਾਹ ਬਣਾ ਕੇ ਖਾਣਾ ਬੇਸ਼ੱਕ ਕਮਰਿਆਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਸੀ ਪਰ ਕੜਾਹ ਬਣਦਿਆਂ ਹੀ ਨਾਲ ਦੇ ਕਮਰਿਆਂ ਵਿੱਚ ਫੈਲੀ ਖ਼ੁਸ਼ਬੂ ਕਰ ਕੇ ਦੂਜੇ ਮੁੰਡਿਆਂ ਨੇ ਝੱਟ ਆ ਜਾਣਾ ਤੇ ਸਾਰਾ ਕੜਾਹ ਚਮਚਾ-ਚਮਚਾ ਹੀ ਹਿੱਸੇ ਆਉਂਦਾ ਸੀ।

ਬਿਦਰ ਤੋਂ ਪੰਜਾਬ ਆਉਂਦਿਆਂ ਆਗਰਾ ਸਟੇਸ਼ਨ ਸਵੇਰੇ ਚਾਰ ਕੁ ਵਜੇ ਆਉਂਦਾ ਸੀ ਤੇ ਉੱਥੋਂ ਬਹੁਤ ਸਾਰੇ ਯਾਤਰੀ ਪੇਠਾ ਖ਼ਰੀਦਦੇ ਸੀ।ਉਨੀਂਦਰੇ ਵਿੱਚ ਯਾਤਰੀ ਪੇਠਾ ਲੈ ਕੇ ਆਪਣੇ ਸਮਾਨ ਦੇ ਕੋਲ ਹੀ ਰੱਖ ਕੇ ਸੌਂ ਜਾਂਦੇ ਸੀ ਤੇ ਉਨ੍ਹਾਂ ਦੇ ਸੌਂਦਿਆਂ ਹੀ ਨਾਲ ਬੈਠੇ ਮੁੰਡੇ ਸਾਰਾ ਪੇਠਾ ਖਾ ਜਾਂਦੇ ਸੀ।ਇੱਕ ਬਾਰੀ ਮੈਨੂੰ ਯਾਦ ਹੈ ਦੀਵਾਲੀ ਵਾਲੀ ਰਾਤ ਅਸੀਂ ਉੱਥੇ ਹੀ ਸੀ।ਹੋਸਟਲ ਦੇ ਬਾਹਰ ਢਾਬੇ ਵਾਲਿਆਂ ਮਿਠਾਈਆਂ ਬਣਾਈਆਂ ਹੋਈਆ ਸੀ ਤੇ ਉਹ ਦੀਵਾਲੀ ਦੀ ਰਾਤ ਨੂੰ ਪੂਜਾ ਕਰ ਕੇ ਲਕਸ਼ਮੀ ਦੇ ਆਉਣ ਦੇ ਵਿਸ਼ਵਾਸ ਨਾਲ ਦੁਕਾਨਾਂ ਖੁੱਲ੍ਹੀਆਂ ਹੀ ਛੱਡ ਆਪਣੇ ਘਰ ਚਲੇ ਗਏ ਤੇ ਅਸੀਂ ਰਾਤ ਨੂੰ ਰੱਸਗੁੱਲੇ-ਜਾਮਨਾਂ ਖਾ-ਖਾ ਢਿੱਡ ਅਫ਼ਰਾ ਲਏ ਸੀ।ਸਭ ਤੋਂ ਜ਼ਿਆਦਾ ਲੁੱਟ ਤੇ ਭੁੱਖ ਖਾਣ-ਪੀਣ ਦੇ ਸਮਾਨ ਦੀ ਹੀ ਹੁੰਦੀ ਸੀ।ਸਾਬਣ ਤੇ ਪੇਸਟ ਦੀ ਘਾਟ ਤਾਂ ਸਦਾ ਹੀ ਰਹਿੰਦੀ ਸੀ ਜਿੰਨੀ ਵਾਰੀ ਮਰਜ਼ੀ ਨਵਾਂ ਲੈ ਲਈਏ ਦੂਜੇ ਦਿਨ ਗ਼ਾਇਬ ਹੋ ਜਾਂਦਾ ਸੀ। ਸ਼ਾਮ ਨੂੰ ਕਾਲਜ ਤੋਂ ਬਾਅਦ ਘੰਟਿਆਂ ਬੱਧੀ ਗੁਰਦਵਾਰੇ ਦਾ ਨਾਲ ਵਾਲੇ ਢਾਬਿਆਂ 'ਤੇ ਬੈਠੇ ਚਾਹਾਂ ਹੀ ਪੀਂਦੇ ਰਹਿਣਾ।ਜਦੋਂ ਕਦੇ ਗੁਰਦੁਆਰਾ ਸਾਹਿਬ ਕਿਸੇ ਮੁੰਡੇ ਦਾ ਕੋਈ ਰਿਸ਼ਤੇਦਾਰ ਜਾਂ ਜਾਣ-ਪਹਿਚਾਣ ਵਾਲੇ ਨੇ ਆਉਣਾ ਤਾਂ ਉਹਦੇ ਨਾਲੋਂ ਜ਼ਿਆਦਾ ਚਾਅ ਉਹਦੇ ਦੋਸਤਾਂ ਨੂੰ ਚੜ੍ਹ ਜਾਂਦਾ ਸੀ ਕਿਉਂਕਿ ਉਸ ਰਿਸ਼ਤੇਦਾਰ ਦੀ ਸੇਵਾ ਦੇ ਨਾਲ ਨਾਲ ਦੋਸਤਾਂ ਦੀਆਂ ਵੀ ਖਾਣ-ਪੀਣ ਦੀਆਂ ਪੌਂ-ਬਾਰਾਂ ਹੋ ਜਾਂਦੀਆਂ ਸਨ।ਜੇਕਰ ਕਦੇ ਦੋ-ਤਿੰਨ ਛੁੱਟੀਆਂ ਇਕੱਠੀਆਂ ਆ ਜਾਂਦੀਆਂ ਤਾਂ ਘੁੰਮਣ ਲਈ ਹੈਦਰਾਬਾਦ ਚਲੇ ਜਾਂਦੇ ਸੀ ਜਾਂ ਹਜ਼ੂਰ ਸਾਹਿਬ ਮੱਥਾ ਟੇਕਣ ਚਲੇ ਜਾਣਾ।ਉੱਥੋਂ ਹੀ ਪੜ੍ਹਾਈ ਦੇ ਪਹਿਲੇ ਸਾਲ ਦੌਰਾਨ ਅਸੀਂ ਤਿੰਨ-ਚਾਰ ਦੋਸਤਾਂ ਨੇ ਪੂਰੀ ਬੰਬਈ (ਅੱਜ-ਕੱਲ੍ਹ ਮੁੰਬਈ) ਘੁੰਮੀ ਸੀ ਜੀਹਦੀਆਂ ਯਾਦਾਂ ਅੱਜ ਵੀ ਅਚੇਤ ਮਨਾਂ ਵਿੱਚ ਤਾਜ਼ਾ ਹਨ।ਹੋਸਟਲ ਵਿੱਚ ਗਰੁੱਪ-ਬਾਜ਼ੀ ਵੀ ਬਹੁਤ ਸੀ।ਹਰ ਤਿਉਹਾਰ 'ਤੇ ਮੁੰਡਿਆਂ ਦੀ ਘੁੱਟ ਲਾਈ ਹੋਣ ਕਰ ਕੇ ਕੋਈ ਨਾ ਕੋਈ ਲੜਾਈ ਹੋ ਹੀ ਜਾਂਦੀ ਸੀ।ਆਮ ਤੌਰ 'ਤੇ ਪਾੜ੍ਹਿਆਂ ਦੀ ਲੜਾਈ ਕੁੜੀਆਂ ਕਰ ਕੇ ਹੁੰਦੀ ਹੈ ਪਰ ਸਾਡੇ ਕਾਲਜ ਵਿੱਚ ਸਿਰਫ਼ ਮੁੰਡੇ ਹੀ ਪੜ੍ਹਦੇ ਸੀ ਤੇ ਲੜਾਈਆਂ ਦੇ ਕਾਰਨ ਬੱਸ ਉਹੀ ਅੱਖਾਂ ਕੱਢਣੀਆਂ ਜਾਂ ਮੁੱਛਾਂ ਨੂੰ ਤਾਓ ਦੇਣੇ ਆਦਿ ਹੁਣ ਜਦੋਂ ਵੀ ਰੀ-ਯੂਨੀਅਨਾਂ 'ਤੇ ਮਿਲਦੇ ਹਾਂ ਤਾਂ ਸਾਰੇ ਇਹ ਸਾਰੀਆਂ ਗੱਲਾਂ ਯਾਦ ਕਰ ਕੇ ਬਹੁਤ ਖ਼ੁਸ਼ ਹੁੰਦੇ ਹਾਂ।ਇਹ ਹੋਸਟਲ ਦੀਆਂ ਯਾਦਾਂ ਜੇਕਰ ਕੋਈ ਖ਼ਜ਼ਾਨਾ ਨਹੀਂ ਤਾਂ ਕਿਸੇ ਖ਼ਜ਼ਾਨੇ ਤੋਂ ਘੱਟ ਵੀ ਨਹੀਂ ਹਨ ਉਸ ਸੱਚੇ ਰੱਬ ਅੱਗੇ ਦੁਆ ਹੈ ਬਈ ਇਹ ਸਾਰੇ ਯਾਰ ਅਣਮੁੱਲੇ ਸਦਾ ਹੱਸਦੇ-ਖੇਡਦੇ ਤੰਦਰੁਸਤ ਰਹਿਣ।

ਅਮਰਬੀਰ ਸਿੰਘ ਚੀਮਾ

ਐਨੀ ਹਾਊ-ਮਿੱਟੀ ਪਉ ਨਾਲ ਮੁੜ ਸਰਗਰਮ ਹੋਇਆ 'ਹਰੀਸ਼ ਵਰਮਾ'

ਸੁਰਜੀਤ ਜੱਸਲ
9814607737



ਹਰੀਸ਼ ਵਰਮਾ ਪੰਜਾਬੀ ਸਿਨੇਮੇ ਦਾ ਇੱਕ ਨਾਮੀਂ ਅਦਾਕਾਰ ਹੈ ਜਿਸਨੇ ਰੰਗਮੰਚ ਤੋਂ ਬਾਅਦ ਫ਼ਿਲਮੀ ਪਰਦੇ ਵੱਲ ਕਦਮ ਵਧਾਉਂਦਿਆਂ ਆਪਣੀ ਵੱਖਰੀ ਪਛਾਣ ਬਣਾਈ। ਜਿੱਥੇ ਉਸਨੇ ਪਾਲੀਵੁੱਡ ਤੇ ਬਾਲੀਵੁੱਡ ਲਈ ਕੰਮ ਕੀਤਾ, ਉੱਥੇ ਛੋਟੇ ਪਰਦੇ ਦੇ ਨਾਮਵਰ ਸੀਰੀਅਲਾਂ ਵਿੱਚ ਵੀ ਆਪਣੀ ਅਦਾਕਾਰੀ ਦੇ ਰੰਗ ਬਿਖੇਰੇ। ਪੰਜਾਬੀ ਫ਼ਿਲਮਾਂ ਦਾ ਇਹ ਮਾਣਮੱਤਾ ਅਦਾਕਾਰ ਬੜੀ ਸਹਿਜਤਾ ਨਾਲ ਅਪਣੀਆਂ ਫ਼ਿਲਮਾਂ ਦੀ ਚੋਣ ਕਰਦਾ ਹੈ। ਲੰਮੇ ਸਮੇਂ ਦੇ ਵਕਫ਼ੇ ਬਾਅਦ ਹਰੀਸ਼ ਵਰਮਾ ਪੰਜਾਬੀ ਸਿਨਮੇ ਲਈ ਮੁੜ ਸਰਗਰਮ ਹੋਇਆ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਉਹ ਕਈ ਵੱਡੀਆਂ ਫ਼ਿਲਮਾਂ ਲੈ ਕੇ ਆ ਰਿਹਾ ਹੈ।

ਜਿਨ੍ਹਾਂ 'ਚੋਂ ਉਸਦੀ ਫ਼ਿਲਮ ਐਨੀ ਹਾਊ-ਮਿੱਟੀ ਪਊ ਦਰਸ਼ਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਹਰੀਸ਼ ਵਰਮਾ ਦੀ ਅਦਾਕਾਰੀ ਤੋਂ ਦਰਸ਼ਕ ਚੰਗੀ ਤਰ੍ਹਾਂ ਵਾਕਫ ਹਨ। ਇਸ ਫ਼ਿਲਮ ਵਿਚ ਵੀ ਉਹ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰੇਗਾ। ਫ਼ਿਲਮ ਵਿਚ ਹਰੀਸ਼ ਵਰਮਾ ਦੇ ਨਾਲ ਹਿੰਦੀ ਅਤੇ ਤਾਮਿਲ ਸਿਨੇਮੇ ਦੀ ਨਾਮਵਰ ਅਦਾਕਾਰਾ ਅਮਾਇਰਾ ਦਸ਼ਤੂਰ ਬਤੌਰ ਨਾਇਕਾ ਪਹਿਲੀ ਵਾਰ ਪੰਜਾਬੀ ਪਰਦੇ 'ਤੇ ਨਜ਼ਰ ਆਵੇਗੀ। ਇਸ ਫ਼ਿਲਮ ਦਾ ਨਿਰਦੇਸ਼ਨ ਫ਼ਿਲਮ ਚੱਲ ਮੇਰਾ ਪੁੱਤ-1,2, 3 ਵਰਗੀਆਂ ਸੁਪਰਹਿੱਟ ਫ਼ਿਲਮਾਂ ਦੇਣ ਵਾਲੇ ਡਾਇਰੈਕਟਰ ਜਨਜੋਤ ਸਿੰਘ ਨੇ ਕੀਤਾ ਹੈ ਅਤੇ ਫ਼ਿਲਮ ਦੀ ਕਹਾਣੀ ਦਾਣਾ-ਪਾਣੀ, ਬਾਜ਼ਰੇ ਦਾ ਸਿੱਟਾ ਵਰਗੀਆਂ ਫ਼ਿਲਮਾਂ ਲਿਖਣ ਵਾਲੇ ਜੱਸ ਗਰੇਵਾਲ ਨੇ ਲਿਖੀ ਹੈ ਜਿਸਤੋਂ ਸਪੱਸ਼ਟ ਹੁੰਦਾ ਹੈ ਕਿ ਜੱਸ ਗਰੇਵਾਲ ਅਤੇ ਜਨਜੋਤ ਸਿੰਘ ਦੀ ਜੋੜੀ ਵਲੋਂ ਇੰਗਲੈਂਡ ਦੀਆਂ ਵੱਖ ਵੱਖ ਲੋਕੇਸ਼ਨਾਂ 'ਤੇ ਫ਼ਿਲਮਾਈ ਗਈ ਇਹ ਫ਼ਿਲਮ ਪੰਜਾਬ ਦੀ ਧਰਾਤਲ ਅਤੇ ਲੋਕ ਵਿਰਸੇ ਦੀ ਇੱਕ ਦਿਲਚਸਪ ਕਹਾਣੀ ਹੋਵੇਗੀ ਜੋ ਦਰਸ਼ਕਾਂ ਨੂੰ ਭਰਪੂਰ ਮਨੋਰੰਜਨ ਦੇਵੇਗੀ।

ਚੰਡੀਗੜ੍ਹ ਦੇ ਜੰਮਪਲ ਹਰੀਸ਼ ਵਰਮਾ ਨੇ ਰੰਗਮੰਚ ਤੋਂ ਬਾਅਦ ਫ਼ਿਲਮਾਂ ਵੱਲ ਕਦਮ ਵਧਾਇਆ। ਪੰਜਾਬੀ ਫ਼ਿਲਮ 'ਪੰਜਾਬਣ' ਵੱਡੇ ਪਰਦੇ 'ਤੇ ਆਏ ਹਰੀਸ਼ ਦੀ ਪਛਾਣ ਨਿਰਦੇਸ਼ਕ ਅਨੁਰਾਗ ਸਿੰਘ ਦੀ ਪੰਜਾਬੀ ਫ਼ਿਲਮ 'ਯਾਰ ਅਣਮੁੱਲੇ' ਨਾਲ ਬਣੀ। ਇਸ ਫ਼ਿਲਮ ਨੇ ਉਸ ਨੂੰ 'ਜੱਟ ਟਿੰਕਾ' ਨਾਂ ਦਿੱਤਾ। ਦਰਜ਼ਨਾਂ ਪੰਜਾਬੀ ਫ਼ਿਲਮਾਂ ਕਰ ਚੁੱਕਾ ਹਰੀਸ਼ ਫਿਲਮ ਦੀ ਚੋਣ ਬੜੀ ਸਮਝਦਾਰੀ ਨਾਲ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਹਰ ਫਿਲਮ 'ਚ ਨਵਾਂਪਨ ਹੁੰਦਾ ਹੈ। ਉਸਦੀਆਂ ਫ਼ਿਲਮਾਂ ਨੇ ਉਸਦੇ ਕਲਾ ਜੀਵਨ ਨੂੰ ਇੱਕ ਨਵਾਂ ਮੋੜ ਦਿੱਤਾ। 'ਬੁਰਰਾਅ, ਡੈਡੀ ਕੂਲ ਮੁੰਡੇ ਫੂਲ, ਹੈਪੀ ਗੋ ਲੱਕੀ, ਵਿਆਹ 70 ਕਿਲੋਮੀਟਰ, ਪ੍ਰੋਪਰ ਪਟੋਲਾ, ਸੂਬੇਦਾਰ ਜੁਗਿੰਦਰ ਸਿੰਘ, ਯਾਰ ਅਣਮੁੱਲੇ, ਗੋਲਕ ਬੁਗਨੀ ਬੈਂਕ ਬਟੂਆ, ਮੁੰਡਾ ਹੀ ਚਾਹੀਦਾ, ਲਾਈਏ ਜੇ ਯਾਰੀਆਂ, ਆਦਿ ਫ਼ਿਲਮਾਂ ਨਾਲ ਹਰੀਸ਼ ਵਰਮਾ ਕਲਾ ਦੇ ਖੇਤਰ ਵਿੱਚ ਕਈ ਕਦਮ ਅੱਗੇ ਵਧਿਆ। ਲੰਮੇ ਸਮੇਂ ਬਾਅਦ ਪੰਜਾਬੀ ਪਰਦੇ ਤੇ ਮੁੜ ਸਰਗਰਮ ਹੋਏ ਹਰੀਸ਼ ਵਰਮਾ ਦੀ ਇਸ ਨਵੀਂ ਫ਼ਿਲਮ ਦਾ ਟਰੇਲਰ ਬੀਤੇ ਦਿਨ੍ਹੀਂ ਰਿਲੀਜ਼ ਹੋਇਆ ਹੈ ਜੋ ਦਰਸ਼ਕਾਂ ਵਲੋਂ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਨਿਰਮਾਤਾ ਉਪਕਾਰ ਸਿੰਘ, ਜਰਨੈਲ ਸਿੰਘ ਅਤੇ ਹਰਮੀਤ ਸਿੰਘ ਦੀ ਸਿੰਬਲਜ਼ ਐਂਟਰਟਨਮੈਂਟ ਅਤੇ ਵਿਰਾਸਤ ਫ਼ਿਲਮਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿੱਚ ਹਰੀਸ਼ ਵਰਮਾ, ਅਮਾਇਰਾ ਦਸ਼ਤੂਰ ਤੋਂ ਇਲਾਵਾ ਕਰਮਜੀਤ ਅਨਮੋਲ, ਬੀ.ਐਨ ਸ਼ਰਮਾ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਦੀਦਾਰ ਗਿੱਲ ਅਤੇ ਨੇਹਾ ਸ਼ਰਮਾ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਤੋਂ ਇਲਾਵਾ ਪਾਕਿਸਤਾਨੀ ਕਲਾਕਾਰ ਅਕਰਮ ਉਦਾਸ ਅਤੇ ਵਿੱਕੀ ਕੋਡੂ ਵੀ ਨਜ਼ਰ ਆਉਣਗੇ। ਇਸ ਫ਼ਿਲਮ ਨੂੰ ਰਿਧਮ ਬੁਆਏਜ਼ ਵਲੋਂ ਰਿਲੀਜ਼ ਕੀਤਾ ਜਾਵੇਗਾ। ਫ਼ਿਲਮ ਦਾ ਸੰਗੀਤ ਵੀ ਕਮਾਲ ਦਾ ਬਣਿਆ ਹੈ। ਆਸ ਕੀਤੀ ਜਾ ਰਹੀ ਹੈ ਕਿ 6 ਅਕਤੂਬਰ ਨੂੰ ਰਿਲੀਜ਼ ਹੋ ਰਹੀ ਫ਼ਿਲਮ ਐਨੀ ਹਾਊ-ਮਿੱਟੀ ਪਾਉ ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰਨ ਵਾਲੀ ਫ਼ਿਲਮ ਸਾਬਤ ਹੋਵੇਗੀ।

ਬਾਂਸਲ ਦੀ ਵੰਝਲੀ ਵਾਲਾ ਅਸ਼ੋਕ ਬਾਂਸਲ ਮਾਨਸਾ ਅਕਤੂਬਰ ਮਹੀਨੇ ਕਨੇਡਾ ਆ ਰਿਹਾ ਹੈ। ਕੈਲਗਰੀ ਅਤੇ ਐਡਮਿੰਟਨ ਵਿੱਚ ਤੁਹਾਡੇ ਨਾਲ ਮਿਲਣੀ ਦੇ ਦੋ ਪਰੋਗਰਾਮ ਉਲੀਕੇ ਜਾਣਗੇ । ਇਸ ਮੌਕੇ ਤੁਸੀਂ ਉਹਨਾਂ ਦੀ ਪੰਜਾਬ ਦੇ ਭੁੱਲੇ ਵਿਸਰੇ ਗੀਤਕਾਰਾਂ ਬਾਰੇ ਕਿਤਾਬ "ਮਿੱਟੀ ਨੂੰ ਫਰੋਲ ਜੋਗੀਆ" ਵੀ ਪਰਾਪਤ ਕਰ ਸਕੋਂਗੇ। ਤਾਰੀਖ ਅਤੇ ਸਥਾਨ ਦਾ ਐਲਾਨ ਅਗਲੇ ਅੰਕ ਵਿੱਚ ਕਰ ਦਿੱਤਾ ਜਾਵੇਗਾ। ਵਧੇਰੇ ਜਾਣਕਾਰੀ ਲਈ 403 640 2000 ਉੱਪਰ ਫੋਨ ਕਰ ਸਕਦੇ ਹੋ।

ਬੈਕ ਯਾਰਡ ਵਿੱਚ ਕਰ ਲਈਏ, ਪੂਰੇ ਸ਼ੌਂਕ ਖੇਤੀਆਂ ਵਾਲੇ

ਗਾਇਕ, ਗੀਤਕਾਰ, ਲਿਖਾਰੀ, ਸਾਹਿਤਕਾਰ, ਦੇਸ਼ ਕੌਮ ਦਾ ਸਰਮਾਇਆ ਹੁੰਦੇ ਨੇ। ਗੀਤ ਆਵਾਮ ਦਾ ਆਇਨਾ ਹੁੰਦੇ ਨੇ। ਬਹੁਤ ਥੋੜ੍ਹੇ ਗੀਤਕਾਰ ਅਜਿਹੇ ਹੁੰਦੇ ਨੇ, ਜਿਹਨਾਂ ਦੇ ਗੀਤਾਂ ਦਾ ਆਧਾਰ ਯਥਾਰਥ ਹੁੰਦੈ। ਜੋ ਗੀਤ ਯਥਾਰਥ ਤੇ ਅਧਾਰਿਤ ਹੁੰਦੇ ਨੇ ਉਹ ਲੋਕ-ਮਨਾਂ ਤੇ ਰਾਜ ਕਰਦੇ ਨੇ।

ਪਿਛਲੇ ਦਸ ਕੁ ਵਰ੍ਹਿਆਂ ਤੋਂ ਕੁੱਝ ਗੀਤ ਆਹ ਸੋਸ਼ਲ ਮੀਡੀਏ ਰਾਹੀਂ ਤੂਤੜੇ ਦੀ ਧੂਣੀ ਵਾਂਗੂੰ ਧੁਖ ਰਹੇ ਨੇ, ਉਹ ਅੱਗ ਦਾ ਭੰਬੂਕਾ ਨਹੀਂ ਬਣੇ। ਮੈਨੂੰ ਉਮੀਦ ਐ ਕਿ ਉਹ ਅੱਗ ਦਾ ਭੰਬੂਕਾ ਤੇ ਕਦੇ ਵੀ ਨਹੀਂ ਬਨਣਗੇ ਹਾਂ ਅੰਗਿਆਰਾਂ ਵਾਂਗੂੰ ਜ਼ਰੂਰ ਦਗਦੇ ਰਹਿਣਗੇ।

ਮੈਂ ਗੱਲ ਕਰ ਰਿਹਾ ਹਾਂ ਧਰਮਵੀਰ ਥਾਂਦੀ ਦੀ, ਧਰਮਵੀਰ ਥਾਂਦੀ ਆਪਣੀ ਕਿਸਮ ਦਾ ਗੀਤਕਾਰ ਤੇ ਗਾਇਕ ਹੈ। ਉਸ ਬਾਰੇ ਕਦੇ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ?ਹ ਫਲਾਣੇ ਵਾਂਗੂੰ ਲਿਖਦੈ ਤੇ ਫਲਾਣੇ ਵਾਂਗੂੰ ਗਾਉਂਦੈ ।

ਪਿਛਲੇ ਵਰ੍ਹਿਆਂ ਵਿੱਚ ਧਰਮਵੀਰ ਦਾ ਲਿਖਿਆ ਅਤੇ ਉਸੇ ਦੁਆਰਾ ਮਹਿਫ਼ਿਲਾਂ ਵਿੱਚ ਗਾਏ ਗੀਤ 'ਬਾਪੂ' ਨੇ ਪੰਜਾਬੀ ਦੇ ਸਾਹਿਤਕ ਵਿੱਚ ਇੱਕ ਨਵੀਂ ਚਰਚਾ ਛੇੜੀ ਹੈ।

ਖੂਹ ਤੇ ਜਿਹੜਾ ਅੰਬ ਦਾ ਬੂਟਾ
ਬਾਪੂ ਨੇ ਹੱਥੀਂ ਲਾਇਆ।
ਲੱਗਿਆ ਮੈਨੂੰ ਉਹਦੇ ਵਰਗਾ
ਭੱਜਕੇ ਮੈਂ ਜੱਫਾ ਪਾਇਆ।
ਤੂੰ ਬਾਪੂ ਦਾ ਸਾਥ ਨਿਭਾਇਆ
ਰੁੱਤਾਂ ਜਦ ਤੱਤੀਆਂ ਸੀ।
ਕਿੰਨੀਆਂ ਦੁਪਹਿਰਾਂ ਇੱਥੇ
ਬਾਪੂ ਨੇ ਕੱਟੀਆਂ ਸੀ----

ਸਾਡੇ ਲਈ ਤਾਣੇ ਬੁਣਦਾ
ਦੁਨੀਆਂ ਤੋਂ ਤੁਰ ਗਿਆ ਬਾਪੂ।
ਠੰਡਾ ਸੀ ਬਰਫ ਦੇ ਵਰਗਾ
ਛੇਤੀ ਹੀ ਖੁਰ ਗਿਆ ਬਾਪੂ।
ਲੈ ਗਿਆ ਪੀੜਾਂ ਜੋ ਨਾਲੇ
ਪੁੱਛੀਆਂ ਨਾ ਦੱਸੀਆਂ ਸੀ
ਦੌਣਾਂ ਕੋਲ ਰੋਕੇ ਆਇਆਂ ---
ਆਖਿਰੀ ਵਾਰੀ ਮੇਰੇ ਬਾਪੂ ਨੇ
ਕੱਸੀਆਂ ਸੀ

ਧਰਮਵੀਰ ਸਮਾਜ ਲਈ ਸ਼ੀਸ਼ਾ ਬਣਕੇ ਅੱਜ ਦੀ ਪੀੜ੍ਹੀ ਨੂੰ ਹਲੂਣਦਾ ਹੋਇਆ ਸੁਆਲ ਕਰਦੈ ਕਿ

ਅਸੀਂ ਧੁੱਪਾਂ ਵਿੱਚ ਕੰਮ ਕਰਕੇ ਵੀ
ਤੇਰੇ ਸਾਰੇ ਸ਼ੌਕ ਪੁਗਾਉਂਦੇ ਰਹੇ।
ਤੈਥੋਂ ਏ ਸੀ ਆਂ ਵਿੱਚ ਕੰਮ ਕਰਕੇ ਵੀ
ਸਾਡਾ ਕਿਉਂ ਨਾ ਦਰਦ ਵੰਡਾ ਹੋਇਆ

ਅਸੀਂ ਚਾਰ ਖਣਾਂ ਦੇ ਇੱਕ ਕਮਰੇ ਵਿੱਚ
ਪਲੰਘ ਡਾਹੇ ਤੇਰੇ ਸੌਣੇ ਲਈ
ਤੈਥੋਂ ਪੰਜ ਰੂਮਾਂ ਦੇ ਘਰ ਦੇ ਵਿੱਚ
ਸਾਡਾ ਇੱਕ ਮੰਜਾ ਨਾ ਡਾਹ ਹੋਇਆ

2017 ਦੀ ਅਮਰੀਕਾ ਫੇਰੀ ਵੇਲੇ ਮੇਰੀ ਧਰਮਵੀਰ ਥਾਂਦੀ ਨਾਲ ਮੁਲਾਕਾਤ ਹੋਈ। ਉਸਦੇ ਨਾਲ ਉਸਦਾ ਨੇੜਲਾ ਮਿੱਤਰ ਗੁਲੂ ਬਰਾੜ ਸੀ। ਆਥਣ ਦੇ ਵੇਲੇ ਗੈਰ ਰਸਮੀ ਤੇ ਨਿੱਜੀ ਬੈਠਕ ਵਿੱਚ ਜਦੋਂ ਧਰਮਵੀਰ ਨੇ ਇੱਕ ਗੀਤ ਛੋਹਿਆ ਤਾਂ ਇੱਕ ਚੁੱਪ ਆਲੇ ਦੁਆਲੇ ਪਸਰ ਗਈ। ਉਸਦੇ ਬੋਲ ਸੁਣ ਸੁਣ ਕੇ ਮੇਰੇ ਸਰੀਰ ਦੇ ਰੋਮ ਹਰਕਤ ਵਿੱਚ ਆ ਗਏ। ਮੈਂ ਸੋਚੀਂ ਪੈ ਗਿਆ ਕਿ ਪੰਜਾਬ ਤੇ ਪੰਜਾਬੀ ਦਾ ਐਨਾ ਫ਼ਿਕਰਮੰਦ ਐ ਇਹ ਸ਼ਾਇਰ-----

ਕੁੱਝ ਸਾਲਾਂ ਤੱਕ ਬੋਲੀ ਵਿੱਚੋਂ,
ਦਾਦੇ ਬਾਬੇ ਮੁੱਕ ਜਾਣੇ ਨੇ
ਗਰੈਂਡ ਫਾਦਰ ਜਾਂ ਵੱਡਾ ਡੈਡੀ
ਲੱਗ ਪਏ ਕਹਿਣ ਨਿਆਣੇ ਹੁਣ

ਪਿੰਡਾਂ ਦੀਆਂ ਰਸੋਈਆਂ 'ਚੋਂ ਹੀ
ਪੀਪੇ ਛਾਬੇ ਮੁੱਕ ਜਾਣੇ ਨੇ
ਬੰਦ ਪੈਕਿਟ ਖਾਣਿਆਂ ਦੇ ਆਗੇ
ਕੌਣ ਪਿਸਾਉਂਦਾ ਦਾਣੇ ਹੁਣ

ਰਹਿੰਦਾ ਸੀ ਜਿੱਥੇ ਮੇਲਾ ਲੱਗਿਆ
ਸੁੰਨੀ ਪਿੰਡ ਦੀ ਚੱਕੀ ਹੋਗੀ
ਕੇ ਐਫ ਸੀ, ਮੈਕ ਡੋਨਲ ਆਗੇ
ਕਹਿੰਦੇ ਬੜੀ ਤਰੱਕੀ ਹੋਗੀ

ਰੂਹ ਪੰਜਾਬ ਦੀ ਸੜਕਾਂ ਤੋਂ
ਮਿੱਤਰਾਂ ਦੇ ਢਾਬੇ ਮੁੱਕ ਜਾਣੇ ਨੇ
ਕੁੱਝ ਸਾਲਾਂ ਤੱਕ ਬੋਲੀ ਵਿੱਚੋਂ
ਦਾਦੇ ਬਾਬੇ ਮੁੱਕ ਜਾਣੇ ਨੇ -----

ਆਪਣਾ ਸਵੈ-ਮੰਥਨ ਕਰਦਾ ਹੋਇਆ, ਆਪਣੀ ਜ਼ਮੀਰ ਨੂੰ ਲਾਹਨਤ ਪਾਉਂਦੇ,ਜ਼ਮੀਰ ਨੂੰ ਸੁਆਲ ਕਰਦਾ ਧਰਮਵੀਰ ਲਿਖਦੈ---

ਕਿੰਨਾ ਕੁ ਮੋਹ ਸੀ ਮਿੱਟੀ ਨਾਲ,
ਕਿੰਨਾ ਕੁ ਪਿਆਰ ਸੀ ਸਿੱਖੀ ਨਾਲ
ਅੱਜ ਜੀਹਦੇ ਲਈ ਤੜਪਾਂ ਮੈਂ,
ਉਹਨੂੰ ਪੱਕਾ ਦਿਲ ਚੋਂ ਕੱਢਣ ਦੀਆਂ।
ਮੈਂ ਪਿੰਡ ਦੇ ਗੁਰੂਘਰ ਕਰੀਆਂ ਅਰਦਾਸਾਂ
ਹੱਥ ਜੋੜ ਜੋੜ ਪਿੰਡ ਛੱਡਣ ਦੀਆਂ ।

ਧਰਮਵੀਰ ਆਪਣੇ ਆਪ ਨਾਲ ਇੱਕ ਹੋਰ ਸੁਆਲ ਕਰਦੈ-----

ਜਿੱਥੇ ਜੰਮੇ ਖੇਡੇ ਕੁੱਦੇ, ਪਿੰਡ ਗਰਾਂ ਸਭ ਛੱਡ ਆ ਗਏ।
ਗੁਰੂਆਂ ਪੀਰਾਂ ਦੀ ਛੋਹ ਵਾਲੀ, ਅਣਮੁੱਲੀ ਥਾਂ ਛੱਡ ਆ ਗਏ।
ਰੁੱਖੀ ਮਿੱਸੀ ਖਾਕੇ ਕਿਹੜਾ ਮੰਨਦਾ
ਰੱਬ ਦੇ ਭਾਣੇ ਨੂੰ
ਚਾਈਂ ਚਾਈਂ ਆਨੰਦਪੁਰ ਛੱਡਤਾ
ਰੋਈ ਜਾਣ ਨਣਕਾਣੇ ਨੂੰ।

ਭੋਇੰ ਤਾਂ ਜੱਟ ਦੀ ਮਾਂ ਹੁੰਦੀ ਐ ਜਾਣਿ? ਨਾ ਇਹਨੂੰ ਮਿੱਟੀ ਬਈ।
ਡਾਲਰ ਹੋਗੇ ਮਾਂ ਤੋਂ ਵਧਕੇ
ਮਾਂ ਨਾ ਮੁੜਕੇ ਡਿੱਠੀ ਬਈ।
ਬੈਠੇ ਜੱਟ ਅਮਰੀਕਾ ਆਖਣ
ਪਾਣੀ ਦੇਣਾ ਨਹੀਂ ਹਰਿਆਣੇ ਨੂੰ----

ਦਸ ਘਰ ਕਹਿੰਦਾ ਪੇਆਫ ਕਰਤੇ
ਪੰਜ ਨੇ ਖੜ੍ਹੇ ਤਿਆਰ ਨਵੇਂ।
ਪੱਚੀ ਹੋਰ ਟਰਾਲੇ ਪਾ ਲਏ
ਗੈਸ ਸਟੇਸ਼ਨ ਚਾਰ ਨਵੇਂ।
ਹਾਲੇ ਵੀ ਅਰਦਾਸਾਂ ਕਰਦਾ
ਬਖਸ਼ੀਂ ਹੋਰ ਨਿਮਾਣੇ ਨੂੰ ।

ਗੁਲੂ ਬਰਾੜ, ਜਸਬੀਰ ਜੱਸੀ, ਅਸ਼ੋਕ ਬਾਂਸਲ ਮਾਨਸਾ ਅਤੇ ਧਰਮਵੀਰ ਥਾਂਦੀ

ਗੁਰੂਆਂ ਸਾਨੂੰ ਸਬਰ ਸਿਖਾਇਆ
ਸਬਰ ਤਾਂ ਕਿਧਰੇ ਦਿਖਦਾ ਨਹੀਂ।
ਦੁਨੀਆਂ ਭਰ ਦੀ ਦੌਲਤ ਮਿਲ ਗਈ
ਮਨ ਤਾਂ ਫਿਰ ਵੀ ਟਿਕਦਾ ਨਹੀਂ।
ਖਾਲੀ ਆਇਆ, ਖਾਲੀ ਜਾਣਾਂ
ਕੁੱਝ ਨੀ ਨਾਲ ਲਿਜਾਣੇ ਨੂੰ ।

ਆਹ ਹੁਣੇ ਧਰਮਵੀਰ ਥਾਂਦੀ ਦਾ ਇੱਕ ਗੀਤ ਬਹੁਤ ਚਰਚਾ ਵਿੱਚ ਆਇਆ ਜੋ ਜਾਤਾਂ ਪਾਤਾਂ ਧਰਮਾਂ ਮਜ਼ਹਬਾਂ ਦੇ ਨਾਂ ਤੇ ਵੰਡੀਆਂ ਪਾਉਣ ਵਾਲਿਆਂ ਦੇ ਮੂੰਹ ਤੇ ਕਰਾਰੀ ਚਪੇੜ ਐ, ਜਿਸ ਵਿੱਚ ਧਰਮਵੀਰ ਨੇ ਕਮਾਲ ਦਾ ਸੁਨੇਹਾ ਦਿੱਤਾ ਐ ਕਿ ਕੰਮ ਹੀ ਪੂਜਾ ਹੈ

ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ।
ਬੈਕ ਯਾਰਡ ਵਿੱਚ ਕਰ ਲਈਏ ਪੂਰੇ
ਸ਼ੌਂਕ ਖੇਤੀਆਂ ਵਾਲੇ।

ਸੁਬਾਹ ਉੱਠ ਕੇ ਜਦੋਂ ਸਟੋਰ ਖੋਹਲਾਂ
ਮੈਨੂੰ ਯਾਦ ਬਾਣੀਆ ਆ ਜਾਂਦਾ ।
ਗਾਹਕਾਂ ਨੂੰ ਜੀ ਜੀ ਕਰਦੇ ਦਾ
ਮੇਰਾ ਅੰਦਰੋਂ ਜੱਟ ਸ਼ਰਮਾ ਜਾਂਦਾ।
ਦੋ ਕੁ ਘੰਟਿਆਂ ਵਿੱਚ ਵੀਹ ਗ੍ਰਾਮਾਂ,
ਕੱਢ ਜਾਂਦੇ ਨੇ ਕਾਲੇ
ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ --
ਮੈਨੂੰ ਛੱਲੀਆਂ ਵਾਂਗੂ ਰਾਖੀ ਕਰਨੀ ਪੈਂਦੀ
ਲੀਕਰ ਸਟੋਰਾਂ ਦੀ।
ਕਾਂ ਇੱਥੇ ਵੀ ਤੰਗ ਕਰਦੇ ਨੇ
ਬੱਸ ਨਸਲ ਬਦਲ ਗਈ ਚੋਰਾਂ ਦੀ।
ਕੱਲ੍ਹ ਦੇਖਦਿਆਂ ਦੋ ਘੜੇ ਸੈਲਫ ਤੋਂ
ਚੁੱਕ ਕੇ ਭੱਜ ਗਏ ਸਾਲੇ।
ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ---

ਪੁੱਤ ਪੰਡਤਾਂ ਦੇ ਬਣੇ ਡਰਾਈਵਰ
ਤੇ ਕੁੱਕ ਬਣਗੇ ਤਰਖਾਣ ਇੱਥੇ।
ਕਈ ਲੰਬੜਦਾਰ ਨੇ ਪਿੰਡਾਂ ਦੇ
ਜੋ ਕੁਲਫੀਆਂ ਵੇਚੀ ਜਾਣ ਇੱਥੇ।
ਕਈ ਮਾਸਟਰ ਆਏ ਇੰਡੀਆ ਤੋਂ
ਇੱਥੇ ਕੁੱਕੜ ਵੱਢਣ ਲਾ ਲਏ।
ਵਿੱਚ ਅਮਰੀਕਾ ਆ ਕੇ ਬਣ ਗਏ
ਜੱਟਾਂ ਦੇ ਪੁੱਤ ਲਾਲੇ --

ਮੇਰਾ ਖਿਆਲ ਐ ਇੱਕ ਗੀਤ ਰਾਹੀਂ ਭਾਈਚਾਰਕ ਸਾਂਝ ਦਾ ਤੇ ਮਨੁੱਖਤਾ ਦਾ ਸੰਦੇਸ਼ ਇਸ ਤੋਂ ਵਧੀਆ ਢੰਗ ਨਾਲ ਨਹੀਂ ਦਿੱਤਾ ਜਾ ਸਕਦਾ।

ਧਰਮਵੀਰ ਥਾਂਦੀ ਨਵਾਂ ਸ਼ਹਿਰ ਦੇ ਲਾਗੇ ਪਿੰਡ ਗੜ੍ਹ ਪਧਾਣੇ ਦਾ ਜੰਮਪਲ ਐ। ਪਿਛਲੇ ਦੋ ਦਹਾਕਿਆਂ ਤੋਂ ਅਮਰੀਕਾ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਖੇ ਵਸਦਾ ਹੈ। ਅਮਰੀਕਾ ਵਿੱਚ ਫਰਿਜ਼ਨੋ ਦੂਸਰਾ ਪੰਜਾਬ ਐ ਜਿੱਥੇ ਹਰਜਿੰਦਰ ਕੰਗ, ਦਿਲਾਵਰ ਚਹਿਲ, ਸੁੱਖੀ ਧਾਲੀਵਾਲ, ਕੁਲਵੰਤ ਸੇਖੋਂ ਵਰਗੇ ਸਾਇਰ,ਪੱਪੀ ਭਦੌੜ ਵਰਗੇ ਕਲਾਕਾਰ, ਆਸ਼ਾ ਸ਼ਰਮਾ ਤੇ ਜੋਤ ਰਣਜੋਤ ਜਿਹੀਆਂ ਸਟੇਜ ਸੰਚਾਲਕਾਂ, ਕੁਲਵੰਤ ਧਾਲੀਆਂ, ਨੀਟਾ ਮਾਛੀਕੇ ਜਿਹੇ ਸੁੱਚੇ ਪੱਤਰਕਾਰ ਵਸਦੇ ਹਨ। ਬੇਸ਼ੱਕ ਧਰਮਵੀਰ ਥਾਂਦੀ ਦੇ ਗੀਤ ਕੰਠ ਕਲੇਰ ਤੇ ਰਣਜੀਤ ਬਾਵਾ ਜਿਹੇ ਕਲਾਕਾਰਾਂ ਨੇ ਗਾਏ ਪਰ ਜੋ ਫੀਲਿੰਗ ਧਰਮਵੀਰ ਖੁਦ ਆਪਣੇ ਗੀਤਾਂ ਨੂੰ ਦਿੰਦਾ ਹੈ ਉਹ ਬਾਕਮਾਲ ਹੈ। ਹੁਣ ਧਰਮਵੀਰ ਦਾ ਸਮਾਂ ਆ ਗਿਆ ਹੈ। ਧਰਮਵੀਰ ਦੇ ਗੀਤ ਲੋਕਾਂ ਦੇ ਮੂੰਹ ਚੜ੍ਹ ਚੁੱਕੇ ਨੇ। ਮੈਨੂੰ ਉਮੀਦ ਐ ਥਾਂਦੀ ਦੇ ਗੀਤ ਨਵੀਂ ਪੀੜ੍ਹੀ ਦੇ ਅੰਗ ਸੰਗ ਤੁਰਦੇ ਰਹਿਣਗੇ ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

ਖੁੱਡੀਆਂ ਸਾਹਿਬ ਦਾ ਹਰਾ ਪੈਨ ਜਦੋਂ ਮੈਂ ਵੀ ਵਰਤਿਆ---

ਕਾਕਾ ਚੱਲ ਤਿਆਰ ਹੋ ਆਪਾਂ ਦਸ ਵਜੇ ਤੱਕ ਤੇਰੇ ਚਾਚਾ ਜੀ { ਮੰਤਰੀ ਸਾਹਬ } ਕੋਲ ਜਾਣਾ, ਤਾਏ ਨੇ ਜਿਮੀਦਾਰਾਂ ਵਾਲੀ ਰੋਹਬਦਾਰ ਅਵਾਜ ਵਿੱਚ ਕਿਹਾ। ਓਦਾਂ ਤਾਇਆ ਤਕੜਾ ਹਰ ਸਥਿੱਤੀ ' ਚ ਸੰਤੁਲਨ ਬਣਾ ਕੇ ਰੱਖਦਾ। ਪਰ ਕਦੇ ਕਦੇ ਗੁੱਸੇ ' ਚ ਬਲੱਡ ਜਰੂਰ ਵਧਾ ਲੈਂਦਾ। ਮੈਂ ਵੀ ਡਰਦੇ ਹੋਏ ਛੇਤੀ ਤਿਆਰ ਹੋਕੇ ਖੜ ਗਿਆ। ਤਕਰੀਬਨ ਸਵਾ ਨੌਂ ਤਾਇਆ ਜੀ ਨੇ ਘਰੋਂ ਗੱਡੀ ਨੂੰ ਗੇਅਰ ਪਾਇਆ। ਰਾਹ ' ਚ ਜਾਂਦੀਆ ਮੋਟਰ ਗੱਡੀਆਂ ਟਰੈਫਿਕ ਨੂੰ ਐਵੇਂ ਪਾਰ ਕਰਿਆ। ਜਿਵੇਂ ਉਹਨੇ ਆਪਣੀ ਜ਼ਿੰਦਗੀ ਵਿੱਚ ਉਲਝਣਾਂ ਮੁਸ਼ਕਿਲਾਂ ਨੂੰ ਪਾਰ ਕਰਿਆ। ਤਾਇਆ ਜੀ ਤੋਂ ਜਾਂਦੇ ਸਮੇਂ ਕਾਫੀ ਜਾਣਕਾਰੀ ਲੈਂਦੇ , ਅਸੀ ਛੋਟੇ ਗੇਟ ਥਾਈਂ ਸਰਦਾਰ ' ਗੁਰਮੀਤ ਸਿੰਘ ਖੁੱਡੀਆਂ ' ਜੀ ਦੇ ਘਰ ਪਹੁੰਚ ਗਏ।

ਜਿੱਥੇ ਅਣਗਿਣਤ ਲੋਕਾਂ ਦੇ ਇਕੱਠ ' ਚੋਂ ਨਿਕਲ ਕੇ ਅੰਦਰ ਲੋਬੀ ਵਿੱਚ ਬੈਠ ' ਗੁਰਮੀਤ ਚਾਚਾ ਜੀ ਨੂੰ ਮਿਲਣ ਦੀ ਉਡੀਕ ਕੀਤੀ। ਇਸ ਦਰਮਿਆਨ ਇੱਕ ਗੱਲ ਬੜੀ ਖਾਸ ਲੱਗੀ ਕਿ ਗੰਨਮੈਨ ਜੋ ਅਜੇ ਨਵਾ ਆਇਆ ਸੀ, ਉਸਦੀ ਬਾਜ਼ ਅੱਖ ਮੇਰੇ ਉੱਤੇ ਰਹੀ। ਸੋਚਿਆ ਜਾਂਦੇ ਹੋਏ ਇਹਨਾ ਦੀ ਤਰੀਫ ਕਰਨੀ ਬਣਦੀ ਹੈ। ਸੱਚੀਂ ਇਹ ਵੇਖਕੇ ਅਫਸੋਸ ਨਹੀ, ਖੁਸੀ ਹੋਈ ਕਿ ਵੀਰ ਕਿੰਨੀ ਇਮਾਨਦਾਰੀ ਨਾਲ ਆਪਣਾ ਕੰਮ ਕਰ ਰਿਹਾ ਐ।

ਜਦ ਨੂੰ ਆਪਣਾ ਕੰਮ ਕਰਦੇ ਹੋਏ ਸਰਦਾਰ ' ਗੁਰਮੀਤ ਸਿੰਘ ਖੁੱਡੀਆਂ ' ਸਾਡੇ ਕੋਲ ਆਏ। ਥੋੜ੍ਹਾ ਸਮਾਂ ਗੱਲਬਾਤ ਅਤੇ ਹਾਲ ਚਾਲ ਪੁੱਛਣ ਬਾਅਦ , ਜਦ ਮੈਂ ਸਰਦਾਰ ਗੁਰਮੀਤ ਸਿੰਘ ਜੀ ਨੂੰ ਕਿਤਾਬ ਦੇਣ ਲੱਗਾ। ਕਹਿੰਦੇ ਪੁੱਤਰ ਇਸ ਉੱਤੇ ਕੁੱਝ ਲਿਖਕੇ ਦੇ , ਮੇਰੇ ਕੋਲ ਪੈਨ ਨਹੀ ਸੀ ਤਾਂ ਉਹਨਾਂ ਨੇ ਜੇਬ੍ਹ ' ਚੋਂ ਆਪਣਾ ਪੈਨ ਕੱਢ ਕੇ ਦਿੱਤਾ। ਕਹਿੰਦੇ ਚੱਕ ਅੱਜ ਹਰਾ ਪੈਨ ਹੀ ਚਲਾ। ਗੁਰਲਾਲ ਤਾਇਆ ਜੀ ਅਤੇ ਮੇਰੇ ਹਰੀ ਪੱਗ ਨਾਲਦਾ ਹਰਾ ਪੈਨ ਮੇਰੇ ਹੱਥ ਵਿੱਚ ਸੀ। ਤਾਇਆ ਜੀ ਖੁਸ ਸਨ ਪਰ ਇਸ ਸਮੇਂ ਮੇਰੀ ਅੱਖ ਦਾ ਨਮ ਹੋਣਾ ਅਤੇ ਦਿਲ ਭਰ ਜਾਣਾ ਆਮ ਗੱਲ ਸੀ। ਅੱਖਾਂ ਸਮੁੰਦਰ ਨਹੀ ਹੁੰਦੀਆਂ ਪਰ ਛਲਕਦੀਆਂ ਜਰੂਰ ਹਨ। ਕੀ ਮੈਨੂੰ ਆਮ ਜਿਹੇ ਘਰ ਦੇ ਮੁੰਡੇ ਨੂੰ ਕਿਸਮਤ ਨੇ ਘੇਰ ਕੇ ਕਿੱਥੇ ਲਿਆਂਦਾ।

ਅੱਜ ਤੱਕ ਨੀਲੀ ਸਿਆਹੀ ਨਾਲ ਬੇਵਾਕ ਸਬਦ ਲਿਖੇ ਹਨ। ਦੁੱਧ ਦਾ ਹਿਸਾਬ ਕਿਤਾਬ ਰੱਖ ਘਰ ਚਲਾਉਣ ਵਾਲੇ ਮਾਪਿਆਂ ਦੇ ਪੁੱਤ ਨੂੰ ਸੱਚੀਂ ਹਿਸਾਬ ਨਹੀਂ ਆ ਰਿਹਾ ਸੀ, ਕਿ ਲਿਖੇ ਤਾਂ ਕੀ ਲਿਖੇ। ਫਿਰ ਸਾਹਮਣੇ ਜੱਥੇਦਾਰ ਸਰਦਾਰ ' ਜਗਦੇਵ ਸਿੰਘ ਖੁੱਡੀਆਂ ' ਜੀ ਦੀ ਬਲੈਕ ਐਂਡ ਵਾਈਟ ਤਸਵੀਰ ਵੇਖਕੇ ਲੱਗਾ। ਕੀ ਜਗਤਾਰ ਸਿਹਾਂ ਇਹ ਹਰੇ ਪੈਨ ਦੀ ਸਿਆਹੀ ਬਹੁਤ ਕੀਮਤੀ ਹੈ। ਇਸਨੂੰ ਹਾਸਿਲ ਕਰਨ ਲਈ ਗੈਰਤ ਦੇ ਬੂਟੇ ਨੂੰ ਅਣਖ ਦੀ ਵਾੜ ਅਤੇ ਪਾਣੀ ਦੀ ਥਾਂ ਖੂਨ ਪਾਉਣਾ ਪੈਂਦਾ। ਇਹ ਦੁਨੀਆਂ ਸਿਰਫ ਸਾਡੇ ਪਿੰਡੇ ਉੱਤੇ ਪਾਏ ਚਿੱਟੇ ਕੁੜਤੇ ਪਜਾਮੇ ਹੀ ਵੇਖਦੀ , ਇਕੱਲਿਆਂ ਵੇਖੇ ਕਾਲੇ ਦਿਨ ਨਹੀ ਵੇਖਦੀ।

ਜ਼ਿੰਦਗੀ ਨੂੰ ਕਾਗਜ ਉੱਪਰ ਲਿਖਣ ਅਤੇ ਹੰਢਾਉਣ ਵਿੱਚ ਨੀਲੇ ਅਤੇ ਹਰੇ ਪੈਨ ਵਾਂਗ ਜ਼ਮੀਨ ਅਸਮਾਨ ਦਾ ਫ਼ਰਕ ਹੈ। ਬਾਕੀ ਜ਼ਮੀਨ ਤੋਂ ਸਾਰੇ ਹੀ ਉਠਦੇ ਹਨ। ਪਰ ਕੋਈ ਵਿਰਲਾ ਹੀ ਵਹਿੰਦੇ ਪਾਣੀ ਦੇ ਵਹਾ { ਦੁੱਖਾਂ ਦੇ ਸਮੁੰਦਰ ਨਹਿਰਾਂ } ਚੋਂ ਬਾਹਰ ਨਿਕਲਦਾ ਐ। ਮੰਨਿਆ ਕਿ ਕਿਸ਼ਤੀ ਨੂੰ ਸਮੁੰਦਰ ਦੇ ਪਾਣੀ ਦਾ ਖਤਰਾ ਬਣਿਆ ਰਹਿੰਦਾ ਪਰ ਕਿਨਾਰੇ ਉੱਤੇ ਖੜ ਜਾਣਾ ਕਿਸਤੀ ਦਾ ਮੁਕੱਦਰ ਨਹੀ। ਅੰਤ ਕੋਈ ਪਾਣੀ ਉੱਤੇ ਲੀਕਾਂ ਮਾਰਦਾ , ਕੋਈ ਪੱਥਰ ਉੱਤੇ ਲੀਕਾਂ ਮਾਰ ਜਾਂਦਾ।

ਤਕੜੇ ਰਿਹੋ , ਨਾਨਕ ਨਾਮ ਚੜ੍ਹਦੀ ਕਲਾਂ ਤੇਰੇ ਭਾਣੇ ਸਰਬੱਤ ਦਾ ਭਲਾ

ਜਗਤਾਰ ਸਿੰਘ ਧਾਲੀਵਾਲ
ਭਗਵਾਨਗੜ੍ਹ-ਭੁੱਖਿਆਵਾਲੀ-ਬਠਿੰਡਾ ਵਾਲੇ ਦੇ ਜ਼ਜ਼ਬਾਤੀ ਵਿਚਾਰ ਉਹਨਾਂ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਧੰਨਵਾਦ ਸਹਿਤ ਕਾਪੀ ਕੀਤੇ

ਸਤਿਯੁਗੀ ਲੋਕ ਗੁੱਸੇ ਹੋ ਕੇ ਸਰਾਪ ਦੇ ਦਿੰਦੇ ਸਨ ਤੇ ਹੁਣ

ਇਹ ਧਰਤੀ ਜੇ ਰੱਬ ਦੀ ਹੁੰਦੀ
ਸਹੁੰ ਰੱਬ ਦੀ ਇਹ ਸਭ ਦੀ ਹੁੰਦੀ।
(ਬਾਬਾ ਨਜ਼ਮੀ)

ਸਹਿਣਸ਼ੀਲਤਾ ਇੱਕ ਦੈਵੀ ਗੁਣ ਹੈ ਜੋ ਰੱਬ ਨੇ ਬੱਸ ਆਪਣੇ ਲਈ ਹੀ ਰਾਖਵਾਂ ਰੱਖ ਲਿਆ ਲਗਦਾ ਹੈ। ਇੱਕ ਸਾਖ

ਕਾਗਜ਼ੀ ਵਿਚੋਲਪੁਣਾ

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਕਾਹਲੋਂ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮਰਜੈਂਸੀ ਵੈਟਨਰੀ ਡਾਕਟਰ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 914 5600 **233**

ਲੜਕੀ ਦੀ ਲੋੜ

ਕਨੇਡੀਅਨ ਬੌਰਨ, ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 3 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ,ਅਕਾਊਂਟਿੰਗ ਡਿਪਲੋਮਾਂ ਹੋਲਡਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 918 5718 ***233***

ਲੜਕੇ ਦੀ ਲੋੜ

ਕਨੇਡਾ ਸਟੱਡੀ ਪਰਮਿਟ ਉੱਪਰ ਆਈ ਨਾਈ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 25 ਸਾਲ, ਇੰਡੀਆ ਤੋਂ (BDS) ਡੈਂਟਲ ਡਾਕਟਰ ਦੀ ਡਿਗਰੀ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 614 0001 ***233***

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 688 6767 ***233***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਾਈ ਸਿੱਖ ਦੇ ਲੜਕੇ,ਜਨਮ 1991,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਕਾਮ (foreign),ਜੋ ਇਸ ਵੇਲੇ ਕਨੇਡਾ ਵਿੱਚ ਹੀ ਅਕਾਊਂਟੈਂਟ ਦੀ ਚੰਗੀ ਜੌਬ ਕਰ ਰਿਹਾ ਹੈ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਚੰਗੀ ਪੜ੍ਹੀਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 889 6509,1-431 334 7456 ਜਾਂ 0091-855 807 0708 ***233***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਮਾਨ ਪਰਿਵਾਰ ਦੀ ਲੜਕੀ,ਜਨਮ 1998,ਕੱਦ 5 ਫੁੱਟ 7 ਇੰਚ,ਪੜ੍ਹਾਈ ਲਿਖਾਈ: ਗਰੇਡ 12 ਵਿੱਚ 95 ਪ੍ਰਤੀਸਤ ਅੰਕ ਪ੍ਰਾਪਤ ਕੀਤੇ,ਹੁਣ ਡੋਗਲਸ ਕਾਲਿਜ ਨਿਊ ਵੈਸਟ ਮਨਿਸਟਰ ਬੀਸੀ ਕਨੇਡਾ ਵਿੱਚ ਹੀ ਬੈਚੂਲਅਰ ਇਨ ਅਕਾਊਂਟਿੰਗ ਦੀ ਪੜ੍ਹਾਈ ਕਰ ਰਹੀ ਹੈ ਅਤੇ ਭਵਿੱਖ ਵਿੱਚ ਸੀ ਪੀ ਏ ਦੀ ਯੋਜਨਾ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: P28900946@gmail.com ***245***

ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸ਼ੁਦਾ ਲੜਕੇ ਉਮਰ 37 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਏਅਰਪੋਰਟ ਉੱਪਰ ਬੱਸ ਡਰਾਈਵਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 1 778 953 0024 ***233***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 8 ਇੰਚ, ਆਟੋ ਮੋਬਾਈਲ ਡਿਪੋਲਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤਟ ਟਰੱਕਿੰਗ ਦਾ ਬਿਜਨਿਸ ਹੈ। ਮਾਂ ਬਾਪ ਸੁਪਰਵੀਜ਼ਾ ਉੱਪਰ ਆਏ ਹੋਏ ਹਨ। ਇੰਡੀਆ, ਕਨੇਡਾ ਜਾਂ ਯੂ ਐਸ ਏ ਕਿਤੇ ਵੀ ਰਹਿੰਦੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ। ਸੰਪਰਕ: 403 415 4033 **233**

ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ, ਸੈਣੀ ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1990,ਕੱਦ 5 ਫੁੱਟ 4 ਇੰਚ, ਕੁਆਲੀਫਿਕੇਸ਼ਨ: ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਇਸ ਵੇਲੇ ਡੇ-ਕੇਅਰ ਦੀ ਜੌਬ ਕਰ ਰਹੀ ਹੈ। ਕੈਲਗਰੀ ਰਹਿਣ ਵਾਲੇ,ਵਰਕ ਪਰਮਿਟ ਜਾਂ ਵਿਜਟਰ ਵੀਜਾ ਵਾਲੇ ਨੂੰ ਪਹਿਲ। ਸੰਪਰਕ: 780 782 8740, 587 733 5911 ***232***

ਲੜਕੀ ਦੀ ਲੋੜ

Canadian PR/citizen bride for a Jatt Sikh groom 38 years, 5'11", never married, non-drinking/ smoking veterinarian doctor. Working in Chandigarh. Parents and sisters are Canadian PR.
Contact – +1 (204) 951-6987. ***228***

ਜੀਵਨ ਸਾਥਣ ਦੀ ਲੋੜ

ਜੱਟ ਸਿੱਖ ਮੰਡ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਟਰੱਕ ਡਰਾਈਵਰ ਦੀ ਜੌਬ ਕਰਦੇ ਤਲਾਕ ਸ਼ੁਦਾ ਲੜਕੇ, ਉਮਰ 42 ਸਾਲ, ਕੱਦ 5 ਫੁੱਟ 9 ਇੰਚ ਲਈ ਹਾਣ ਪ੍ਰਵਾਣ ਦੀ ਉਮਰ ਵਾਲੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 354 4282 ***228***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ,ਜਨਮ 1993,ਕੱਦ 5 ਫੁੱਟ 7 ਇੰਚ, ਬੀ ਐਸ ਸੀ ਨਰਸਿੰਗ,ਹੈਲਥ ਕੇਅਰ ਵਿੱਚ ਜੌਬ ਕਰਦੀ ਲਈ,ਵੈੱਲ ਸੈਟਲਡ, ਵਧੀਆ ਪਰਿਵਾਰ ਦੇ ਗਰੈਜੂਏਟ,ਵੈਸ਼ਨੂੰ,ਨਸ਼ਾ ਰਹਿਤ ਪੀ ਆਰ/ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਲਗਰੀ ਨੂੰ ਪਹਿਲ।ਸੰਪਰਕ: 1 825 777 4040 ਜਾਂ 91 9914480500 ***232***

ਲੜਕੀ ਦੀ ਲੋੜ

ਕਨੇਡੀਅਨ ਬੌਰਨ,ਐਡਮਿੰਟਨ ਰਹਿੰਦੇ ਜੱਟ ਸਿੱਖ ਸ਼ੋਕਰ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ,ਬੀ ਬੀ ਏ ਅਕਾਊਂਟਿੰਗ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 779 5743***232***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਪੰਜਾਬ ਦੇ ਲੁਧਿਆਣਾ ਜਿਲ੍ਹੇ ਵਿੱਚ 5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਰਹਿੰਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਆਪਣਾ ਘਰਾਂ ਦੀ ਰੈਨੋਵੇਸ਼ਨ ਕਰਨ ਦਾ ਚੰਗਾ ਕਾਰੋਬਾਰ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਕਾਲ ਨਾ ਕਰਨ। ਸੰਪਰਕ: 403 891 2618 ***231***

ਲੜਕੇ ਦੀ ਲੋੜ

ਪੰਧੇਰ ਪਰਿਵਾਰ ਦੀ ਵਿਜਟਿਰ ਵੀਜੇ ਉੱਪਰ ਕਨੇਡਾ ਆਈ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। RN application in Alberta(CRNA) is in progress.RN in The State of New York(Passed NCLEX) ਸੰਪਰਕ: 587 581 9296 ***227***

ਲੜਕੀ ਦੀ ਲੋੜ

Canadian Citizen, Jat Sikh handsome boy, born 1990, height 5 feet 11 inches, well-educated from Canada and doing Successful Business, looking for a girl from Canada. Please call or send biodata on what's app.403 796 7462 ***231***

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1990, ਕੱਦ 5 ਫੁੱਟ 11 ਇੰਚ, ਕਨੇਡਾ ਵਿੱਚ ਹੀ ਚੰਗੇ ਪੜ੍ਹੇ ਲਿਖੇ ਅਤੇ ਕਨੇਡਾ ਵਿੱਚ ਹੀ ਸਫਲ ਬਿਜਨਿਸਮੈਨ ਲੜਕੇ ਲਈ, ਕਨੇਡਾ ਤੋਂ ਹੀ ਪੜ੍ਹੀ ਲਿਖੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 796 7462 ***231***

ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਰਕ-ਪਰਮਿਟ ਉੱਪਰ ਕਨੇਡਾ ਆਏ ਲੜਕੇ ਉਮਰ 32 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਨ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ। ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ: 1 204-951-6503,ਜਾਂ 1 431-374-4686 ***231***

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਦਿਉਲ ਵੈਸ਼ਨੂੰ ਪਰਿਵਾਰ ਦੇ ਲੜਕੇ ,ਉਮਰ 35 ਸਾਲ, ਕੱਦ 6 ਫੁੱਟ,ਆਈ ਟੀ ਮੈਨੇਜਰ, ਨਿਰਦੋਸ਼ ਤਲਾਕਸ਼ੁਦਾ 7 ਕਿੱਲੇ ਜ਼ਮੀਨ ਦੇ ਮਾਲਿਕ, ਗਜ਼ਟਿਡ ਅਫਸਰ ਦੇ ਇਕਲੌਤੇ ਲੜਕੇ ਲਈ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਵਧੀਆ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। 4 ਸਾਲਾ ਬੇਟੀ ਦੀ 50% ਕਸਟਡੀ ਲੜਕੇ ਕੋਲ ਹੈ, ਕੈਲਗਰੀ ਵਿੱਚ ਲੜਕੇ ਕੋਲ ਆਪਣਾ ਘਰ ਹੈ। ਕਨੇਡਾ ਰਹਿੰਦੀ ਲੜਕੀ ਨੂੰ ਪਹਿਲ । ਵਟਸਐਪ: 91 75269 48208, 587-997-7710 ***227***

ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਂਥ ਪਰਿਵਾਰ ਦੇ ਲੜਕੇ, ਜਨਮ 1996,ਕੱਦ 5 ਫੁੱਟ 10 ਇੰਚ, ਐਮ ਐਸ ਸੀ, ਮਾਈਕਰੋਬਾਇਓਲਜੀ,ਮੌਜੂਦਾ ਸਮੇਂ ਕੈਲੇਫੋਰਨੀਆਂ ਸਾਇੰਸਟਿਸਟ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 204 891 7399 ***227***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ, M.sc. (Mathematics), M.ed (ਕਨੇਡੀਅਨ ਯੂਨੀਵਰਸਿਟੀ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਓ,' ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , ਫੋਨ ਕਾਲ: 825 889 6474 ***230***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 ***230***

ਲੜਕੀ ਦੀ ਲੋੜ

Sikh Ramgarhia well settled family in Canada looking for a suitable match for their 32 year old son, doing business in Ontario and Winnipeg. Canadian citizen,5-10, Active in real estate and financing business. Call at 204-510-7658 or 437-881-7282. ***230***

ਗੁਰਸਿੱਖ ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਸੰਧੂ ਪਰਿਵਾਰ ਦੇ ਅੰਮ੍ਰਿਤਧਾਰੀ,ਹੁਣ ਫੈਡਰਲ ਗਵਰਨਮੈਂਟ ਦੀ ਜੌਬ ਕਰ ਰਹੇ ਲੜਕੇ ਉਮਰ, 27 ਸਾਲ, ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਬੀ ਬੀ ਏ (ਫਾਇਨਾਂਸ) ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ, ਪੜੀ ਲਿਖੀ, ਗੁਰਸਿੱਖ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 7959 **229**

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ ਉਮਰ 28, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 615 6321 ਜਾਂ 403 462 4511 **228**

ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 903 4149 ***227***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ । ਸੰਪਰਕ: 1 780 278 0410 ***227***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ । ਸੰਪਰਕ: 403 971 2245 ***227***

ਲੜਕੇ ਦੀ ਲੋੜ

Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

ਲੜਕੀ ਦੀ ਲੋੜ

Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

ਲੜਕੀ ਦੀ ਲੋੜ

ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 **228**

ਪੰਜਾਬ 'ਚ ਨਸ਼ਿਆਂ ਦੀ ਤਸਕਰੀ ਰੋਕਣ ਲਈ ਐਨਸੀਬੀ ਦਾ ਦਖ਼ਲ ਜ਼ਰੂਰੀ - ਜਾਖੜ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਪੰਜਾਬ 'ਚ ਨਸ਼ਿਆਂ ਦੀ ਤਸਕਰੀ ਰੋਕਣ ਲਈ ਨਾਰਕੋਟਿਕਸ ਕੰਟਰੋਲ ਬਿਊਰੋ ਦਾ ਸਿੱਧਾ ਦਖਲ ਜ਼ਰੂਰੀ ਕਰਾਰ ਦਿੱਤਾ ਹੈ। ਫ਼ਿਰੋਜ਼ਪੁਰ 'ਚ ਸੀਮਾ ਸੁਰੱਖਿਆ ਬਲ ਵਲੋਂ ਦੋ ਪੁਲੀਸ ਮੁਲਾਜ਼ਮਾਂ ਨੂੰ ਇੱਕ ਵਾਹਨ ਦੇ ਟਾਇਰ 'ਚ ਲੁਕੋ ਕੇ ਦੋ ਕਿੱਲੋ ਹੈਰੋਇਨ ਲੈ ਕੇ ਜਾਂਦੇ ਹੋਏ ਫ਼ੜੇ ਜਾਣ ਦੀ ਘਟਨਾ ਨੂੰ ਗੰਭੀਰ ਕਰਾਰ ਦਿੰਦਿਆਂ ਜਾਖੜ ਨੇ ਕਿਹਾ ਕਿ ਹੁਣ ਸਥਿਤੀ ਅਜਿਹੀ ਹੈ ਕਿ ਪੰਜਾਬ 'ਚ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਪੁਲੀਸ 'ਤੇ ਨਜ਼ਰ ਰੱਖਣ ਦਾ ਸਮਾਂ ਆ ਗਿਆ ਹੈ। ਸੁਨੀਲ ਜਾਖੜ ਨੇ ਕਿਹਾ ਕਿ ਸਰਕਾਰ ਨਸ਼ਾ ਤਸਕਰਾਂ ਦੀ ਬਜਾਏ ਨਸ਼ਿਆਂ ਦੇ ਕਾਰੋਬਾਰ 'ਚ ਸ਼ਾਮਿਲ ਲੋਕਾਂ ਨੂੰ ਬੇਨਕਾਬ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ 'ਚ ਲੱਗੀ ਹੋਈ ਹੈ ਜਦਕਿ ਆਪ ਨੇ ਸਰਕਾਰ ਬਣਦਿਆਂ ਹੀ ਨਸ਼ੇ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436



ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ
A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615
ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਜ਼ਮੀਨ ਵਿਕਾਊ ਹੈ
ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।
1-306 581 2187

ਬਿਜਨਿਸ ਵਿਕਾਊ ਹੈ

ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰ ਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।
ਸੰਪਰਕ: 306 850 9734

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

Name change

I, **KAMLESH** daughter of **GURNAM** holder of Indian Passport # **K9602591,** issued at **VANCOUVER, permanent resident of 8238 SADDLERIDGE DR NE CALGARY (AB) T3J 4K7, CANADA** and presently residing at **8385 SADDLERIDGE DR NE CALGARY (AB) T3J 4W9 Canada** do hereby change my name from **KAMLESH** to **KAMLESH AUJLA** , with immediate effect.

Contact: 403 404 2509 Date: 7 Sept, 2023

Name change

I, **KIRANPREET KAUR CHAHAL** daughter of **MUKHTIAR SINGH**, holder of Indian Passport No.# **L3477340,** issued at **VANCOUVER, on 08/05/2015, permanent resident of 68 SADDLELAKE GREEN NE, CALGARY (AB) T3J 0M7 CANADA** and presently residing at 68 **SADDLELAKE GREEN NE, CALGARY (AB) T3J 0M7 CANADA,** do hereby change my name from **KIRANPREET KAUR CHAHAL** to **KIRANPREET KAUR GILL**, with immediate effect.

Date: 13 Sept 2023 Cont.: 403 483 2684

ਪਤਨੀ ਦੀ ਡਿਲਿਵਰੀ ਵੇਖ ਬੰਦੇ ਨੂੰ ਹੋਈ ਗੰਭੀਰ ਬਿਮਾਰੀ ! ਹਸਪਤਾਲ 'ਤੇ ਠੋਕਿਆ 1 ਅਰਬ ਡਾਲਰ ਦਾ ਮੁਕੱਦਮਾ

ਮੈਲਬੌਰਨ (ਪੰਜਾਬੀ ਅਖਬਾਰ ਬਿਊਰੋ)- ਇਨਸਾਨਾਂ ਵਿੱਚ ਮਾਨਸਿਕ ਰੋਗ ਤੇਜ਼ੀ ਨਾਲ ਵੱਧ ਰਹੇ ਹਨ। ਇਹ ਬਿਮਾਰੀ ਕਿਸੇ ਵੀ ਕਾਰਨ ਹੋ ਸਕਦੀ ਹੈ। ਆਸਟ੍ਰੇਲੀਆ ਵਿੱਚ ਇੱਕ ਵਿਅਕਤੀ ਇਸ ਮਾਨਸਿਕ ਬਿਮਾਰੀ ਤੋਂ ਪੀੜਤ ਹੈ ਪਰ ਵਿਅਕਤੀ ਨੇ ਆਪਣੀ ਬਿਮਾਰੀ ਲਈ ਹਸਪਤਾਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੇ ਲਈ ਵਿਅਕਤੀ ਨੇ ਹਸਪਤਾਲ 'ਤੇ 1 ਅਰਬ ਡਾਲਰ ਦਾ ਮੁਕੱਦਮਾ ਵੀ ਕੀਤਾ ਹੈ। ਵਿਅਕਤੀ ਦਾ ਦੋਸ਼ ਹੈ ਕਿ ਹਸਪਤਾਲ ਨੇ ਉਸ ਨੂੰ ਆਪਣੀ ਪਤਨੀ ਦੀ ਸੀ-ਸੈਕਸ਼ਨ ਡਿਲਿਵਰੀ ਦੇਖਣ ਦੀ ਇਜਾਜ਼ਤ ਦਿੱਤੀ। ਜਿਸ ਕਾਰਨ ਉਸ ਨੂੰ ਇਹ ਗੰਭੀਰ ਬਿਮਾਰੀ ਹੋ ਗਈ। ਵਿਅਕਤੀ ਦਾ ਨਾਂ ਅਨਿਲ ਕੋਪੁੱਲਾ ਹੈ। ਉਸ ਨੇ ਹਸਪਤਾਲ 'ਤੇ ਦੋਸ਼ ਲਗਾਇਆ ਹੈ ਕਿ ਸਾਲ 2018 'ਚ ਜਦੋਂ ਉਸ ਦੀ ਪਤਨੀ ਬੱਚੇ ਨੂੰ ਜਨਮ ਦੇ ਰਹੀ ਸੀ ਤਾਂ

ਹਸਪਤਾਲ ਦੇ ਸਟਾਫ਼ ਨੇ ਉਸ ਨੂੰ ਆਪਣੀ ਪਤਨੀ ਦੀ ਸੀ-ਸੈਕਸ਼ਨ ਡਿਲਿਵਰੀ ਦੇਖਣ ਦਿੱਤੀ ਅਤੇ ਇਸ ਕਾਰਨ ਉਹ ਮਾਨਸਿਕ ਰੋਗ ਦਾ ਸ਼ਿਕਾਰ ਹੋ ਗਿਆ। ਇਸ ਵਿਅਕਤੀ ਨੇ ਮੈਲਬੌਰਨ ਦੇ ਰਾਇਲ ਵੂਮੈੱਨ ਹਸਪਤਾਲ ਦੇ ਖ਼ਿਲਾਫ਼ ਉਸ ਨੂੰ ਹੋਏ ਨੁਕਸਾਨ ਲਈ ਮਾਮਲਾ ਦਰਜ ਕਰਵਾਇਆ ਹੈ। ਰਿਪੋਰਟ ਮੁਤਾਬਕ ਅਦਾਲਤ ਦੇ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਕੋਪੁੱਲਾ ਨੇ ਦੋਸ਼ ਲਗਾਇਆ ਹੈ ਕਿ ਉਸ ਨੂੰ ਪ੍ਰੋਤਸ਼ਾਹਿਤ ਕੀਤਾ ਗਿਆ ਸੀ ਜਾਂ ਡਿਲਿਵਰੀ ਦੇਖਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਦੌਰਾਨ ਉਸ ਨੇ ਆਪਣੀ ਪਤਨੀ ਦੇ ਗੁਪਤ ਅੰਗਾਂ ਤੋਂ ਕਾਫ਼ੀ ਖੂਨ ਵੱਗਦਾ ਦੇਖਿਆ ਅਤੇ ਪਤਨੀ ਦੇ ਅੰਦਰੂਨੀ ਅੰਗਾਂ ਤੋਂ ਵੀ ਕਾਫ਼ੀ ਖੂਨ ਵੱਗਦਾ ਦੇਖਿਆ। ਹੁਣ ਅਨਿਲ ਕੋਪੁੱਲਾ ਦਾ ਕਹਿਣਾ ਹੈ ਕਿ ਹਸਪਤਾਲ ਨੇ ਆਪਣੇ ਫ਼ਰਜ਼ਾਂ ਦੀ ਉਲੰਘਣਾ ਕੀਤੀ ਹੈ, ਇਸ ਲਈ ਹਸਪਤਾਲ ਨੂੰ ਉਸ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ। ਇਸ ਮਾਮਲੇ ਦੀ ਅਦਾਲਤ ਵਿੱਚ ਸੁਣਵਾਈ ਚੱਲ ਰਹੀ ਹੈ ਅਤੇ ਕੋਪੁੱਲਾ ਦਾ ਕਹਿਣਾ ਹੈ ਕਿ ਪਤਨੀ ਦੀ ਡਿਲਿਵਰੀ ਦੇਖ ਕੇ ਉਸ ਦੀ ਮਾਨਸਿਕ ਹਾਲਤ ਵਿਗੜਨ ਲੱਗੀ ਅਤੇ ਉਸ ਦਾ ਵਿਆਹ ਵੀ ਟੁੱਟ ਗਿਆ।

ਜਦੋਂ ਕਿ ਰਾਇਲ ਵੂਮੈੱਨ ਹਸਪਤਾਲ ਦਾ ਕਹਿਣਾ ਹੈ ਕਿ ਹਸਪਤਾਲ ਨੇ ਜਣੇਪੇ ਦੌਰਾਨ ਮਰੀਜ਼ ਦੀ ਦੇਖਭਾਲ ਨਾਲ ਸਬੰਧਤ ਆਪਣੀ ਡਿਊਟੀ ਪੂਰੀ ਕੀਤੀ ਹੈ ਅਤੇ ਕੋਈ ਉਲੰਘਣਾ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੋਪੁੱਲਾ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ ਜਦੋਂ ਉਹ ਹਸਪਤਾਲ ਵਿੱਚ ਸੀ। ਉਸ ਨੂੰ ਨਾ ਤਾਂ ਕੋਈ ਸੱਟ ਲੱਗੀ ਅਤੇ ਨਾ ਹੀ ਉਸ ਨੂੰ ਕਿਸੇ ਤਰ੍ਹਾਂ ਤੋਂ ਪ੍ਰੇਸ਼ਾਨੀ ਝੱਲਣੀ ਪਈ। ਹਸਪਤਾਲ ਨੇ ਵਿਅਕਤੀ ਦੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ ਅਤੇ ਅਦਾਲਤ ਦੀ ਸੁਣਵਾਈ ਰੋਕਣ ਲਈ ਕਿਹਾ ਹੈ।

ਕਿਸਾਨ ਅੰਦੋਲਨ ਦੀਆਂ ਗੁੱਝੀਆਂ ਪਰਤਾਂ; ਕਿਸਾਨ ਅੰਦੋਲਨ ਗਰਾਊਂਡ ਜ਼ੀਰੋ - 2020 - 21

ਜਗਦੇਵ ਸਿੱਧੂ
403 351 1136

'ਕਿਸਾਨ ਅੰਦੋਲਨ ਗਰਾਊਂਡ ਜ਼ੀਰੋ – 2020 – 21' ਪੱਤਰਕਾਰ ਮਨਦੀਪ ਪੁਨੀਆ ਦੀ ਮਹਾਨ ਜੇਤੂ ਕਿਸਾਨ ਅੰਦੋਲਨ ਬਾਰੇ ਉਹ ਪੁਸਤਕ ਹੈ ਜਿਸ ਵਿਚ ਉਸ ਨੇ ਇਸ ਦਾ ਅੱਖੀਂ ਦੇਖਿਆ ਹਾਲ ਵਰਨਣ ਕੀਤਾ ਹੈ। ਉਸ ਨੇ ਪੂਰੇ ਅੰਦੋਲਨ ਨੂੰ ਇਸ ਦੇ ਅਰੰਭ ਤੋਂ ਅਖੀਰ ਤੱਕ ਨਿਧੜਕ ਹੋ ਕੇ ਕਵਰ ਕੀਤਾ ਸੀ। ਡਾ. ਕੁਲਦੀਪ ਕੌਰ ਨੇ ਇਸਦਾ ਪੰਜਾਬੀ ਅਨੁਵਾਦ ਕੀਤਾ ਹੈ।

ਭਾਰਤ ਅੰਦਰ 2020–21 ਦੌਰਾਨ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਵਾਸਤੇ ਸਾਲ ਭਰ ਲਈ ਚਲਾਏ ਸਫਲ ਅੰਦੋਲਨ ਨੂੰ ਸ਼ੁਰੂ ਤੋਂ ਹੀ ਆਜ਼ਾਦ ਅਤੇ ਨਿਡਰ ਪੱਤਰਕਾਰ ਕਵਰ ਕਰਦੇ ਰਹੇ ਸਨ, ਉਹ ਵੀ ਉਸ ਸਮੇ ਜਦੋਂ ਮੁੱਖ ਧਾਰਾ ਦਾ ਸਾਰਾ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ (ਗੋਦੀ ਮੀਡੀਆ) ਸਰਕਾਰੀ ਦਬਾਅ ਹੇਠ ਅੰਦੋਲਨ ਦੇ ਖਿਲਾਫ਼ ਭੁਗਤ ਰਿਹਾ ਸੀ। ਅਜਿਹੇ ਜਾਂਬਾਜ਼ ਪੱਤਰਕਾਰਾਂ ਵਿਚ ਮਨਦੀਪ ਪੁਨੀਆ ਮੋਹਰਲੀਆਂ ਸਫਾਂ ਵਿਚ ਰਿਹਾ। ਉਸ ਨੂੰ ਇਸ ਕਵਰੇਜ ਤੋਂ ਰੋਕਣ ਲਈ ਪੁਲਿਸ ਨੇ ਗ੍ਰਿਫਤਾਰ ਕਰ ਕੇ, ਬੁਰੀ ਤਰ੍ਹਾਂ ਕੁੱਟ ਕੇ ਤਿਹਾੜ ਜੇਲ੍ਹ ਅੰਦਰ ਸੁੱਟ ਦਿੱਤਾ ਸੀ ਪਰ ਉਹ ਦਿਨਾਂ ਵਿਚ ਹੀ ਬਾਹਰ ਆ ਕੇ ਅਖੀਰ ਤੱਕ ਆਪਣੇ ਕੰਮ ਵਿਚ ਬੇਖੌਫ਼ ਹੋ ਕੇ ਜੁਟਿਆ ਰਿਹਾ। ਅੰਦੋਲਨ ਵਿਚ ਆਏ ਉਤਾਰ-ਚੜ੍ਹਾਅ, ਆਗੂਆਂ ਅਤੇ ਨੌਜਵਾਨਾਂ ਦੇ ਵਿਚਾਰਾਂ ਦਾ ਟਕਰਾਅ, ਅੰਦੋਲਨਕਾਰੀਆਂ ਦੀ ਚੜ੍ਹਤ, ਸਰਕਾਰੀ ਲਿੱਚ-ਗੜਿੱਚੀਆਂ, ਇਨ੍ਹਾਂ ਸਭ ਦੀ ਅੱਖੀਂ ਵੇਖੀ ਜਾਣਕਾਰੀ ਇਸ ਪੁਸਤਕ ਵਿਚ ਦਰਜ ਹੈ। ਭਾਵੇਂ ਸੋਸ਼ਲ ਮੀਡੀਆ ਉਪਰ ਇਸ ਅੰਦੋਲਨ ਬਾਰੇ ਭੋਰਾ-ਭੋਰਾ ਜਾਣਕਾਰੀ ਕੁੱਲ ਦੁਨੀਆਂ ਵਿਚ ਵੱਸਦੇ ਪੰਜਾਬੀਆਂ ਨੇ ਹਰ ਰੋਜ਼ ਨਾਲੋ-ਨਾਲ ਵੇਖੀ ਸੀ, ਪਰ ਸਰਕਾਰੀ ਚਾਲਾਂ, ਕਿਸਾਨ ਆਗੂਆਂ ਵਿਚਲੀਆਂ ਗੁੱਝੀਆਂ ਰਮਜ਼ਾਂ ਅਤੇ ਨੌਜਵਾਨਾਂ ਦੇ ਤਕੜੇ ਰੋਲ ਬਾਰੇ ਜੋ ਅਹਿਮ ਇੰਕਸ਼ਾਫ਼ ਇਸ ਪੁਸਤਕ ਵਿਚ ਮਿਲਦੇ ਹਨ, ਉਹ ਆਮ ਲੋਕਾਂ ਦੀ ਜਾਣਕਾਰੀ ਵਿਚ ਗੁਣਾਤਮਕ ਵਾਧਾ ਕਰਨ ਵਾਲੇ ਹਨ। ਇੱਥੇ ਮੁੱਖ ਤੌਰ ਤੇ ਉਨ੍ਹਾਂ ਨੂੰ ਦੁਹਰਾਉਣ ਦੀ ਕੋਸ਼ਿਸ਼ ਹੈ।

ਜਦੋਂ ਅੰਦੋਲਨਕਾਰੀ ਆਗੂਆਂ ਨੇ ਅੰਦੋਲਨ ਨੂੰ ਦਿੱਲੀ ਲਿਜਾਣ ਦਾ ਫੈਸਲਾ ਲਿਆ ਤਾਂ ਹਰਿਆਣਾ ਅਤੇ ਕੇਂਦਰ ਸਰਕਾਰਾਂ ਨੇ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਥਾਂ-ਥਾਂ ਭਾਰੀ ਰੁਕਾਵਟਾਂ ਖੜ੍ਹੀਆਂ ਕਰ ਕੇ ਭਾਰੀ ਗਿਣਤੀ ਵਿਚ ਪੁਲਿਸ ਫੋਰਸ ਨੂੰ ਤਾਇਨਾਤ ਕਰ ਦਿੱਤਾ ਸੀ ਜਿਸ ਕੋਲ ਪਾਣੀ ਦੀਆਂ ਬੁਛਾੜਾਂ ਮਾਰਨ ਵਾਲ਼ੀਆਂ ਜਲ-ਤੋਪਾਂ, ਅੱਥਰੂ ਗੈਸ ਦੇ ਗੋਲ਼ੇ, ਲਾਠੀਚਾਰਜ ਦਾ ਸਾਮਾਨ, ਇੱਥੋਂ ਤੱਕ ਕਿ ਗੋਲ਼ੀ ਚਲਾਉਣ ਦੀ ਪੂਰੀ ਤਿਆਰੀ ਸੀ। ਇਸ ਅੰਦੋਲਨ ਦੇ ਪਹਿਲੇ ਹੀ ਦਿਨ ਇੱਕ ਸਿਰਲੱਥ ਨੌਜਵਾਨ ਦੁਆਰਾ ਮਾਰੀ ਗਈ ਹਵਾਈ ਛਾਲ਼ ਨੂੰ ਸੋਸ਼ਲ ਮੀਡੀਆ 'ਤੇ ਵੇਖ ਕੇ ਨਾ ਸਿਰਫ਼ ਅੰਦੋਲਨਕਾਰੀ ਸਗੋਂ ਦੇਸ਼-ਵਿਦੇਸ਼ ਬੈਠੇ ਸਾਰੇ ਲੋਕੀ ਅਚੰਭਿਤ ਵੀ ਰਹਿ ਗਏ ਤੇ ਜੋਸ਼ ਵਿਚ ਵੀ ਆ ਗਏ। ਇਹ ਕੁਐਂਟਮ ਲੀਪ ਵਰਗੀ ਛਲ਼ਾਂਗ ਅੰਦੋਲਨਾਂ ਦੇ ਇਤਿਹਾਸ ਵਿਚ ਮੋਟੇ ਅੱਖਰਾਂ ਵਿਚ ਲਿਖੀ ਜਾਵੇਗੀ। 'ਦਿੱਲੀ ਚੱਲੋ' ਦੇ ਸੱਦੇ ਨੂੰ ਠੁੱਸ ਕਰਨ ਲਈ ਹਰਿਆਣਾ ਪੁਲਿਸ ਨੇ ਕਿਸਾਨ ਆਗੂਆਂ ਦੀ ਫੜੋ-ਫੜੀ ਸ਼ੁਰੂ ਕਰ ਦਿੱਤੀ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੇ ਸੱਦੇ 'ਤੇ 25 ਨਵੰਬਰ, 2020 ਨੂੰ ਕਿਸਾਨ ਟਰੈਕਟਰ ਲੈ ਕੇ ਅੰਬਾਲਾ ਪਹੁੰਚਣੇ ਸ਼ੁਰੂ ਹੋ ਗਏ। ਇੱਥੇ ਸ਼ਾਹਪੁਰ ਫਾਟਕ 'ਤੇ ਪੁਲਿਸ ਨਾਲ ਝਪਟ ਹੋ ਗਈ। ਕਈ ਕਿਸਾਨ ਗ੍ਰਿਫਤਾਰ ਕਰ ਲਏ। ਫੜਿਆ ਹੋਇਆ ਇੱਕ ਨੌਜਵਾਨ ਪੁਲਿਸ ਵਾਲ਼ਿਆਂ ਨੂੰ ਜ਼ੋਰ ਦੀ ਝਟਕਾ ਮਾਰ ਕੇ ਦੌੜ ਗਿਆ। ਪੁਲਿਸ ਦੇ ਹੱਥ ਉਸ ਦੀ ਜਾਕਟ ਦੀਆਂ ਪਾਟੀਆਂ ਲੀਰਾਂ ਹੀ ਰਹਿ ਗਈਆਂ। ਉਹ ਨੌਜਵਾਨ ਪਾਟੀ ਜਾਕਟ ਸਮੇਤ ਦੌੜ ਕੇ ਮੋਹੜਾ ਮੰਡੀ ਵਿਖੇ ਕਿਸਾਨਾਂ ਦੇ ਕਾਫ਼ਲੇ ਵਿਚ ਜਾ ਰਲ਼ਿਆ। ਕਰੀਬ ਡੇਢ ਕਿਲੋਮੀਟਰ ਅੱਗੇ ਜਾ ਕੇ ਪੁਲਿਸ ਦੇ ਬੈਰੀਕੇਡ ਹਟਾ ਕੇ ਕਿਸਾਨ ਅੱਗੇ ਵਧਣ ਲੱਗੇ। ਜਲ-ਤੋਪਾਂ ਪਾਣੀ ਵਰਸਾ ਰਹੀਆਂ ਸਨ। ਪਾਟੀ ਜਾਕਟ ਵਾਲ਼ੇ ਮੁੰਡੇ ਨੇ ਜਲ ਤੋਪ ਦਾ ਮੂੰਹ ਮੋੜ ਕੇ ਉਲਟਾ ਪੁਲਿਸ ਵੱਲ ਕਰ ਦਿੱਤਾ ਅਤੇ ਆਪਣੀ ਟਰਾਲੀ ਵਿਚ ਛਾਲ਼ ਮਾਰ ਗਿਆ। ਕਾਫ਼ਲਾ ਅੱਗੇ ਤੁਰ ਪਿਆ। ਇਹ ਨੌਜਵਾਨ ਸੀ ਨਵਦੀਪ ਸਿੰਘ। ਇਸ ਛਲ਼ਾਂਗ ਸਦਕਾ ਸਾਰੇ ਮੁਲਕ ਅਤੇ ਮੀਡੀਆ ਦੀਆਂ ਨਜ਼ਰਾਂ ਇਸ ਅੰਦੋਲਨ 'ਤੇ ਟਿਕ ਗਈਆਂ।

ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਨੇ ਅਕਤੂਬਰ ਮਹੀਨੇ ਟੋਲ ਪਲਾਜ਼ੇ ਬੰਦ ਕਰਾਉਣ ਦਾ ਫੈਸਲਾ ਲੈ ਲਿਆ ਸੀ। ਬੀ.ਕੇ.ਯੂ ਉਗਰਾਹਾਂ ਜਥੇਬੰਦੀ ਨੇ ਆਪਣੇ ਅਲਹਿਦਾ ਤੌਰ 'ਤੇ ਟੋਲ ਪਲਾਜ਼ਿਆਂ, ਪੈਟਰੋਲ ਪੰਪਾਂ ਅਤੇ ਰੇਲ ਪਟੜੀਆਂ 'ਤੇ ਮੋਰਚੇ ਲਾਏ। ਸਾਰੇ ਅੰਦੋਲਨ ਦੌਰਾਨ ਇਹ ਜਥੇਬੰਦੀ ਬਾਕੀ ਜਥੇਬੰਦੀਆਂ ਤੋਂ ਅਲੱਗ ਰਹੀ ਪਰ ਉਨ੍ਹਾਂ ਨਾਲ਼ ਲਗਾਤਾਰ ਤਾਲਮੇਲ ਬਣਾਈ ਰੱਖਿਆ। ਹਰਿਆਣਾ ਦੇ ਕਿਸਾਨਾਂ ਨੂੰ ਦਿੱਲੀ ਦੇ ਰਸਤੇ ਥਾਂ-ਥਾਂ ਲੱਗੇ ਬੈਰੀਅਰ ਤੋੜਨੇ ਪਏ। ਕਿਸਾਨ ਪਾਣੀ ਦੀਆਂ ਬੁਛਾੜਾਂ ਦੇ ਆਦੀ ਹੋ ਗਏ ਸਨ। ਤਿਉੜਾ-ਤਿਉੜੀ ਕੋਲ਼ ਲੱਗਿਆ ਬੈਰੀਕੇਡ ਤੋੜਨ ਵੇਲ਼ੇ ਕੁਝ ਕਿਸਾਨ ਪੁਲਿਸ ਨੂੰ ਗਾਲ੍ਹਾਂ ਕੱਢਦੇ ਹੋਏ ਕਹਿ ਰਹੇ ਸਨ ਕਿ ਗੰਦੇ ਪਾਣੀ ਦੀਆਂ ਬੁਛਾੜਾਂ ਤਾਂ ਨਾ ਮਾਰੋ। ਕਰਨਾਲ ਵਿਚ ਸਭ ਤੋਂ ਤਕੜਾ ਬੈਰੀਕੇਡ ਲਾਇਆ ਗਿਆ ਸੀ ਜਿੱਥੇ ਜਰਨੈਲੀ ਸੜਕ ਪੁੱਟ ਕੇ ਦੋ ਨਹਿਰਾਂ ਦੇ ਪੁਲ਼ਾਂ ਵਿਚਾਲ਼ੇ ਵੱਡੇ ਟਰੱਕ ਖੜ੍ਹੇ ਕੀਤੇ ਹੋਏ ਸਨ। ਨੌਜਵਾਨਾਂ ਨੇ ਕਈ ਟਰੱਕ ਟੋਚਨ ਪਾ ਕੇ ਪਾਸੇ ਕਰ ਦਿੱਤੇ, ਬਾਕੀ ਦੇ ਟਰੱਕਾਂ ਨੂੰ ਜੁਗਾੜੂ ਤਰੀਕੇ ਨਾਲ਼ ਸਟਾਰਟ ਕਰ ਕੇ ਖੂੰਜੇ ਲਾ ਦਿੱਤਾ। ਜੋਸ਼ ਵਿਚ ਨਾਹਰੇ ਮਾਰਦਾ ਇਹ ਹਰਿਆਣਵੀਆਂ ਦਾ ਜਥਾ ਦਿੱਲੀ ਵੱਲ ਨੂੰ ਵਧਦਾ ਜਾ ਰਿਹਾ ਸੀ।

ਪੰਜਾਬ ਤੋਂ ਚਾਲੇ ਪਾਉਣ ਵੇਲ਼ੇ ਜਥੇਬੰਦੀਆਂ ਦੇ ਆਗੂਆਂ ਵਿਚ ਸਹਿਮਤੀ ਬਣੀ ਕਿ ਹਰਿਆਣਾ ਬਾਰਡਰਾਂ 'ਤੇ ਪਹੁੰਚ ਕੇ ਦਿੱਲੀ ਜਾਣ ਦੀ ਕੋਸ਼ਿਸ਼ ਕਰਨਗੇ, ਜੇ ਕਰ ਪੁਲਿਸ ਨਾ ਮੰਨੀ ਤਾਂ ਉੱਥੇ ਹੀ ਬੈਠ ਕੇ ਧਰਨਾ ਮਾਰ ਕੇ ਅੰਦੋਲਨ ਜਾਰੀ ਰੱਖਣਗੇ। ਪੰਜਾਬ ਦੇ ਟਰੈਕਟਰ 26 ਨਵੰਬਰ ਨੂੰ ਸ਼ੰਭੂ ਬਾਰਡਰ 'ਤੇ ਪਹੁੰਚੇ ਤਾਂ ਹਰਿਆਣਾ ਦੀ ਪੁਲਿਸ ਨੇ ਟਰੱਕ ਖੜ੍ਹੇ ਕਰ ਕੇ ਜਰਨੈਲੀ ਸੜਕ ਦੀ ਬੈਰੀਕੇਡ-ਬੰਦੀ ਕੀਤੀ ਹੋਈ ਸੀ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ਼, ਜਗਜੀਤ ਸਿੰਘ ਡੱਲੇਵਾਲ਼, ਮਨਜੀਤ ਸਿੰਘ ਰਾਏ ਤੇ ਹੋਰ ਆਗੂ ਕਿਸਾਨਾਂ ਨੂੰ ਸ਼ਾਂਤ ਰਹਿ ਕੇ, ਓਥੇ ਹੀ ਬੈਠ ਕੇ ਧਰਨਾ ਦੇਣ ਲਈ ਕਹਿ ਰਹੇ ਸਨ। ਉਨ੍ਹਾਂ ਦੀ ਪ੍ਰਵਾਹ ਨਾ ਕਰਦਿਆਂ ਨੌਜਵਾਨਾਂ ਨੇ ਬੈਰੀਕੇਡ ਤੋੜ ਦਿੱਤੇ, ਟਰੱਕ ਹਟਾ ਕੇ ਪਾਸੇ ਕਰ ਦਿੱਤੇ। ਇੱਕ ਨੌਜਵਾਨ ਨੇ ਤਾਂ ਜਲ-ਤੋਪ ਨੂੰ ਸਪਲਾਈ ਦੇਣ ਵਾਲ਼ੀ ਪਾਈਪ ਕੱਟ ਦਿੱਤੀ ਤੇ ਤੋਪ ਨਕਾਰਾ ਹੋ ਗਈ। ਜੱਥਾ ਨਾਹਰੇ ਮਾਰਦਾ ਹਰਿਆਣੇ ਵਿਚ ਦਾਖਲ ਹੋ ਕੇ ਦਿੱਲੀ ਨੂੰ ਸਿੱਧਾ ਹੋ ਗਿਆ। ਮਨਦੀਪ ਪੁਨੀਆ ਲਿਖਦਾ ਹੈ ਕਿ "ਇੱਕ ਘੰਟੇ ਬਾਅਦ ਕਿਸਾਨ ਆਗੂ ਵੀ ਆਪਣੇ ਟਿਕਾਣਿਆਂ ਤੋਂ ਉੱਠੇ ਅਤੇ ਨਾਂਹ-ਨੁੱਕਰ ਕਰਦਿਆਂ ਗੁੱਸੇ ਹੋਏ ਫੁੱਫੜ ਵਾਂਗ ਦਿੱਲੀ ਨੂੰ ਚੱਲ ਪਏ।"

ਓਧਰ 26 ਨਵੰਬਰ ਨੂੰ ਡਬਵਾਲ਼ੀ ਅਤੇ ਖਨੌਰੀ ਬਾਰਡਰ 'ਤੇ ਜੋਗਿੰਦਰ ਸਿੰਘ ਉਗਰਾਹਾਂ ਵੀ ਕਿਸਾਨਾਂ ਨੂੰ ਸ਼ਾਂਤਮਈ ਢੰਗ ਨਾਲ਼ ਹਰਿਆਣਾ ਬਾਰਡਰ 'ਤੇ ਹੀ ਧਰਨਾ ਦੇਣ ਦੀ ਅਪੀਲ ਕਰ ਰਹੇ ਸਨ। ਖਨੌਰੀ ਬਾਰਡਰ ਵਾਲ਼ਾ ਬੈਰੀਕੇਡ ਤੋੜਨ ਦੇ ਬਾਵਜੂਦ ਵੀ ਆਗੂਆਂ ਨੇ ਅੱਗੇ ਜਾਣ ਤੋਂ ਇਨਕਾਰ ਕਰ ਦਿੱਤਾ। ਪਰ ਮਜਬੂਰਨ ਰਾਤ ਨੂੰ ਅੱਗੇ ਵਧਣ ਦਾ ਐਲਾਨ ਕਰਨਾ ਪਿਆ। ਪੁਨੀਆ ਲਿਖਦਾ ਹੈ, "ਲੋਕ ਤਮਾਮ ਜਥੇਬੰਦੀਆਂ ਦੇ ਆਗੂਆਂ ਨੂੰ ਧੂਹ ਕੇ ਦਿੱਲੀ ਦੀਆਂ ਸਰਹੱਦਾਂ 'ਤੇ ਲੈ ਗਏ। ਦਿੱਲੀ ਜਾਣ ਦਾ ਸੱਦਾ ਨਾ ਦੇਣ ਵਾਲ਼ੀ 'ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ' ਨੂੰ ਵੀ ਦੋ ਦਿਨਾਂ ਦੇ ਅੰਦਰ ਹੀ ਦਿੱਲੀ ਜਾਣ ਦੀ ਯੋਜਨਾ ਬਣਾਉਣੀ ਪਈ। -- ਟਰੈਕਟਰਾਂ 'ਤੇ ਸਵਾਰ ਮਾਣ-ਮੱਤੇ ਕਿਸਾਨਾਂ ਦਾ ਇਨਕਲਾਬੀ ਨਾਹਰਿਆਂ ਨਾਲ਼ ਸਵਾਗਤ ਹੋ ਰਿਹਾ ਸੀ ਅਤੇ ਟਰੈਕਟਰ ਮੋਰਾਂ ਵਾਂਗ ਪੈਲਾਂ ਪਾਉਂਦੇ ਦਿੱਲੀ ਵੱਲ ਕੌਡੀ ਪਾ ਰਹੇ ਸਨ।"

ਪਾਣੀਪਤ ਠਹਿਰਨ ਦੇ ਫੈਸਲੇ ਦੇ ਬਾਵਜੂਦ ਜਦੋਂ ਰਾਜੇਵਾਲ਼ ਨੂੰ ਦੱਸਿਆ ਕਿ ਪੰਜਾਬ ਵਾਲ਼ੇ ਤਾਂ ਦਿੱਲੀ ਵੱਲ ਚਲੇ ਗਏ ਤਾਂ ਉਸ ਨੇ ਕਿਹਾ, "ਪੰਜਾਬ ਦੇ ਕਿਸਾਨ ਸਾਡੇ ਕਹਿਣੇ ਤੋਂ ਬਾਹਰ ਨੇ ਤੇ ਸਾਡੀ ਗੱਲ ਹੀ ਨਹੀਂ ਸੁਣ ਰਹੇ।"ਉਸ ਵੇਲ਼ੇ ਰਾਜੇਵਾਲ਼ ਤੇ ਚੜੂਨੀ ਨੇ ਪਾਸੇ ਜਾ ਕੇ ਜੋ ਗੱਲ ਬਾਤ ਕੀਤੀ, ਉਸ ਨੂੰ ਸਿਰਫ਼ ਓਹੀ ਜਾਣਦੇ ਹਨ। ਸਿੰਘੂ ਬਾਰਡਰ 'ਤੇ ਕਿਸਾਨਾਂ ਦਾ ਸਵਾਗਤ ਦਿੱਲੀ ਪੁਲਿਸ ਨੇ ਅੱਥਰੂ ਗੈਸ ਦੇ ਗੋਲ਼ਿਆ ਨਾਲ਼ ਕੀਤਾ। ਸਰਕਾਰ-ਪੱਖੀ ਆਗੂ ਵੀ.ਐਮ. ਸਿੰਘ ਪੁਲਿਸ ਨੂੰ ਦੋਸਤ ਕਹਿ ਕੇ ਕਿਸਾਨਾਂ ਨੂੰ ਬੁਰਾੜੀ ਮੈਦਾਨ ਜਾਣ ਵਾਸਤੇ ਅਪੀਲਾਂ ਕਰ ਰਿਹਾ ਸੀ।ਅੰਦੋਲਨਕਾਰੀ ਕਿਸਾਨਾਂ ਨੇ ਬੁਰਾੜੀ ਜਾਣ ਵਾਲ਼ੀ ਪੇਸ਼ਕਸ਼ ਮੁੱਢੋਂ ਠੁਕਰਾ ਦਿੱਤੀ। ਯੋਗੇਂਦਰ ਯਾਦਵ ਬੁਰਾੜੀ ਜਾਣ ਦੇ ਹੱਕ ਵਿਚ ਸੀ। ਕਿਸਾਨਾਂ ਦਾ ਪੱਖ ਸੀ ਕਿ ਅਸੀਂ ਦਿੱਲੀ ਵਿਚ ਘਿਰਨਾ ਨਹੀਂ ਦਿੱਲੀ ਨੂੰ ਘੇਰਨਾ ਹੈ। ਹੁਣ ਟਰੈਕਟਰਾਂ ਵਿਚ ਕ੍ਰਾਂਤੀਕਾਰੀ ਗਾਣੇ ਵੱਜਣ ਲੱਗੇ। 28 ਨਵੰਬਰ ਦੀ ਸ਼ਾਮ ਨੂੰ ਬੀ.ਕੇ.ਯੂ. ਨੇਤਾ ਰਾਕੇਸ਼ ਟਿਕੈਤ ਆਪਣੇ ਯੂ.ਪੀ. ਦੇ ਜੱਥੇ ਨਾਲ਼ ਗਾਜ਼ੀਪੁਰ ਬਾਰਡਰ ਤੇ ਆ ਟਿਕਿਆ। ਗੋਦੀ ਮੀਡੀਏ ਨੂੰ ਕਿਸਾਨਾਂ ਨੇ ਨੇੜੇ ਨਹੀਂ ਫਟਕਣ ਦਿੱਤਾ, ਪਰ ਇਸ ਮੀਡੀਏ ਨੇ ਦੀਪ ਸਿੱਧੂ ਅਤੇ ਬਰਖਾ ਦੱਤ ਰਾਹੀਂ ਸਰਕਾਰ ਨੂੰ ਇਹ ਭੰਡੀ ਪਰਚਾਰ ਕਰਨ ਜੋਗਾ ਕਰ ਦਿੱਤਾ ਕਿ ਅੰਦੋਲਨਕਾਰੀ ਖਾਲਿਸਤਾਨੀ ਹਨ।



ਮੋਰਚੇ ਦੌਰਾਨ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਯੋਗਦਾਨ ਕਾਫ਼ੀ ਅਹਿਮ ਰਿਹਾ। ਵਿੱਕੀ ਅਤੇ ਸਾਥੀ ਟਰੈਕਟਰਾਂ ਵਿਚਾਲ਼ੇ ਬੈਠ ਕੇ ਪੋਸਟਰ ਤਿਆਰ ਕਰਦੇ ਰਹੇ। ਅੰਦੋਲਨ ਵਿਚ ਮੁੰਡੇ, ਕੁੜੀਆਂ, ਵਿਦਿਆਰਥੀ, ਕਲਾਕਾਰ, ਕਵੀ, ਸਾਹਿਤਕਾਰ, ਗਾਇਕ ਸ਼ਾਮਲ ਹੋਣ ਲੱਗੇ। 30 ਨਵੰਬਰ ਨੂੰ ਗੁਰਪੁਰਬ ਮੌਕੇ ਸਾਰੇ ਬਾਰਡਰਾਂ 'ਤੇ ਮੋਮਬੱਤੀਆਂ ਜਗ ਰਹੀਆਂ ਸਨ, ਟਰੈਕਟਰਾਂ ਨਾਲ਼ ਤੋੜੇ ਬੈਰੀਕੇਡਾਂ ਉਪਰ ਵੀ। ਪੁਨੀਆ ਦੇ ਸੰਪਾਦਕ ਅਭਿਸ਼ੇਕ ਦਾ ਕਹਿਣਾ ਸੀ ਕਿ ਇਹ ਸਿਰਫ਼ ਕਿਸਾਨਾਂ ਦਾ ਅੰਦੋਲਨ ਨਹੀਂ, ਮੁਲਕ ਦਾ ਮੁਸਤਕਬਿਲ ਤੈਅ ਕਰਨ ਦਾ ਅੰਦੋਲਨ ਹੈ। ਪਲਵਲ ਬਾਰਡਰ 'ਤੇ ਮੱਧ ਪ੍ਰਦੇਸ਼ ਦੇ ਕਿਸਾਨਾਂ ਦਾ ਮੋਰਚਾ ਲੱਗ ਗਿਆ। ਟਿਕਰੀ ਬਾਰਡਰ 'ਤੇ ਉਗਰਾਹਾਂ ਗਰੁਪ ਦੇ ਮੋਰਚੇ ਵਿਚ ਔਰਤਾਂ ਦੀ ਤਾਦਾਦ ਬੇਸ਼ੁਮਾਰ ਸੀ। ਪੰਜਾਬ, ਹਰਿਆਣਾ ਅਤੇ ਦੂਜੇ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚੇ (ਐਸ.ਕੇ.ਐਮ.) ਦੀ ਅਗਵਾਈ ਵਿਚ ਇਕੱਠੀਆਂ ਹੋ ਗਈਆਂ। ਸਰਕਾਰੀ ਸੱਦੇ ਮੁਤਾਬਕ ਪਹਿਲੀ ਦਸੰਬਰ ਨੂੰ ਕਿਸਾਨ ਆਗੂਆਂ ਦੀ ਮੀਟਿੰਗ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ, ਵਪਾਰ ਤੇ ਵਣਜ ਮੰਤਰੀ ਪੀਯੂਸ਼ ਗੋਇਲ ਅਤੇ ਉਸ ਦੇ ਰਾਜਮੰਤਰੀ ਸੋਮ ਪ੍ਰਕਾਸ਼ ਨਾਲ਼ ਹੋਈ। ਕਿਸਾਨ ਆਗੂ ਤਿੰਨੇ ਕਾਨੂੰਨ ਰੱਦ ਕਰਵਾਉਣ ਉੱਤੇ ਅੜੇ ਰਹੇ। ਇਹ ਦੱਸਣਯੋਗ ਹੈ ਕਿ ਜੂਨ ਦੇ ਮਹੀਨੇ ਰਾਕੇਸ਼ ਟਿਕੈਤ ਨੇ ਇਨ੍ਹਾਂ ਆਰਡੀਨੈਂਸਾਂ ਦੀ ਤਾਰੀਫ਼ ਕੀਤੀ ਸੀ ਪਰ ਮਗਰੋਂ ਕਿਸਾਨਾਂ ਦਾ ਰੋਹ ਵੇਖ ਕੇ ਇਨ੍ਹਾਂ ਦੇ ਖਿਲਾਫ਼ ਉਤਰਿਆ। ਤਿੰਨ ਦਸੰਬਰ ਦੀ ਮੀਟਿੰਗ ਵਿਚ ਸਰਕਾਰੀ ਟੀਮ ਨੇ ਕਾਨੂੰਨਾਂ ਵਿਚ ਸੋਧ ਕਰਨ ਦਾ ਸੁਝਾਅ ਦਿੱਤਾ ਜਿਸ ਨੂੰ ਆਗੂਆਂ ਨੇ ਠੁਕਰਾ ਦਿੱਤਾ। ਸੋਧਾਂ ਕਰਨ ਦੀਆਂ ਸਲਾਹਾਂ ਦੇਣ ਵਾਲ਼ੇ ਕੈਪਟਨ ਅਮਰਿੰਦਰ ਸਿੰਘ ਅਤੇ ਦੀਪ ਸਿੱਧੂ ਸਨ। 5 ਦਸੰਬਰ ਦੀ ਮੀਟਿੰਗ ਦਾ ਵੀ ਓਹੀ ਹਸ਼ਰ ਹੋਇਆ। ਅੱਠ ਦਸੰਬਰ ਨੂੰ ਐਸ.ਕੇ.ਐਮ ਦੀ ਪੁਕਾਰ 'ਤੇ ਸਾਰੇ ਮੁਲਕ ਵਿਚ ਸਫਲ ਭਾਰਤ ਬੰਦ ਹੋਇਆ। ਇਸੇ ਦਿਨ ਸ਼ਾਮ ਨੂੰ ਆਗੂਆਂ ਦੀ ਕੇਂਦਰੀ ਗ੍ਰਹਿਮੰਤਰੀ ਅਮਿਤ ਸ਼ਾਹ ਨਾਲ਼ ਮੀਟਿੰਗ ਹੋਈ ਪਰ ਬੇ-ਸਿੱਟਾ ਰਹੀ। ਜੋਗਿੰਦਰ ਸਿੰਘ ਉਗਰਾਹਾਂ ਇਸ ਮੀਟਿੰਗ ਵਿਚ ਸ਼ਾਮਲ ਨਾ ਹੋਏ।

ਦਸ ਦਸੰਬਰ ਨੂੰ ਟਿਕਰੀ ਬਾਰਡਰ 'ਤੇ 'ਵਿਸ਼ਵ ਮਾਨਵ ਅਧਿਕਾਰ ਦਿਵਸ' ਮਨਾਇਆ ਗਿਆ। ਸਿੰਘੂ ਬਾਰਡਰ 'ਤੇ ਬੈਠੀਆਂ ਜਥੇਬੰਦੀਆਂ ਨੇ ਇਸ ਤੋਂ ਦੂਰੀ ਬਣਾ ਲਈ। ਮੋਰਚੇ ਵਿਚ ਨਵੀਂ ਰੂਹ ਫੂਕਣ ਲਈ ਨੌਜਵਾਨਾਂ ਦੇ ਜ਼ੋਰ ਪਾਉਣ 'ਤੇ 32 ਜਥੇਬੰਦੀਆਂ ਨੇ 25 ਦਸੰਬਰ ਦੀ ਮੀਟਿੰਗ ਵਿਚ ਕੇ.ਐਮ.ਪੀ. ਰੋਡ ਰੋਕਣ ਦਾ ਪ੍ਰਸਤਾਵ ਪਾਸ ਕੀਤਾ ਪਰ ਅਗਲੇ ਦਿਨ ਐਸ.ਕੇ.ਐਮ. ਦੀ ਬੈਠਕ ਵਿਚ ਇਸ ਨੂੰ ਟਰੈਕਟਰ ਮਾਰਚ ਵਿਚ ਬਦਲ ਦਿੱਤਾ। ਸਰਕਾਰ ਨਾਲ਼ 30 ਦਸੰਬਰ ਦੀ ਮੀਟਿੰਗ ਹਾਂ-ਪੱਖੀ ਰਹੀ, ਫੇਰ 4 ਜਨਵਰੀ ਦੀ ਮੀਟਿੰਗ ਵਿਚ ਵੀ ਆਗੂ ਤਿੰਨੇ ਕਾਨੂੰਨ ਰੱਦ ਕਰਨ ਦੀ ਮੰਗ 'ਤੇ ਡਟੇ ਰਹੇ। ਅੰਦਰਖਾਤੇ ਸਰਕਾਰ ਦੁਆਰਾ ਕਾਨੂੰਨਾਂ ਵਿਚ ਸੁਧਾਰ ਕਰਨ ਦੇ ਪ੍ਰਸਤਾਵ ਦੇ ਹੱਕ ਵਿਚ ਕਈ ਆਗੂ ਸਨ ਪਰ ਲੋਕਾਂ ਤੋਂ ਡਰਦੇ ਸਨ। ਪੁਨੀਆ ਮੁਤਾਬਕ ਦੇਖਣ ਨੂੰ ਤਾਂ ਸਾਰੇ ਆਗੂ ਇੱਕਜੁੱਟ ਲਗਦੇ ਹਨ ਪਰ ਅੰਦਰੋਂ ਤੋਲੀਏ ਤਾਂ ਘੱਟ ਹੀ ਪੂਰੇ ਤੁਲਣਗੇ। ਸੱਤ ਜਨਵਰੀ ਨੂੰ ਹਜ਼ਾਰਾਂ ਟਰੈਕਟਰ ਕੇ.ਐਮ.ਪੀ. ਰੋਡ 'ਤੇ ਦਨਦਨਾਉਂਦੇ ਰਹੇ।ਪਿਪਲੀ ਰੋਡਪਲਾਜ਼ੇ 'ਤੇ ਪਹੁੰਚ ਕੇ ਰਾਜੇਵਾਲ਼ ਨੇ ਸਾਰੇ ਟਰੈਕਟਰਾਂ ਨੂੰ ਵਾਪਸ ਮੁੜਨ ਦਾ ਆਦੇਸ਼ ਜਾਰੀ ਕਰ ਦਿੱਤਾ। ਮਿਥੇ ਹੋਏ ਪ੍ਰੋਗਰਾਮ ਅਨੁਸਾਰ ਦੋ ਘੰਟੇ ਜਲਸਾ ਕਰਨਾ ਸੀ, ਉਹ ਵੀ ਨਾ ਕਰਨ ਦਿੱਤਾ। ਇਸ ਮਗਰੋਂ ਹਰਿਆਣਾ, ਪੰਜਾਬ ਅੰਦਰ ਕਈ ਥਾਈਂ ਟਰੈਕਟਰ ਮਾਰਚ ਹੁੰਦੇ ਰਹੇ। 26 ਜਨਵਰੀ ਦੇ ਦਿੱਲੀ ਟਰੈਕਟਰ ਮਾਰਚ ਦੀਆਂ ਤਿਆਰੀਆਂ ਹੋਣ ਲੱਗੀਆਂ।

12 ਜਨਵਰੀ, 2021 ਨੂੰ ਸੁਪਰੀਮ ਕੋਰਟ ਨੇ ਤਿੰਨੇ ਖੇਤੀ ਕਾਨੂੰਨਾਂ 'ਤੇ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ। 20 ਜਨਵਰੀ ਦੀ ਮੀਟਿੰਗ ਵਿਚ ਸਰਕਾਰ ਨੇ ਇਹ ਕਾਨੂੰਨ ਡੇਢ ਸਾਲ ਲਈ ਅੱਗੇ ਪਾਉਣ ਦਾ ਪ੍ਰਸਤਾਵ ਰੱਖਿਆ। ਅਗਲੇ ਦਿਨ ਹੋਈ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਦੌਰਾਨ 17 ਜਥੇਬੰਦੀਆਂ ਨੇ ਕਾਨੂੰਨ ਰੱਦ ਕਰਾਉਣ ਅਤੇ 15 ਨੇ ਡੇਢ ਸਾਲ ਲਈ ਮੁਅੱਤਲ ਕਰਾਉਣ ਲਈ ਰਾਇ ਦਿੱਤੀ। ਮੁੱਤਲ ਕਰਾਉਣ ਵਾਲ਼ੇ ਸਨ – ਬਲਬੀਰ ਸਿੰਘ ਰਾਜੇਵਾਲ਼, ਜਗਜੀਤ ਸਿੰਘ ਡੱਲੇਵਾਲ਼, ਹਰਮੀਤ ਕਾਦੀਆਂ, ਮਨਜੀਤ ਰਾਇ, ਕੁਲਵੰਤ ਸੰਧੂ, ਬਲਦੇਵ ਸਿਰਸਾ ਅਤੇ ਬਹਿਰਾਮਕੇ। ਮਗਰੋਂ ਵੋਟਿੰਗ ਸਮੇ 19 ਨੇ ਰੱਦ ਕਰਨ, 11 ਨੇ ਮੁਅੱਤਲ ਕਰਨ ਲਈ ਵੋਟ ਪਾਈ ਜਦੋਂ ਕਿ ਦੋ ਨੇ ਵੋਟ ਹੀ ਨਹੀਂ ਪਾਈ। ਗੁਰਨਾਮ ਚੜੂਨੀ ਦੀ ਰਾਇ ਸੀ ਕਿ ਜੇ ਸਰਕਾਰ ਨਿਊਨਤਮ ਖਰੀਦ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਰੰਟੀ ਦਿੰਦੀ ਹੈ ਤਾਂ ਮੁਅੱਤਲੀ ਦਾ ਪ੍ਰਸਤਾਵ ਮੰਨ ਲੈਣਾ ਚਾਹੀਦਾ ਹੈ। ਉਹਨੀਂ ਦਿਨੀਂ ਰਾਜੇਵਾਲ਼ ਦੀ ਪੰਜਾਬੀ ਟ੍ਰਿਬਿਊਨ ਵਿਚ ਖੁੱਲ੍ਹੀ ਚਿੱਠੀ ਛਪੀ ਜਿਸ ਵਿਚ ਕਿਹਾ ਸੀ ਕਿ 26 ਜਨਵਰੀ ਦੀ ਟਰੈਕਟਰ ਪਰੇਡ ਦਿੱਲੀ ਦੇ ਬਾਰਡਰਾਂ ਉਪਰ ਹੀ ਹੋਵੇਗੀ। ਇਸ ਦੇ ਵਿਰੋਧ ਵਿਚ ਸੁਰਜੀਤ ਸਿੰਘ ਫੂਲ ਨੇ ਸਟੇਜ ਤੋਂ ਹੀ ਐਲਾਨ ਕਰ ਦਿੱਤਾ ਕਿ ਪਰੇਡ ਦਿੱਲੀ ਦੇ ਅੰਦਰ ਹੀ ਹੋਵੇਗੀ। ਉਸ ਨੇ ਪਹਿਲਾਂ ਰਾਜੇਵਾਲ਼ ਦੇ ਬੁਰਾੜੀ ਜਾਣ ਦੇ ਫੈਸਲੇ ਦਾ ਵੀ ਵਿਰੋਧ ਕੀਤਾ ਸੀ। ਚੜੂਨੀ ਨੇ ਕਿਹਾ ਕਿ ਅਸੀਂ ਟਰੈਕਟਰ ਧੁੱਪ ਲੁਆਉਣ ਲਈ ਨਹੀਂ ਮੰਗਵਾਏ। ਸਰਕਾਰ ਨਾਲ਼ 15 ਜਨਵਰੀ ਦੀ ਮੀਟਿੰਗ ਬੇ-ਸਿੱਟਾ ਰਹਿਣ ਮਗਰੋਂ ਟਿਕੈਤ ਨੇ ਕਿਹਾ ਸੀ ਕਿ ਜੇ ਸਰਕਾਰ ਕਹੇਗੀ ਤਾਂ ਅਸੀਂ 26 ਜਨਵਰੀ ਨੂੰ ਟਰੈਕਟਰ ਰੈਲੀ ਨਹੀਂ ਕਰਾਂਗੇ। ਪੁਲਿਸ ਦੁਆਰਾ ਇਸ ਪਰੇਡ ਲਈ ਦਿੱਤਾ ਸੜਕ-ਨਕਸ਼ਾ ਨੌਜਵਾਨਾਂ ਨੂੰ ਮਨਜ਼ੂਰ ਨਹੀਂ ਸੀ। ਉਹ ਜਥੇਬੰਦੀਆਂ ਦੇ ਪਹਿਲੇ ਫੈਸਲੇ ਮੁਤਾਬਕ ਬਾਹਰਲੀ ਰਿੰਗ ਰੋਡ 'ਤੇ ਪਰੇਡ ਲਈ ਬਜ਼ਿਦ ਸਨ। ਪਰ ਕਿਸਾਨ ਆਗੂ ਪੁਲਿਸ ਦੇ ਦਿੱਤੇ ਨਕਸ਼ੇ ਸਮੇਤ ਨਾਲ਼ ਲਾਈਆਂ ਸ਼ਰਤਾਂ ਉਪਰ ਦਸਤਖਤ ਕਰ ਚੁੱਕੇ ਸਨ। ਮਨਦੀਪ ਪੁਨੀਆ ਨੇ 26 ਜਨਵਰੀ ਦੀ ਟਰੈਕਟਰ ਪਰੇਡ ਦੌਰਾਨ ਵਾਪਰੀਆਂ ਘਟਨਾਵਾਂ ਦਾ ਬਿਓਰਾ ਕਾਫ਼ੀ ਵਿਸਥਾਰ ਵਿਚ ਦਿੱਤਾ ਹੈ। ਇਸ ਪਰੇਡ ਦੌਰਾਨ ਉੱਤਰਾਖੰਡ ਦੇ 25 ਸਾਲਾ ਨੌਜਵਾਨ ਨਵਰੀਤ ਸਿੰਘ ਦੀ ਪੁਲਿਸ ਦੀ ਗੋਲ਼ੀ ਨਾਲ ਮੌਤ ਹੋ ਗਈ ਦੱਸੀ ਹੈ। ਉਸ ਵੇਲ਼ੇ ਸੰਯੁਕਤ ਕਿਸਾਨ ਮੋਰਚੇ ਨੇ ਨਵਰੀਤ ਨੂੰ ਸ਼ਹੀਦ ਮੰਨਣ ਤੋਂ ਵੀ ਕੰਨੀ ਕਤਰਾ ਲਈ। ਲਾਲ ਕਿਲੇ ਜਾਣ ਵਾਲ਼ਿਆਂ ਦੀ ਰਾਜੇਵਾਲ਼, ਯੋਗੇਂਦਰ ਯਾਦਵ ਅਤੇ ਪ੍ਰੇਮ ਸਿੰਘ ਭੰਗੂ ਨੇ ਗ਼ਦਾਰ ਕਹਿ ਕੇ ਨਿੰਦਿਆ ਕੀਤੀ। ਸਿਰਫ਼ ਰਾਕੇਸ਼ ਟਿਕੈਤ ਨੇ ਆਪਣੇ ਜਥੇ ਦੇ ਓਧਰ ਜਾਣ ਦੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਲਈ ਸੀ। ਆਗੂਆਂ ਦੇ ਇਸ ਵਤੀਰੇ ਨੇ ਸਰਕਾਰ ਦੀ ਦਮਨਕਾਰੀ ਨੀਤੀ ਨੂੰ ਸ਼ਹਿ ਦਿੱਤੀ। ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰਨ ਅਤੇ ਕੇਸ ਦਰਜ ਕਰਨ ਦੀ ਝੜੀ ਲੱਗ ਗਈ।

ਤਿੰਨੇ ਕਾਨੂੰਨ ਤਿੰਨ ਸਾਲ ਲਈ ਮੁਅੱਤਲ ਕਰਨ ਦੇ ਮਤੇ ਉਪਰ 32 ਜਥੇਬੰਦੀਆਂ ਦੀ ਸਹਿਮਤੀ ਤਾਂ ਹੋਈ ਪਰ ਮੋਰਚੇ 'ਤੇ ਬੈਠੇ ਕਿਸਾਨ ਅਤੇ ਨੌਜਵਾਨ ਰਾਜ਼ੀ ਨਹੀਂ ਸਨ। ਉਨ੍ਹਾਂ ਨੇ ਤਾਂ ਪੈਂਫਲਿਟ ਵੰਡੇ – "ਸੋਧਾਂ-ਸਾਧਾਂ ਨਹੀਂ ਮਨਜ਼ੂਰ, ਤਿੰਨੇ ਕਾਨੂੰਨ ਚਕਨਾਚੂਰ"। ਜੋਗਿੰਦਰ ਸਿੰਘ ਉਗਰਾਹਾਂ ਨੇ 9 ਮਾਰਚ, 2021 ਨੂੰ ਇੱਕ ਮੁਲਾਕਾਤ ਸਮੇਂ ਦੱਸਿਆ, "ਜੇਕਰ ਸਰਕਾਰ ਇੱਕ ਕਾਨੂੰਨ ਰੱਦ ਕਰਨ ਅਤੇ ਦੋ ਸਸਪੈਂਡ ਕਰਨ ਜਾਂ ਦੋ ਰੱਦ ਕਰਨ ਅਤੇ ਇੱਕ ਸਸਪੈਂਡ ਕਰਨ ਲਈ ਰਾਜ਼ੀ ਹੋ ਜਾਂਦੀ ਹੈ ਤਾਂ ਅਸੀਂ ਲੋਕਾਂ ਨੂੰ ਸਮਝਾਵਾਂਗੇ ਕਿ ਇਹ ਸਾਡੀ 80 ਪ੍ਰਤੀਸ਼ਤ ਜਿੱਤ ਹੋ ਗਈ ਹੈ। -- 100 ਪ੍ਰਤੀਸ਼ਤ ਤਾਂ ਕਦੇ ਵੀ ਨਹੀਂ ਮਿਲਦੀ। -- ਅਸੀਂ ਲੋਕਾਂ ਨੂੰ ਮਨਾ ਲਵਾਂਗੇ।" ਕਿਸਾਨ ਆਗੂਆਂ ਵਿਚ ਵੀ ਖਿੱਚੋਤਾਣ, ਦੁਚਿੱਤੀ, ਦੁਬਿਧਾ ਸੀ, ਉਨ੍ਹਾਂ ਅਤੇ ਨੌਜਵਾਨਾਂ ਵਿਚ ਪਾੜਾ ਵਧ ਰਿਹਾ ਸੀ। ਇਸ ਪਾੜੇ ਨੂੰ ਪੂਰਨ ਦਾ ਕੰਮ 7 ਮਾਰਚ ਨੂੰ ਨਵਰੀਤ ਸਿੰਘ ਦੇ ਸ਼ਹੀਦੀ ਸਮਾਗਮ ਮੌਕੇ ਉਸ ਦੇ ਦਾਦਾ ਹਰਦੀਪ ਸਿੰਘ ਡਿਬਡਿਬਾ ਨੇ ਕੀਤਾ। ਉਸ ਨੇ ਸਾਰਿਆਂ ਨੂੰ ਗਿਲੇ-ਸ਼ਿਕਵੇ ਭੁਲਾ ਕੇ ਇੱਕ ਹੋ ਕੇ ਚੱਲਣ ਦੀ ਭਾਵੁਕ ਅਪੀਲ ਕੀਤੀ। ਹਾਲੇ ਵੀ ਪ੍ਰੇਮ ਸਿੰਘ ਭੰਗੂ, ਰੁਲਦੂ ਸਿੰਘ ਮਾਨਸਾ ਅਤੇ ਸਤਿਨਾਮ ਸਿੰਘ ਅਜਨਾਲਾ ਨੌਜਵਾਨਾਂ ਦਾ ਵਿਰੋਧ ਕਰਦੇ ਰਹੇ ਜਿਸ ਦੀ ਸਾਰੇ ਪਾਸਿਓਂ ਨਿੰਦਿਆ ਹੋਈ।

13 ਨਵੰਬਰ, 2021 ਨੂੰ ਰਾਜੇਵਾਲ਼ ਦੇ ਕਹਿਣ 'ਤੇ 22 ਜਥੇਬੰਦੀਆਂ ਦੀ ਮੀਟਿੰਗ ਹੋਈ ਜਿਸ ਵਿਚ ਰਾਜੇਵਾਲ਼ ਨੇ ਅਮਿਤ ਸ਼ਾਹ ਨੂੰ ਲਿਖੀ ਚਿੱਠੀ ਵਿਖਾਈ। ਇਸ ਵਿਚ ਪਹਿਲਾ ਕਾਨੂੰਨ ਰੱਦ ਕਰਨ, ਦੂਜਾ ਕਾਨੂੰਨ ਰਾਜ ਦੇ ਅਧਿਕਾਰ ਖੇਤਰ ਅੰਦਰ ਰੱਖਣ ਅਤੇ ਤੀਜਾ ਕਾਨੂੰਨ ਮੁਅੱਤਲ ਕਰਨ ਦੀ ਤਜ਼ਵੀਜ਼ ਸੀ। ਇਸ ਤੋਂ ਇਲਾਵਾ ਐਮ.ਐਸ.ਪੀ. ਲਈ ਕਮੇਟੀ ਬਣਾਉਣਾ, ਬਿਜਲੀ ਤੇ ਪਰਾਲ਼ੀ ਬਿਲ ਰੱਦ ਕਰਨਾ, ਖੇਤੀ ਸੈਕਟਰ ਲਈ ਆਰਥਿਕ ਪੈਕੇਜ, ਕਿਸਾਨਾਂ 'ਤੇ ਦਰਜ ਮੁਕੱਦਮੇ ਵਾਪਸ ਲੈਣੇ ਆਦਿ ਮੰਗਾਂ ਸ਼ਾਮਲ ਸਨ। ਇਸ ਬਾਰੇ ਰਾਜੇਵਾਲ਼, ਬੂਟਾ ਸਿੰਘ ਬੁਰਜ ਗਿੱਲ, ਹਰਮੀਤ ਕਾਦੀਆਂ ਅਤੇ ਕੁਲਵੰਤ ਸੰਧੂ ਕੈਪਟਨ ਅਮਰਿੰਦਰ ਸਿੰਘ ਦੀ ਵਿਉਂਤ ਅਨੁਸਾਰ ਪੰਜਾਬ ਦੇ ਤਿੰਨ ਅਫਸਰਾਂ ਰਾਹੀਂ ਸਰਕਾਰ ਨਾਲ ਲਗਾਤਾਰ ਗੱਲਬਾਤ ਕਰਦੇ ਰਹੇ ਸਨ। ਕੈਪਟਨ ਅੰਦਰਖਾਤੇ ਬੀ ਜੇ ਪੀ ਨਾਲ਼ ਨੇੜਤਾ ਬਣਾ ਕੇ ਆਪਣੀ ਕੁਰਸੀ ਬਚਾਉਣ ਦੀ ਤਾਕ ਵਿਚ ਸੀ। ਇਸ ਮੀਟਿੰਗ ਵਿਚ ਰਾਜੇਵਾਲ਼ ਗਰੁਪ ਦੀਆਂ ਜਥੇਬੰਦੀਆਂ ਸਨ ਪਰ ਸੁਰਜੀਤ ਫੂਲ, ਹਰਪਾਲ ਸੰਘਾ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਨਹੀਂ ਸਨ। ਰਾਜੇਵਾਲ਼ ਨੇ ਕਿਹਾ ਕਿ ਇਹ ਚਿੱਠੀ ਉਹ ਅਮਿਤ ਸ਼ਾਹ ਨੂੰ ਪਹਿਲਾਂ ਹੀ ਭੇਜ ਚੁੱਕੇ ਹਨ। ਲਖੀਮਪੁਰ ਖੀਰੀ ਦਰੜ-ਕਾਂਡ ਨੇ ਇਨ੍ਹਾਂ ਸਾਰਿਆਂ ਦੀ ਇਸ ਸਕੀਮ 'ਤੇ ਪਾਣੀ ਫੇਰ ਦਿੱਤਾ।

19 ਨਵੰਬਰ, 2021 ਅੰਦੋਲਨਾਂ ਦੇ ਇਤਿਹਾਸ ਦਾ ਸੁਨਹਿਰਾ ਦਿਨ ਸੀ। ਗੁਰਪੁਰਬ ਦੀ ਇਸ ਪਾਵਨ ਸਵੇਰ ਨੂੰ ਭਾਰਤ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੇ ਤਿੰਨੇ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਫਿਰ 29 ਨਵੰਬਰ ਨੂੰ ਸੰਸਦ ਨੇ ਇਹ ਕਾਨੂੰਨ ਬਾਕਾਇਦਾ ਰੱਦ ਕਰ ਦਿੱਤੇ। ਸਿੰਘੂ ਬਾਰਡਰ 'ਤੇ ਹੋਈ ਮੀਟਿੰਗ ਵਿਚ ਬਹੁਤੇ ਕਿਸਾਨ ਆਗੂ ਮੋਰਚਾ ਖ਼ਤਮ ਕਰਨ ਦੇ ਹੱਕ ਵਚ ਸਨ, ਪਰ ਜਗਜੀਤ ਸਿੰਘ ਡੱਲੇਵਾਲ਼, ਦਰਸ਼ਨਪਾਲ, ਹਰਜੀਤ ਰਵੀ, ਸੁਰਜੀਤ ਫੂਲ, ਹਰਪਾਲ ਸੰਘਾ, ਸੁਖਪਾਲ ਸਿੰਘ ਡਫਰ ਤੇ ਬਲਦੇਵ ਸਿਰਸਾ ਮੋਰਚਾ ਜਾਰੀ ਰੱਖਣਾ ਚਾਹੁੰਦੇ ਸਨ ਕਿਉਂਕਿ ਕਿਸਾਨਾਂ 'ਤੇ ਦਰਜ ਮੁਕੱਦਮੇ ਵਾਪਸ ਲੈਣ ਅਤੇ ਐਮ.ਐਸ.ਪੀ. ਬਾਰੇ ਫੈਸਲੇ ਅਜੇ ਬਾਕੀ ਸਨ। ਸੁਰਜੀਤ ਫੂਲ ਨੇ ਦਲੀਲ ਦਿੱਤੀ ਕਿ ਐਮ.ਐਸ.ਪੀ. ਦੀ ਮੰਗ ਮੰਨਵਾਏ ਬਿਨਾਂ ਅਤੇ ਕਿਸਾਨਾਂ ਉਪਰ ਦਰਜ ਮੁਕੱਦਮੇ ਵਾਪਸ ਕਰਾਏ ਬਿਨਾਂ ਅੰਦੋਲਨ ਖ਼ਤਮ ਕਰਨਾ ਨਹੀਂ ਚਾਹੀਦਾ। 4 ਦਸੰਬਰ, 2021 ਦੀ ਮੀਟਿੰਗ ਵਿਚ ਰਾਜੇਵਾਲ਼ ਗਰੁਪ ਵਾਪਸੀ ਦੀ ਗੱਲ ਕਰ ਰਿਹਾ ਸੀ (ਹੁਣ ਲਗਦਾ ਹੈ ਸ਼ਾਇਦ ਉਸ ਨੂੰ ਚੋਣਾਂ ਲੜਨ ਦੀ ਕਾਹਲ਼ੀ ਸੀ)। ਦੂਜੇ ਸੂਬਿਆਂ ਅਤੇ ਪੰਜਾਬ ਦੀਆਂ ਬਾਕੀ ਜਥੇਬੰਦੀਆਂ ਬਾਕੀ ਮੰਗਾਂ ਦੇ ਸੰਤੋਸ਼ਜਨਕ ਨਿਪਟਾਰੇ ਲਈ ਜ਼ੋਰ ਪਾ ਰਹੀਆਂ ਸਨ। ਭਾਰਤੀ ਕਿਸਾਨ ਭਲਾਈ ਮੰਤਰਾਲੇ ਦੇ ਸਕੱਤਰ ਨੇ 9 ਦਸੰਬਰ ਨੂੰ ਐਮ.ਐਸ.ਪੀ. ਬਾਰੇ ਕਮੇਟੀ ਬਣਾਉਣ ਅਤੇ ਦਰਜ ਮੁਕੱਦਮੇ ਵਾਪਸ ਲੈਣ ਬਾਰੇ ਪੱਤਰ ਦੇ ਦਿੱਤਾ। ਗਿਆਰਾਂ ਦਸੰਬਰ ਨੂੰ ਜੇਤੂ ਅੰਦੋਲਨਕਾਰੀਆਂ ਦੇ ਨਾਹਰਿਆਂ ਦੀ ਗੂੰਜ ਵਿਚ ਟਰੈਕਟਰ ਧੂੜਾਂ ਪਟਦੇ ਘਰਾਂ ਨੂੰ ਮੁੜ ਪਏ।

ਮਨਦੀਪ ਪੁਨੀਆ ਨੇ ਖਾਪ ਪੰਚਾਇਤਾਂ, ਕਈ ਸੂਬਿਆਂ ਅੰਦਰ ਹੋਈਆਂ ਵਿਸ਼ਾਲ ਰੈਲੀਆਂ, ਟੋਲ ਪਲਾਜ਼ੇ ਰੋਕਣ, ਅੰਬਾਨੀ-ਅਡਾਨੀ ਦੇ ਕਾਰੋਬਾਰਾਂ ਦਾ ਬਾਈਕਾਟ ਕਰਨ, ਰੇਲਾਂ ਰੋਕਣ, ਬੀ ਜੇ ਪੀ ਆਗੂਆਂ ਦਾ ਘਿਰਾਉ ਕਰਨ, ਗੋਦੀ ਮੀਡੀਆ ਨੂੰ ਦਰਕਿਨਾਰ ਕਰਨ, ਪੁਲਿਸ ਨਾਲ਼ ਥਾਂ ਥਾਂ ਹੋਈਆਂ ਖੂਨੀ ਝੜਪਾਂ, ਠਾਣਿਆਂ ਦਾ ਘਿਰਾਉ, ਲਖੀਮਪੁਰ ਖੀਰੀ ਦਾ ਦਰੜ-ਕਾਂਡ, ਰਾਕੇਸ਼ ਟਿਕੈਤ ਦੇ ਹੰਝੂ, ਗੱਲ ਕੀ ਕਿਸਾਨ ਅੰਦੋਲਨ ਨਾਲ਼ ਜੁੜੀ ਹਰੇਕ ਜ਼ਿਕਰਯੋਗ ਘਟਨਾ ਦਾ ਅੱਖੀਂ ਦੇਖਿਆ ਹਾਲ ਬਿਆਨ ਕੀਤਾ ਹੈ। ਇਹ ਪੁਸਤਕ ਇਸ ਇਤਿਹਾਸ ਦਾ ਭਰੋਸੇਯੋਗ ਸੂਤਰ ਅਤੇ ਦਸਤਾਵੇਜ਼ ਹੈ, ਜੋ ਸਿੱਖਿਆਰਥੀਆਂ, ਵਿਦਿਆਰਥੀਆਂ, ਖੋਜਾਰਥੀਆਂ, ਅੰਦੋਲਨਕਾਰੀਆਂ ਅਤੇ ਆਮ ਪਾਠਕਾਂ ਲਈ ਬਹੁਤ ਲਾਭਕਾਰੀ ਰਹੇਗੀ। ਇਸ ਪੁਸਤਕ ਦੀ ਅਹਿਮੀਅਤ ਸਦਕਾ ਹੀ ਇਸ ਬਾਰੇ ਲੇਖਕਾਂ, ਚਿੰਤਕਾਂ, ਵਿਦਵਾਨਾਂ ਅਤੇ ਪ੍ਰਗਤੀਸ਼ੀਲ ਲੋਕਾਂ ਵੱਲੋਂ ਸੈਮੀਨਾਰ ਕਰਵਾਏ ਜਾ ਰਹੇ ਹਨ। ਇਹ ਪੁਸਤਕ ਅੱਗੋਂ ਹੋਣ ਵਾਲ਼ੇ ਅੰਦੋਲਨਾਂ ਲਈ ਰਾਹਦਿਸੇਰਾ ਸਾਬਤ ਹੋਵੇਗੀ। ਜਿਸ ਪੱਤਰਕਾਰੀ-ਧਰਮ ਅਤੇ ਦਲੇਰੀ ਨਾਲ਼ ਇਸ ਇਤਿਹਾਸਕ ਅੰਦੋਲਨ ਦੀ ਵਾਹ-ਲਗਦੀ ਪੂਰੀ ਸਚਾਈ ਸਾਹਮਣੇ ਲਿਆਂਦੀ ਹੈ, ਉਸ ਲਈ ਮਨਦੀਪ ਪੁਨੀਆ ਵਧਾਈ ਦੇ ਨਾਲ਼ ਸਲਾਮ ਦਾ ਹੱਕਦਾਰ ਹੈ।

ਕਨੇਡੀਅਨ ਸੱਥ-

ਵੱਡੇ ਵਪਾਰੀਆਂ ਨੇ ਸਰਕਾਰ ਨੂੰ ਲੱਕੜ ਦਾ ਮੁੰਡਾ ਦਿੱਤਾ ਸੀ,ਜੋ ਨਾ ਰੋਵੇ ਨਾ ਦੁੱਧ ਮੰਗੇ

ਅਸ਼ੀਸ਼ ਨਰੂਲਾ
1 204 890 5040

ਲੱਗਦਾ ਹੈ ਕਿ ਆਖੀਰ ਲੀਡਰਾਂ ਨੂੰ ਵੀ ਜਾਗ ਆ ਗਈ ਐ! ਇਸ ਹਰਕਤ ਤੋਂ ਸਿੱਧ ਹੁੰਦਾ ਹੈ ਕਿ ਸਿਆਸੀ ਲੋਕ ਸਾਰੇ ਹੀ ਇੱਕੋ ਥਾਲੀ ਦੇ ਚੱਟੇ ਬੱਟੇ ਹਨ , ਫਿਰ ਭਾਂਵੇ ਕੈਲਗਰੀ ਸ਼ਹਿਰ ਦਾ ਈ ਕੋਲੀ ਬੈਕਟੀਰੀਆ ਹੋਵੇ ਜਾਂ ਫਿਰ ਕੌਮੀ ਤੌਰ ਤੇ ਆਮ ਲੋਕਾਂ ਦੇ ਰਹਿਣ ਸਹਿਣ ਦੀ ਅਨੁਕੂਲਤਾ ਦਾ ਮੁੱਦਾ ਹੋਵੇ। ਜੇਕਰ ਕੈਲਗਰੀ ਸ਼ਹਿਰ ਦੀ ਗੱਲ ਕਰੀਏ ਤਾਂ ਲੀਡਰਾਂ ਨੂੰ ਇਸ ਪਰਕੋਪ ਤੇ ਬੋਲਣ ਨੂੰ 10 ਦਿਨ ਲੱਗ ਗਏ, ਅਤੇ ਹੁਣ ਸਾਡੇ ਜ਼ਜਬਾਤ ਵੀ ਜਾਗ ਗਏ । ਖਬਰਾਂ ਮੁਤਾਬਿਕ ਇਸ ਪ੍ਰਕੋਪ ਦੀ ਸੁਰੂਆਤ ਬੱਚਿਆਂ ਦੇ ਡੇਅ ਕੇਅਰ ਦੀ ਰਸੋਈ ਵਿੱਚ ਸਫਾਈ ਨਾ ਹੋਣ ਕਾਰਨ ਇਸ ਬੈਕਟੀਰੀਆ ਨੇ ਕਹਿਰ ਢਾਇਆ ਹੈ ਜੋ ਕਿ ਹੁਣ ਅਣਮਿਥੇ ਸਮੇ ਲਈ ਬੰਦ ਕਰ ਦਿੱਤੀ ਗਈ ਹੈ ਅਤੇ ਸਰਕਾਰ ਤਫਤੀਸ ਕਰਵਾ ਰਹੀ ਹੈ। ਅਸਲ ਵਿੱਚ ਸੁਰੂਆਤ ਵਿੱਚ ਇਸ ਨੂੰ ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀ ਅਤੇ ਨਾ ਲੀਡਰ ਨੇ ਗੰਭੀਰਤਾ ਨਾਲ ਲਿਆ ਹੀ ਨਹੀਂ ,ਜਿਸ ਕਰਕੇ ਪੀੜਤਾਂ ਬੱਚਿਆਂ ਦੀ ਗਿਣਤੀ 300 ਦੇ ਕਰੀਬ ਪਹੁੰਚੀ। ਹੁਣ ਮੌਜੂਦਾ ਸਰਕਾਰ ਮਾਲੀ ਮੱਦਦ ਵੀ ਕਰਨ ਲਈ ਤਿਆਰ ਹੈ। ਮੁਆਫ ਕਰਨਾ ਜੇਕਰ ਕਿਸੇ ਲੀਡਰ ਦਾ ਨਿਆਣਾ ਇਸ ਸਮੱਸਿਆ ਨਾਲ ਜੂਝ ਰਿਹਾ ਹੁੰਦਾ ਤਾਂ ਹਾਲਾਤ ਏਦਾਂ ਹੀ ਹੋਣੇ ਸਨ ਜਾਂ ਫਿਰ ਕੁੱਝ ਹੋਰ? ਫਿਰ ਆਮ ਲੋਕਾਂ ਨਾਲ ਏਦਾਂ ਦੀ ਅਣਗਹਿਲੀ ਕਿਉਂ? ਠੰਡ ਦਾ ਸੀਜਨ ਵੀ ਆ ਰਿਹਾ ਹੈ, ਇਹ ਵੀ ਸੁਨਣ ਦੇਖਣ ਵਿੱਚ ਆ ਰਿਹਾ ਹੈ ਕਿ ਕਰੋਨਾ ਦਾ ਕਹਿਰ ਇੱਕ ਵਾਰ ਫਿਰ ਲੋਕਾਂ ਦਾ ਜੀਣਾ ਦੁੱਭਰ ਕਰੇਗਾ। ਅਸੀਂ ਤਾਂ ਪਹਿਲਾਂ ਹੀ 2020 ਤੋਂ ਝੰਬੇ ਪਏ ਅਜੇ ਤੱਕ ਤਾਬ ਨਹੀਂ ਆਏ। ਕਿਹੜੀ ਚੀਜ ਹੈ ਜਿਸ ਉਪਰ ਸੁਰੂਆਤੀ ਸਾਲ੍ਹਾਂ ਦਾ ਅਸਰ ਨਹੀਂ ਦਿਖਿਆ। ਕੀ ਰਹਿਣ ਸਹਿਣ ਦੀ ਅਨੁਕੂਲਤਾ,ਬੈਂਕ ਮਾਰਗੇਜ, ਕਾਰਾਂ, ਇੰਸੋਰੈਂਸ, ਟੈਕਸ,ਗਰੌਸਰੀ, ਕਿਸੇ ਵੀ ਚੀਜ ਨੂੰ ਹੱਥ ਪਾ ਲਵੋ ਜੇਕਰ ਕੁੱਝ ਸਸਤਾ ਹੈ ਤਾਂ ਉਹ ਪ੍ਰਮਾਤਮਾ ਦਾ ਨਾਮ ਜੋ ਇਨਸਾਨ ਲੈਣ ਤੋਂ ਗੁਰੇਜ਼ ਕਰਦਾ ਹੈ । ਉਧਰ ਦੀ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਜੀ-20 ਸਮਿਟ ਵਿੱਚ ਹਿੰਦੋਸਤਾਨ ਦੀ ਸਰਕਾਰ ਤੋਂ ਮਾਣ ਸਤਿਕਾਰ ਕਰਵਾ ਕੇ ਜਹਾਜ ਦੀ ਖਰਾਬੀ ਕਾਰਨ 2 ਦਿਨ ਵੱਧ ਪ੍ਰਾਹੁਣਚਾਰੀ ਦਾ ਅਨੰਦ ਮਾਣ ਕੇ ਵਾਪਿਸ ਪਹੁੰਚੇ ਹਨ ।ਇੱਥੇ ਪਹੁੰਚਦਿਆਂ ਹੀ ਕੁੱਝ ਕੁ ਐਲਾਨ ਚੰਗੇ ਕੀਤੇ ਜਾਪਦੇ ਹਨ ਜੇਕਰ ਉਹਨਾਂ ਨੂੰ ਬੂਰ ਪੈ ਜਾਵੇ ਤਾਂ ਸ਼ਾਇਦ ਲੁਕਾਈ ਕੁੱਝ ਸੁੱਖ ਦਾ ਸਾਹ ਲੈ ਲਵੇ। ਪ੍ਰਧਾਨ ਮੰਤਰੀ ਹੁਰਾਂ ਨੇ ਦੇਸ਼ ਅਤੇ ਨਾਲ ਲੱਗਦੇ ਮੁਲਕ ਦੇ ਕੁੱਝ ਵੱਡੇ ਕਰਿਆਨੇ ਦੇ ਵੱਡੇ ਵਪਾਰੀਆਂ ਨੂੰ ਤਾੜਨਾ ਕੀਤੀ ਹੈ ਜਿਹਨਾਂ ਦਾ ਲਾਭ ਪਿਛਲੇ ਤਿਮਾਹੀ ਵਿੱਚ ਬਿਲੀਅਨ ਡਾਲਰਾਂ ਵਿੱਚ ਹੈ ਕਿ ਆਪਣੀ ਕਰਿਆਨੇ ਦੇ ਮੁੱਲ ਵਿੱਚ ਕੁੱਝ ਗਿਰਾਵਟ ਲਿਆਉ ਤਾਂ ਜੋ ਆਮ ਲੋਕ ਕੁੱਝ ਸੁੱਖ ਦਾ ਸਾਹ ਲੈ ਸਕਣ। ਆਉਂਦੇ ਦਿਨਾਂ ਵਿੱਚ ਮੀਟਿੰਗ ਰੱਖੀ ਗਈ ਹੈ ,ਜਿਹੜੀ ਪਹਿਲਾਂ ਵੀ ਇੱਕ ਮੀਟਿੰਗ ਰੱਖੀ ਗਈ ਸੀ ਉਸ ਵਿੱਚ ਵੱਡੇ ਵਪਾਰੀਆਂ ਨੇ ਸਰਕਾਰ ਨੂੰ ਲੱਕੜ ਦਾ ਮੁੰਡਾ ਦਿੱਤਾ ਸੀ ਜੋ ਨਾ ਰੋਵੇ ਨਾ ਦੁੱਧ ਮੰਗੇ , ਇਸ ਮੀਟਿੰਗ ਵਿੱਚ ਦੇਖੋ ਕੀ ਬਣਦਾ ਹੈ ? ਇਹ ਗੱਲ ਭਵਿੱਖ ਦੇ ਗਰਭ ਵਿੱਚ ਹੈ । ਵੈਸੇ ਸਰਕਾਰਾਂ ਜੇਕਰ ਆਈ ਤੇ ਆ ਜਾਣ ਤਾਂ ਕੀ ਨਹੀਂ ਕਰ ਸਕਦੀਆਂ ਬੱਸ ਨੀਅਤ ਸਾਫ ਹੋਵੇ ਤਾਂ ਹੈ ਪਰ ਵਿਚਾਰਿਆਂ ਨੇ ਆਪਣੀਆਂ ਵੋਟਾਂ ਦਾ ਵੀ ਧਿਆਨ ਰੱਖਣਾ ਹੁੰਦਾ ਹੈ। ਸਾਡੇ ਦੇਸ਼ ਦਾ ਮੈਡੀਕਲ ਸਿਸਟਮ ਕਿਸ ਹਾਲਾਤ ਵਿੱਚ ਹੈ ਕਿਸੇ ਤੋਂ ਲੁਕਿਆ ਛੁਪਿਆ ਥੋੜੀ ਹੈ , ਉਧਰ ਦੀ ਡਾਰਾਂ ਬੰਨ ਬੰਨ ਕੇ ਪਾੜ੍ਹੇ ਵਹੀਰਾਂ ਘੱਤ ਕੇ ਆ ਰਹੇ ਹਨ, ਆਉ ਭਈ ਜੰਮ ਜੰਮ ਆਉ ਅਸੀਂ ਕਿਸੇ ਦੇ ਆਉਣ ਦੇ ਉਲਟ ਨਹੀਂ, ਸਾਡੇ ਪ੍ਰਧਾਨ ਮੰਤਰੀ ਸਾਹਬ ਨੂੰ ਹੀ ਦੁਨੀਆ ਦੇ ਦੁੱਖ ਦਿਖਾਈ ਦਿੰਦੇ ਹਨ ਫਿਰ ਉਹ ਭਾਵੇ ਕੋਈ ਕੁਦਰਤੀ ਆਫਤ ਹੋਵੇ ਜਾਂ ਫਿਰ ਕਿਸੇ ਮੁਲਕ ਦੀ ਜੰਗ ,ਸਰਕਾਰ ਜੀ ਰਹਿੰਦੇ ਬਸ਼ਿੰਦਿਆਂ ਵੱਲ ਵੀ ਧਿਆਨ ਦਿਉ। ਕੀ ਸਰਕਾਰਾਂ ਨੇ ਬੁਨਿਆਦੀ ਢਾਂਚਾ ਨਿਰਧਾਰਤ ਕੀਤਾ ਹੈ ਕਿ ਕੀ ਇਹਨਾਂ ਬੱਚਿਆਂ ਨੂੰ ਕਿੱਥੇ ਵਿਵਸਥਿਤ ਕਰਨਾ ਹੈ? ਕੀ ਸਰਕਾਰਾਂ ਕੋਲ ਐਨੇ ਸਰੋਤ ਮੌਜੂਦ ਹਨ ਜਾਂ ਫਿਰ ਫੀਸਾਂ ਇਕੱਠੀਆ ਕਰਨਾ ਹੀ ਮੰਤਵ ਹੈ? ਅੱਗੇ ਠੰਡ ਆ ਰਹੀ ਹੈ ਸੁੱਖ ਹੋਵੇ ਸਹੀ। ਕਾਲਜਾਂ ,ਯੂਨੀਵਰਸਿਟੀਆਂ ਦੇ ਕਲਾਸ ਰੂਮਾਂ ਦਾ ਗੇੜਾ ਲਗਾ ਕੇ ਦੇਖੋ ਕਿਵੇਂ ਤੂੜੀ ਵਾਂਗ ਭਰੇ ਪਏ ਹਨ , ਇੱਕ ਲੈਕਚਰ ਹਾਲ ਦਾ ਕੀ ਹਾਲ ਹੈ ਇਹ ਦੇਖ ਕੇ ਹੀ ਪਤਾ ਲੱਗਦਾ ਹੈ। ਸਰਕਾਰਾਂ ਨੂੰ ਇਸ ਬਾਬਤ ਵੀ ਸੋਚਣਾ ਚਾਹੀਦਾ ਹੈ ਇਸ ਤਰਾਂ ਪੜਾਉਣ ਵਾਲੇ ਤੇ ਕੀ ਅਸਰ ਪਵੇਗਾ? ਕੀ ਉਹ ਸਾਰੇ ਨਿਆਣਿਆ ਨੂੰ ਬਣਦੀ ਤਵੱਜੋਂ ਦੇ ਪਾਵੇਗਾ? ਜਾਂ ਫਿਰ ਸਿਖਿਆ ਪ੍ਰਣਾਲੀ ਨੂੰ ਤਹਿਸ ਨਹਿਸ ਕਰਕੇ ਹੀ ਦਮ ਲੈਣਾ ਹੈ ।

ਕੈਲਗਰੀ ਡੇ -ਕੇਅਰਜ਼ ਵਿੱਚ ਫੈਲੇ ਈ ਕੋਲੀ ਵਾਇਰਸ ਪ੍ਰਤੀ ਅਲਬਰਟਾ ਸਰਕਾਰ ਹੁਣ ਚੌਕਸ ਹੋਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਦਾ ਕਹਿਣਾ ਹੈ ਕਿ ਉਸਨੇ ਆਪਣੇ ਸਿਹਤ ਮੰਤਰੀ ਦੇ ਨਾਲ-ਨਾਲ ਪਰਿਵਾਰਕ ਸੇਵਾਵਾਂ ਮੰਤਰੀ ਨੂੰ ਵੀ ਕੈਲਗਰੀ ਡੇ-ਕੇਅਰਜ਼ ਨਾਲ ਜੁੜੇ ਈ ਕੋਲੀ ਵਾਇਰਸ ਦੇ ਫੈਲਣ ਦਾ "ਪੂਰਾ ਮੁਲਾਂਕਣ" ਕਰਨ ਲਈ ਕਿਹਾ ਹੈ।
ਸਮਿਥ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਇਸ ਪ੍ਰਕੋਪ ਦੇ ਮੁਲਾਂਕਣ ਅਤੇ "ਇਹ ਯਕੀਨੀ ਬਣਾਉਣ ਲਈ ਕਿ ਭਵਿੱਖ ਵਿੱਚ ਅਜਿਹਾ ਹੋਣ ਤੋਂ ਰੋਕਣ ਲਈ ਕਦਮ ਚੁੱਕੇ ਜਾਣ ਲਈ ਕਿਹਾ ਹੈ
ਉਹਨਾਂ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਸਾਰੇ ਪੀੜਤ ਬੱਚਿਆਂ ਲਈ ਪ੍ਰਾਰਥਨਾਵਾਂ ਭੇਜ ਰਹੀ ਹੈ ।ਮੇਰਾ ਦਿਲ ਇਹਨਾਂ ਛੋਟੇ ਬੱਚਿਆਂ ਦੇ ਪਰਿਵਾਰਾਂ ਲਈ ਪਸੀਜਿਆ ਜਾਂਦਾ ਹੈ, ਜਿਨ੍ਹਾਂ ਨੂੰ ਹਾਲ ਵਿੱਚ ਹੀ ਈ ਕੋਲੀ ਦੇ ਹਮਲੇ ਦਾ ਸ਼ਿਕਾਰ ਹੋਣਾ ਪਿਆ। ਮੈਂ ਉਹਨਾਂ ਸਾਰੇ ਫਰੰਟਲਾਈਨ ਵਰਕਰਾਂ ਦਾ ਧੰਨਵਾਦ ਕਰਦੀ ਹਾਂ ਜੋ ਇਹਨਾਂ ਬੱਚਿਆਂ ਦੇ ਇਲਾਜ ਅਤੇ ਦੇਖਭਾਲ ਲਈ ਅਣਥੱਕ ਮਿਹਨਤ ਕਰ ਰਹੇ ਹਨ।
ਸਿਹਤ ਮੰਤਰੀ ਐਡਰੀਆਨਾ ਲਾਗਰੇਂਜ ਨੇ ਵੀ ਅਲਬਰਟਾ ਚਿਲਡਰਨ ਹਸਪਤਾਲ, ਪੀਟਰ ਲੌਹੀਡ ਸੈਂਟਰ ਅਤੇ ਸਾਊਥ ਹੈਲਥ ਕੈਂਪਸ ਦੇ ਫਰੰਟਲਾਈਨ ਸਟਾਫ ਦਾ ਧੰਨਵਾਦ ਕਰਦੇ ਹੋਏ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਹੈ। ਉਹਨਾਂ ਕਿਹਾ ਕਿ ਹੁਣ ਇਸ ਬਿਮਾਰੀ ਦੇ ਲੱਛਣਾਂ ਵਾਲੇ ਮਰੀਜ਼ਾਂ ਦੀ ਨਿਗਰਾਨੀ ਕਰਨ ਲਈ ਇਹ ਕਲੀਨਿਕ ਸਮਰਪਿਤ ਹਨ।
ਵਿਰੋਧੀ ਧਿਰ ਐਨਡੀਪੀ ਨੇ ਸਮਿਥ ਅਤੇ ਉਸਦੀ ਸੰਯੁਕਤ ਕੰਜ਼ਰਵੇਟਿਵ ਸਰਕਾਰ ਨੂੰ ਇਸ ਬਿਮਾਰੀ ਦੇ ਫੈਲਣ ਬਾਰੇ ਬਿਆਨ ਜਾਰੀ ਕਰਨ ਵਿੱਚ ਇੰਨਾ ਜਿਆਦਾ ਸਮਾਂ ਲੈਣ ਲਈ ਵੀ ਤਾੜਨਾ ਕੀਤੀ ਹੈ।

ਦੇਸ਼ ਦੀ ਤਾਂਘ..

ਲੰਘੇ ਸਮੇਂ ਜਦੋਂ ਅਸਮਾਨ ਵਿੱਚ ਉੱਡਦੇ ਕਿਸੇ ਜਹਾਜ ਨੂੰ ਵੇਖਦੇ ਸੀ ਤਾਂ ਮਨ ਅੰਦਰ ਇਕ ਵੱਖਰੀ ਤਰ੍ਹਾਂ ਦਾ ਸੌਕ ਪੈਦਾ ਹੁੰਦਾ ਸੀ ਕਿ ਅਸੀਂ ਇਸ ਜਹਾਜ ਵਿੱਚ ਬੈਠ ਕੇ ਪਰਦੇਸ ਜਾ ਸਕੀਏ ।ਅਸਮਾਨ ਵਿੱਚ ਉੱਡਦੇ ਜਹਾਜ ਨੂੰ ਲੈ ਕੇ ਮਨ ਅੰਦਰ ਚਲ ਰਹੀ ਰੀਝ ਪੂਰੀ ਹੋਣ ਦਾ ਸਮਾਂ ਆਇਆ ਤਾਂ ਵਰ੍ਹੇ ਬੀਤ ਗਏ ਪਤਾ ਹੀ ਨਾ ਲੱਗਿਆ ਕਿ ਕਦੋਂ ਵਿਦੇਸ ਵਿਚ ਪਹੁੰਚ ਕੇ ਆਪਣੇ ਮਨ ਦੀਆਂ ਸੱਧਰਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਿਆ ਅਤੇ ਬਹੁਤ ਸਾਰੇ ਨਾਲ ਗਿਆ ਨੂੰ ਅਤੇ ਨਾਲ ਹੀ ਆਪਣੇ ਪ੍ਰਵਾਰਾਂ ਨੂੰ ਪਾਲਣ ਤੱਕ ਸਮਾਂ ਬੀਤਦਾ ਰਿਹਾ । ਪਹਿਲਾਂ ਸਾਰੇ ਦੋਸਤ-ਮਿੱਤਰ ਜਦੋਂ ਰਲ ਕੇ ਬੈਠਦੇ ਸੀ ਤਾਂ ਪਹਿਲਾਂ ਮਨ ਅੰਦਰ ਇਕ ਰੀਝ ਹੁੰਦੀ ਸੀ ਕੇ ਖਬਰੇ ਵਿਦੇਸ ਜਾਵਾਂਗੇ ਜਾਂ ਨਹੀਂ ਪਰ ਹੁਣ ਦਹਾਕੇ ਬੀਤ ਚੁੱਕੇ ਨੇ ਪਰਦੇਸੀਆਂ ਨੂੰ ਆਪਣੇ ਵਤਨ ਤੋਂ ਪਰਤਿਆ ।ਮੁੜ ਕੇ ਕਦੇ ਵੀ ਫੇਰਾ ਨਹੀਂ ਪਾਇਆ ਗਿਆ ।ਜਾਂ ਇੰਝ ਆਖ ਲਈਏ ਕਿ ਘਰ ਦੇ ਬੋਝ ਨੇ ਅਸਮਾਨ ਤੋਂ ਹੇਠਾਂ ਵਾਪਸ ਆਉਣ ਹੀ ਨਹੀਂ ਦਿੱਤਾ ।

ਕੁਝ ਵੀ ਹੋਵੇ ਪਰ ਵਿਦੇਸ ਦਾ ਚਾਅ ਮਨ ਵਿੱਚ ਸੀ ਜਦੋਂ ਲੋਕਾਂ ਨੂੰ ਵੇਖਦੇ ਸੀ ਕਿ ਫਲਾਣੇ ਦਾ ਮੁੰਡਾ ਵਿਦੇਸ ਵਿਚ ਬੈਠਾ ਹੈਂ ਤਾਂ ਆਪਣੇ ਮਨ ਅੰਦਰ ਵਿਚ ਵੀ ਇਕ ਇੱਛਾ ਪੈਦਾ ਹੁੰਦੀ ਸੀ ਜੋ ਭਾਵੇਂ ਹੌਲੀ ਹੌਲੀ ਪੂਰੀ ਤਾਂ ਹੋਈ ਪਰ ਆਖਰ ਖਤਮ ਵੀ ਨਾਲੋ ਨਾਲ ਹੁੰਦੀ ਚਲੀ ਗਈ । ਕਿਉਂ ਕੇ ਵਿਦੇਸਾਂ ਅੰਦਰ ਰਹਿ ਕੇ ਕਿਹੜਾ ਇਨਸਾਨ ਆਪਣੇ ਵਤਨ ਵਰਗਾ ਮਹਿਸੂਸ ਕਰ ਸਕਦਾ ਹੈ । ਇਹ ਠੀਕ ਹੈ ਕਿ ਸਾਡੇ ਇੱਥੇ ਸਰਕਾਰਾਂ ਨੇ ਮਾੜਾ ਹਾਲ ਕੀਤਾ ਹੈ ਪਰ ਕੁਝ ਵੀ ਹੋਵੇ ਉਸਨੂੰ ਕਦੇ ਵੀ ਮਾੜਾ ਨਹੀਂ ਕਿਹਾ ਜਾ ਸਕਦਾ । ਬਹੁਤ ਸਾਰੇ ਵਿਅਕਤੀਆਂ ਨੂੰ ਬਦੇਸ ਵਿੱਚ ਪਹੁੰਚਿਆ ਲੰਬਾ ਸਮਾਂ ਬੀਤ ਚੁੱਕਿਆ ਹੈ ਉਨ੍ਹਾਂ ਦੇ ਬੱਚੇ ਬੱਚੀਆਂ ਕੰਮ ਕਰ ਰਹੇ ਹਨ । ਸਰਕਾਰਾਂ ਚੰਗੀਆਂ ਹੋਣ ਜਾਂ ਮਾੜੀਆਂ ਇਹ ਵਿਸਾ ਵੀ ਵੱਖਰਾ ਹੈ ਪਰ ਪਰਦੇਸ ਦੀ ਤਾਂਘ ਹਰ ਇਨਸਾਨ ਦੇ ਮਨ ਵਿੱਚ ਸੀ ਜੋ ਸਮਾਂ ਆਉਣ ਤੇ ਪੂਰੀ ਹੋਈ ਤਾਂ ਨਾਲੋ ਨਾਲ ਹੋਰ ਬਹੁਤ ਕੁਝ ਹਰ ਇਨਸਾਨ ਦੀ ਜ਼ਿੰਦਗੀ ਦੇ ਵਿੱਚ ਆ ਗਿਆ ।

ਅੱਜ ਕੱਲ ਪੰਜਾਬ ਤੋਂ ਬਹੁਤ ਸਾਰੇ ਨੌਜਵਾਨ ਬਦੇਸਾਂ ਦੇ ਵਿੱਚ ਪੜ੍ਹਨ ਆਉਂਦੇ ਹਨ ਉਨ੍ਹਾਂ ਦੇ ਨਾਲ ਵਾਪਰਿਆ ਭਾਣਾ ਵੀ ਬੇਹੱਦ ਦੁਖਦਾਈ ਹੈ । ਪੰਜਾਬ ਦੇ ਨੌਜਵਾਨ ਕਰਜੇ ਚੁੱਕ ਕੇ ਵਿਦੇਸ ਦੀ ਧਰਤੀ ਤੇ ਪਹੁੰਚ ਰਹੇ ਹਨ ਬਹੁਤ ਸਾਰੇ ਵੱਲੋਂ ਜਮੀਨਾਂ ਵੇਚ ਕੇ ਆਪਣੇ ਪਰਵਾਰਾਂ ਦੀ ਪ੍ਰਾਪਰਟੀ ਵੇਚ ਵਿਦੇਸ ਵੱਲ ਨੂੰ ਮੂੰਹ ਕੀਤਾ ਹੈ ਖੈਰ ਇਹ ਉਨ੍ਹਾਂ ਦੀ ਆਪਣੀ ਮਰਜੀ ਹੈ ਕਿ ਉਨ੍ਹਾਂ ਨੇ ਕੀ ਕੀਤਾ ਹੈ ਜਾਂ ਅਗਲੇ ਸਮੇਂ ਵਿੱਚ ਕਰਨਾ ਹੈ ।ਪਰ ਹੁਣ ਇਥੇ ਵੀ ਹਾਲਾਤ ਸਾਜਗਾਰ ਨਹੀਂ ਹਨ ਬਹੁਤ ਸਾਰੀਆਂ ਥਾਵਾਂ ਤੇ ਅਕਸਰ ਵੇਖਣ ਵਿਚ ਆਇਆ ਹੈ ਅਤੇ ਭਿਆਨਕ ਅਤੇ ਬੇਹੱਦ ਗਲਤ ਕੰਮ ਹੁੰਦਾ ਹੈ ਜਿਸ ਦੇ ਨਾਲ ਅਕਸਰ ਨੌਜਵਾਨ ਪੀੜ੍ਹੀ ਟੁੱਟ ਜਾਂਦੀ ਹੈ ਅਤੇ ਨਤੀਜਾ ਮਾੜਾ ਹੁੰਦਾ ਹੈ । ਮਾਪਿਆਂ ਵੱਲੋਂ ਲੱਖਾਂ ਰੁਪਏ ਖਰਚ ਕੇ ਭੇਜੇ ਆਪਣੇ ਨੌਜਵਾਨ ਪੁੱਤਰ ਦੀ ਹਾਲਤ ਵੇਖ ਕੇ ਉਨ੍ਹਾਂ ਦੇ ਮਨ ਤੇ ਕੀ ਬੀਤਦੀ ਹੋਵੇਗੀ ਇਹ ਸਾਨੂੰ ਸਾਰਿਆਂ ਨੂੰ ਪਤਾ ਹੈ । ਇੱਥੇ ਵੀ ਰਿਸਤੇ ਤੜਾਕ-ਤੜਾਕ ਕਰਕੇ ਟੁੱਟ ਰਹੇ ਹਨ ਮਾਂ ਪਿਓ ਦੀ ਕੋਈ ਕਦਰ ਘੱਟ ਹੀ ਕਰ ਰਿਹਾ ਹੈ । ਜਿਹੜੇ ਲੋਕ ਲੰਬੇ ਸਮੇਂ ਤੋਂ ਇੱਥੇ ਟਿਕੇ ਬੈਠੇ ਸੀ ਉਹਨਾਂ ਦੀ ਗੱਲ ਤਾਂ ਠੀਕ ਹੈ ਪਰ ਕੁਝ ਸਮੇਂ ਤੋਂ ਵਿਦੇਸਾਂ ਵਿੱਚ ਆਇਆ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ।

ਕਰਜੇ ਚੁੱਕ ਕੇ ਮਕਾਨ ਬਣਾ ਲਏ ਅਤੇ ਪ੍ਰਾਪਟੀਆਂ ਲੈ ਲਈਆਂ ਜਿਸ ਦੀਆਂ ਕਿਸਤਾਂ ਭਰਨੀਆਂ ਜਾਰੀ ਹਨ ਅਤੇ ਬਹੁਤ ਸਾਰੀਆਂ ਕਿਸਤਾਂ ਨਾਲ ਦੀ ਨਾਲ ਟੁੱਟ ਵੀ ਰਹੀਆਂ ਹਨ ਉਨ੍ਹਾਂ ਨੂੰ ਕੋਈ ਕੰਮ ਵੀ ਨਹੀਂ ਮਿਲ ਰਿਹਾ ਹੈ । ਬਹੁਤ ਸਾਰਿਆਂ ਨੇ ਕਰਜਾ ਚੁੱਕ ਕੇ ਟਰਾਂਸਪੋਰਟ ਧੰਦੇ ਦੇ ਵਿਚ ਹੱਥ ਅਜਮਾਇਆ ਹੈ ਇਕ ਤੋਂ ਵੱਧ ਕੇ ਟਰੱਕ ਲੈਂ ਲੈ ਹਨ ਅੰਤ ਉਹ ਕੰਮ ਵੀ ਕਿਸੇ ਕੰਮ ਦਾ ਨਾ ਰਿਹਾ । ਬਹੁਤ ਸਾਰੇ ਸਾਥੀਆਂ ਦੀਆਂ ਕਿਸਤਾ ਟੁੱਟ ਰਹੀਆਂ ਹਨ ਅਤੇ ਘਰ ਵਿਆਜ ਵਿੱਚ ਜਾ ਰਿਹਾ ਜਾ ਰਿਹਾ ਹੈ ਮਕਾਨ ਬਣਾਏ ਸੀ ਉਹ ਵੀ ਸੌਦਾ ਘਾਟੇ ਦਾ ਰਿਹਾ ਹੈ । ਬਹੁਤ ਸਾਰਿਆਂ ਨੇ ਆਪਣੇ ਕਾਰੋਬਾਰ ਕੀਤੇ ਸਨ ਉਹ ਵੀ ਕਿਸੇ ਕੰਮ ਨਾ ਆਏ ਸਟੋਰ ਵੀ ਘਾਟੇ ਦਾ ਸੌਦਾ ਸਾਬਤ ਹੋ ਰਹੇ ਹਨ । ਇਹ ਗੱਲ ਠੀਕ ਹੈ ਕਿ ਇਹ ਦੀ ਮਾਰ ਹੇਠ ਆਇਆ ਹੋਇਆ ਦਰਦ ਕਹਾਣੀ ਹੈ । ਪਰ ਕੁੱਲ ਮਿਲਾ ਕੇ ਹਾਲਾਤ ਮਾੜੇ ਹਨ । ਬਹੁਤ ਸਾਰੇ ਨੌਜਵਾਨ ਮੁੰਡੇ-ਕੁੜੀਆਂ ਦੇਹ ਵਪਾਰ ਦੇ ਧੰਦੇ ਵਿੱਚ ਫਸ ਕੇ ਬੁਰੀ ਤਰ੍ਹਾਂ ਲਿਪਤ ਹੋ ਚੁੱਕੇ ਹਨ ।

ਜਿਨ੍ਹਾਂ ਗੱਲਾਂ ਨੂੰ ਲੈ ਕੇ ਅਸੀਂ ਪੰਜਾਬ ਤੋਂ ਬਾਹਰਲੇ ਮੁਲਕਾਂ ਵਿੱਚ ਆਏ ਸੀ ਉਹੀ ਕੁਝ ਇਥੇ ਵੀ ਹੋ ਰਿਹਾ ਹੈ ।ਹਰ ਰੋਜ ਹੋ ਰਹੀਆਂ ਘਟਨਾਵਾਂ ਆਮ ਹੋ ਚੁੱਕੀਆਂ ਹਨ ।ਬੰਦੇ ਮਾਰੇ ਜਾ ਰਹੇ ਹਨ । ਸਟੋਰਾਂ ਉੱਤੇ ਆਏ ਦਿਨ ਗੋਲੀਆਂ ਚੱਲਣ ਦੀਆਂ ਘਟਨਾਵਾਂ ਵਿੱਚ ਵੱਡੇ ਪੱਧਰ ਤੇ ਵਾਧਾ ਹੋ ਰਿਹਾ ਹੈ । ਕਿਸੇ ਨਾ ਕਿਸੇ ਸਟੋਰ ਉੱਤੇ ਬੋਲੀ ਲਾ ਕੇ ਲੁੱਟ-ਖੋਹ ਕੀਤੀ ਜਾਂਦੀ ਹੈ ।ਬੰਦੇ ਮਾਰੇ ਜਾ ਰਹੇ ਹਨ ।ਅਪਰਾਧਿਕ ਗਤੀਵਿਧੀਆਂ ਵਿਚ ਭੱਟਾ ਉਨ੍ਹਾਂ ਵਿੱਚ ਵਾਧਾ ਹੋਇਆ ਹੈ ।ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਨੌਜਵਾਨਾਂ ਵੱਲੋਂ ਹਰ ਰੋਜ ਅੰਜਾਮ ਦਿੱਤਾ ਜਾ ਰਿਹਾ ਹੈ ਇਸ ਸਾਰੇ ਵਰਤਾਰੇ ਵਿੱਚ ਗੋਰੇ ਕਾਲੇ ਸਭ ਇਕੋ ਜਿਹੇ ਹਨ । ਜਿਹੜੀਆਂ ਚੀਜਾਂ ਤੋਂ ਡਰਦੇ ਪੰਜਾਬ ਵਿੱਚੋਂ ਆਏ ਸੀ ਉਹੀ ਕੁਝ ਹੁਣ ਸਰੇਆਮ ਵਾਪਰ ਰਿਹਾ ਹੈ । ਬਜੁਰਗ ਵਿਅਕਤੀ ਨੂੰ ਮੌਤ ਤੱਕ ਕੰਮ ਕਰਨਾ ਪੈਂਦਾ ਹੈ ਵਿਦੇਸ ਵਿੱਚ ਤਾਂ ਜਾ ਕੇ ਪ੍ਰਵਾਰ ਪਾਲਿਆ ਜਾਂਦਾ ਹੈ । ਬਹੁਤ ਸਾਰੀਆਂ ਥਾਵਾਂ ਤੇ ਬਜੁਰਗਾਂ ਨੂੰ ਬੱਚੇ ਸਾਂਭਣ ਵਿਚ ਮਸਰੂਫ ਵੇਖਿਆ ਜਾ ਸਕਦਾ ਹੈ ਅਤੇ ਬਾਅਦ ਵਿਚ ਉਨ੍ਹਾਂ ਨੂੰ ਇਸ ਸਭ ਕੁਝ ਦੇ ਸੋਸਣ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ ।

ਸਟੋਰ ਉੱਤੇ ਖੜ ਖੜ ਕੇ ਲੱਤਾਂ ਢੁੱਲ ਜਾਂਦੀਆਂ ਹਨ ਅਤੇ ਟਰੱਕ ਡਰਾਈਵਰਾਂ ਦਾ ਹਾਲ ਬਹੁਤ ਮੰਦਾ ਹੁੰਦਾ ਹੈ ।ਕਈ ਬਜੁਰਗਾਂ ਦੀ ਤਾਂ ਕਹਾਣੀ ਇਹ ਵੱਖਰੀ ਹੈ ਉਹਨਾਂ ਨੂੰ ਤਾਂ ਬੱਚੇ ਸਾਂਭਣ ਦੇ ਲਈ ਹੀ ਪੰਜਾਬ ਤੋਂ ਬੁਲਾਇਆ ਜਾਂਦਾ ਹੈ ।ਮੈਨੂੰ ਤਾਂ ਕਦੇ-ਕਦੇ ਇੰਝ ਪ੍ਰਤੀਤ ਹੁੰਦਾ ਹੈ ਕਿ ਪਰਦੇਸੀ ਵਿਅਕਤੀ ਨਾ ਇਧਰ ਦੇ ਰਹੇ ਨਾ ਉਧਰ ਦੇ ਕਿਉਂਕਿ ਪੰਜਾਬ ਦੀਆਂ ਕੋਠੀਆਂ ਮਜਦੂਰ ਵਰਗ ਨੇ ਸਾਂਭ ਲੈਣੀਆਂ ਹਨ ਅਤੇ ਉਨ੍ਹਾਂ ਨੇ ਵਿਦੇਸ ਵਿੱਚ ਪੱਕੇ ਵੀ ਨਹੀਂ ਹੋਣਾ ਵੀ ਨਹੀ ਹੋ ਸਕਣਾ । ਇਹ ਆਉਣ ਵਾਲੇ ਭਵਿੱਖ ਦੀ ਦਰਦ ਕਹਾਣੀ ਮੈਨੂੰ ਜਾਪ ਰਹੀ ਹੈ ਕਿਉਂਕਿ ਬਹੁਤ ਸਾਰੇ ਨੌਜਵਾਨ ਤਾਂ ਅੱਜ ਕੱਲ ਵੀ ਵਿਆਹ ਕਰਵਾਉਣ ਤੋਂ ਸੱਖਣੇ ਫਿਰ ਰਹੇ ਹਨ । ਬਹੁਤ ਸਾਰਿਆਂ ਨੂੰ ਪੰਜਾਬ ਵਿਚੋਂ ਕੁੜੀਆਂ ਵੱਲੋਂ ਐਨੇ ਲਾਰੇ ਲਾ ਕੇ ਦੇ ਲੱਖਾਂ ਰੁਪਏ ਬਟੋਰੇ ਹਨ । ਕਈ ਜਗਾਹ ਤਾਂ ਬੱਚੇ ਮਾਂ-ਪਿਓ ਦੇ ਕਹਿਣੇ ਤੋਂ ਬਾਹਰ ਹੋ ਚੁੱਕੇ ਹਨ ਅਤੇ ਕਈ ਜਗਾਹ ਲੜਕੀਆਂ ਹੀ ਆਪਣੇ ਘਰ ਵਾਲਿਆਂ ਨੂੰ ਛੱਡ ਕੇ ਜਾ ਰਹੀਆਂ ਹਨ ।

ਪਿਛਲੇ ਦਿਨੀਂ ਇਕ ਲੜਕੀ ਵੱਲੋਂ ਆਪਣੇ ਮਿੱਤਰ ਨਾਲ ਮਿਲ ਕੇ ਆਪਣੇ ਪਤੀ ਦਾ ਕਤਲ ਕਰ ਦਿੱਤਾ ਗਿਆ ਅਤੇ ਕਈ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਇਥੇ ਪਤੀ ਵੱਲੋਂ ਆਪਣੀ ਪਤਨੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਇਹ ਸਾਡਾ ਮੂਲ ਨੁਕਤਾ ਨਹੀਂ ਸੀ ।ਸੋਚ ਕੀ ਰਹੇ ਹਾਂ ।ਅਸੀਂ ਅਸੀਂ ਪਤਾ ਨਹੀਂ ਆਪਣੇ ਮੂਲ ਨਾਲੋਂ ਟੁੱਟ ਚੁੱਕੇ ਹਾਂ ।ਮਾਂ ਪਿਓ ਤੋਂ ਬਾਹਰ ਹੋ ਕੇ ਕੀ ਸੋਚ ਕੇ ਅਸੀਂ ਜ਼ਿੰਦਗੀ ਜਿਉਂਦੇ ਹਾਂ । ਜਿਆਦਾਤਰ ਨੌਜੁਆਨਾਂ ਦਾ ਭਵਿਖ ਮਾਲਕ ਦੇ ਰਹਿਮੋ ਕਰਮ ਤੇ ਟਿਕਿਆ ਵਿਖਾਈ ਦਿੰਦਾ ਹੈ ।ਲੰਘੇ ਦਿਨੀਂ ਬਹੁਤ ਸਾਰੇ ਨੌਜਵਾਨਾਂ ਤੇ ਪੰਜਾਬ ਭੇਜਣ ਦੀ ਲਟਕ ਰਹੀ ਤਲਵਾਰ ਵੀ ਹਟ ਨਹੀਂ ਰਹੀ ।ਉਨ੍ਹਾਂ ਦੀਆਂ ਗਲਤੀਆਂ ਜਰੂਰ ਹਨ ਪਰ ਉਨ੍ਹਾਂ ਦਾ ਉਹਨਾਂ ਕਸੂਰ ਨਹੀਂ ਹੈ ਕਿ ਉਨ੍ਹਾਂ ਨੂੰ ਲੱਖਾਂ ਰੁਪਏ ਖਰਚਨ ਤੋਂ ਬਾਅਦ ਵਾਪਸ ਭੇਜ ਦਿੱਤਾ ਜਾਵੇ ।ਪੰਜਾਬੀ ਪੰਜਾਬੀ ਨੌਜਵਾਨਾਂ ਨਾਲ ਤਾਂ ਇੱਕ ਭਾਣਾ ਹੋਰ ਵੀ ਵਾਪਰ ਰਿਹਾ ਹੈ ।ਕੋਈ ਨਦੀ ਵਿੱਚ ਡੁੱਬ ਕੇ ਮੌਤ ਦੇ ਮੂੰਹ ਵਿੱਚ ਜਾ ਰਿਹਾ ਹੈ ਅਤੇ ਕਿਸੇ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਰਹੀ ਹੈ ਅਤੇ ਕੋਈ ਆਪਣੇ ਮਾਂ-ਪਿਓ ਨੂੰ ਓਵਰਡੋਜ ਨਸੇ ਕਾਰਨ ਦੁਖੀ ਕਰ ਰਿਹਾ ਹੈ ।

ਬਹੁਤ ਸਾਰਿਆਂ ਦੀਆਂ ਫੀਸਾਂ ਵੀ ਪੂਰੀਆਂ ਨਹੀ ਹੋ ਰਹੀਆਂ ।ਲੜਾਈ ਝਗੜੇ ਵੀ ਆਮ ਹੋ ਚੁੱਕੇ ਹਨ ।ਇਹ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ ।ਨੌਜਵਾਨਾਂ ਨੂੰ ਵਿਦੇਸ ਵਿੱਚੋਂ ਕੱਢੇ ਜਾਣ ਦੀ ਦਰਦ ਕਹਾਣੀ ਤਾਂ ਵੱਖਰੀ ਹੈ ਨੌਜਵਾਨਾਂ ਵੱਲੋਂ ਧਰਨੇ ਮਾਰੇ ਜਾ ਰਹੇ ਹਨ ਅਤੇ ਆਪਣੀ ਆਵਾਜ ਨੂੰ ਲੀਡਰਾਂ ਦੇ ਕੰਨਾਂ ਤਕ ਪਹੁੰਚਾਉਣ ਦੇ ਲਈ ਜੋਰ ਲਾਇਆ ਜਾ ਰਿਹਾ ਹੈ ।ਕੁੱਲ ਮਿਲਾ ਕੇ ਹੁਣ ਪਹਿਲਾਂ ਵਾਲੀ ਗੱਲ ਵਿਦੇਸਾਂ ਵਿੱਚ ਵੀ ਨਹੀਂ ਰਹੀ ਏਥੇ ਵੀ ਚਾਰੇ ਪਾਸੇ ਅਜਿਹਾ ਆਲਮ ਬਣ ਚੁੱਕਿਆ ਹੈ ਜਿਸ ਨੂੰ ਦੇਖ ਕੇ ਇਨਸਾਨ ਰੂਹ ਤੱਕ ਕੰਬ ਜਾਂਦਾ ਹੈ ਹਰ ਖੇਤਰ ਵਿਚ ਘਾਟੇ ਵਾਲਾ ਸੌਦਾ ਬਣ ਚੁੱਕਿਆ ਹੈ । ਇਹ ਵੀ ਠੀਕ ਹੈ ਕਿ ਸਾਰੇ ਪਾਸੇ ਆਲਮ ਇੱਕੋ ਜਿਹਾ ਨਹੀਂ ਹੈ ਕੁਝ ਕੁ ਖੇਤਰ ਠੀਕ ਵੀ ਹਨ ।ਸਾਰੇ ਖੇਤਰਾਂ ਅੰਦਰ ਪੰਜਾਬੀ ਭਾਈਚਾਰੇ ਵੱਲੋ ਵੱਡੀ ਪੱਧਰ ਤੇ ਮਿਹਨਤ ਨੇ ਕੀਤੀ ਜਾ ਰਹੀ ਹੈ ਉਥੇ ਹਾਲਾਤ ਸਾਜਗਾਰ ਹਨ ।ਪਰ ਸਾਰੇ ਪਾਸੇ ਇੱਕੋ ਜਿਹਾ ਨਹੀਂ ਹੈ ਇਹ ਵੀ ਠੀਕ ਹੈ ।ਆਖਰ ਵਿਚ ਇਹ ਆਖ ਸਕਦੇ ਹਾਂ ਕਿ ਵਿਦੇਸ ਜਾਣ ਦੀ ਜਿਹੜੀ ਤਾਂਘ ਪਹਿਲਾਂ ਸੀ ਉਹ ਹੁਣ ਸਮਾਂ ਬੀਤ ਜਾਣ ਦੇ ਬਾਅਦ ਸੱਜਰੀ ਨਹੀਂ ਰਹੀ ।

ਸਿੰਦਰ ਸਿੰਘ ਮੀਰਪੁਰੀ
ਫੋਨ 5592850841

ਇਤਿਹਾਸਕ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ, ਪਿੰਡ ਕੁੱਪ-ਰੋਹੀੜਾ

ਤਸਵਿੰਦਰ ਸਿੰਘ ਬੜੈਚ

ਕੁੱਪ-ਰੋਹੀੜਾ ਦਾ ਨਾਮ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਅਹਿਮ ਹੈ। ਸਿੱਖ ਇਤਿਹਾਸ ਵਿੱਚ 5 ਫਰਵਰੀ 1762 ਈਸਵੀ ਨੂੰ ਇੱਕ ਭਿਆਨਕ ਕਤਲੇਆਮ ਪਿੰਡ ਰੋਹੀੜਾ ਦੀ ਧਰਤੀ ’ਤੇ ਵਾਪਰਿਆ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਇਹ ਕਤਲੇਆਮ ਜ਼ਾਲਮ ਅਹਿਮਦ ਸ਼ਾਹ ਅਬਦਾਲੀ ਦੁਆਰਾ ਸਿੱਖਾਂ ਉੱਤੇ ਕੀਤੇ ਹਮਲੇ ਕਾਰਨ ਹੋਇਆ ਸੀ।ਅਹਿਮਦ ਸ਼ਾਹ ਪੰਜਾਬ ਵਿੱਚ ਸਿੱਖਾਂ ਦੀ ਵਧਦੀ ਸ਼ਕਤੀ ਨੂੰ ਬਰਦਾਸ਼ਤ ਨਹੀਂ ਕਰਦਾ ਸੀ,ਕਿਉਂਕਿ ਜਦੋਂ ਭਾਰਤ ’ਚ ਲੁੱਟਮਾਰ ਕਰਕੇ ਅਹਿਮਦ ਸ਼ਾਹ 1761 ਈਸਵੀਂ ’ਚ ਪੰਜਾਬ ’ਚੋਂ ਲੰਘਿਆ ਤਾਂ ਸਿੱਖਾਂ ਨੇ ਹਮਲੇ ਕਰਕੇ ਕੈਦ ਕਰਕੇ ਲਿਜਾਈਆਂ ਜਾ ਰਹੀਆਂ 2200 ਹਿੰਦੂ ਇਸਤਰੀਆਂ ਨੂੰ ਅਹਿਮਦ ਸ਼ਾਹ ਤੋਂ ਛਡਵਾਇਆ ਸੀ। ਹਿੰਦੂਆਂ ਦੀਆਂ ਧੀਆਂ ਨੂੰ ਕੈਦ ਕਰਨਾ ਤੇ ਧੰਨ ਦੌਲਤ ਲੁਟਣਾ ਅਹਿਮਦ ਸ਼ਾਹ ਦਾ ਪੇਸ਼ਾ ਬਣ ਗਿਆ ਸੀ। ਜਨਵਰੀ ਵਿੱਚ ਪਾਣੀਪਤ ਦੀ ਲੜਾਈ ਤੋਂ ਬਾਅਦ ਅਹਿਮਦ ਸ਼ਾਹ ਕਾਬੁਲ ਪਰਤ ਗਿਆ ਸੀ। 1761 ਈਸਵੀ ਦੀ ਦੀਵਾਲੀ ਮਨਾਉਣ ਲਈ ਖਾਲਸੇ ਵੱਡੀ ਗਿਣਤੀ ਵਿੱਚ ਅੰਮ੍ਰਿਤਸਰ ਆਏ।27 ਅਕਤੂਬਰ ਨੂੰ ਉਹਨਾਂ ਨੇ ਅਹਿਮਦ ਸ਼ਾਹ ਦੇ ਸਾਰੇ ਦੇ ਸਾਰੇ ਸਮਰਥਕਾਂ ਖਿਲਾਫ ਕਾਰਵਾਈ ਕਰਨ ਲਈ ਮਤਾ ਪਾਸ ਕੀਤਾ।ਸਿੰਘਾਂ ਨੇ ਜੰਡਿਆਲੇ ਦੇ ਰਹਿਣ ਵਾਲੇ ਅਕੀਲ ਦਾਸ ਨਿਰੰਜਨੀਏ ਨੂੰ ਵੀ ਸੋਧਾ ਲਾਉਣ ਦਾ ਮਨ ਬਣਾਇਆ ਤੇ ਜੰਡਿਆਲੇ ਵੱਲ ਚਾਲੇ ਪਾ ਦਿੱਤੇ ਤੇ ਜੰਡਿਆਲੇ ਨੂੰ ਘੇਰਾ ਪਾ ਲਿਆ। ਨਿਰੰਜਨੀਆਂ ਦਾ ਗੁਰੂ ਅਕੀਲ ਦਾਸ ਜੋ ਜੰਡਿਆਲੇ ਵਿਖੇ ਸੀ, ਅੰਮ੍ਰਿਤਸਰ ਦੇ ਸਭ ਤੋਂ ਨੇੜੇ ਸੀ, ਇਹ ਖਾਲਸੇ ਦਾ ਵਿਰੋਧੀ ਸੀ।ਜਦੋਂ ਉਸ ਨੂੰ ਮਤੇ ਬਾਰੇ ਪਤਾ ਚੱਲਿਆ ਤਾਂ ਉਸ ਨੇ ਅਹਿਮਦ ਸ਼ਾਹ ਨੂੰ ਸੁਨੇਹਾ ਭੇਜ ਕੇ ਸਿੱਖਾਂ ਤੋਂ ਜਾਨ ਬਚਾਉਣ ਦਾ ਤਰਲਾ ਕੀਤਾ। ਸੁਨੇਹਾ ਮਿਲਦਿਆਂ ਹੀ ਅਹਿਮਦ ਸ਼ਾਹ ਤੇਜੀ ਨਾਲ ਲਾਹੌਰ ਪਹੁੰਚ ਗਿਆ। ਜਦੋਂ ਸਿੰਘਾਂ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਹਨਾਂ ਨੇ ਜੰਡਿਆਲੇ ਦੀ ਘੇਰਾਬੰਦੀ ਚੁੱਕ ਲਈ ਅਤੇ ਮਾਲਵੇ ਵੱਲ ਸੁਰੱਖਿਅਤ ਜਗ੍ਹਾ ਵੱਲ੍ਹ ਤੁਰ ਪਏ ਤੇ ਪਿੰਡ ਕੁੱਪ ਪਹੁੰਚ ਗਏ। ਮਲੇਰਕੋਟਲਾ ਦੇ ਮੁੱਖੀ ਭੀਖਣ ਖਾਨ ਨੇ ਸਰਹਿੰਦ ਦੇ ਅਫਗਾਨ ਗਵਰਨਰ ਜ਼ੈਨ ਖਾਨ ਨੂੰ ਸੁਚਿਤ ਕੀਤਾ ਕਿ ਸਿੱਖ ਵੱਡੀ ਗਿਣਤੀ ਵਿੱਚ ਕੁੱਪ ਨੇੜੇ ਇਕੱਠੇ ਹੋ ਰਹੇ ਹਨ।ਜੈਨ ਖਾਨ ਨੇ ਅਹਿਮਦ ਸ਼ਾਹ ਨੂੰ ਸੂਚਿਤ ਕੀਤਾ।ਅਹਿਮਦ ਸ਼ਾਹ ਨੇ 3 ਫਰਵਰੀ 1762 ਈਸਵੀ ਨੂੰ ਆਪਣੇ ਨਾਲ ਇੱਕ ਲੱਖ ਵਿਸ਼ਾਲ ਸੈਨਾ ਲੈ ਕੇ ਲਾਹੌਰ ਤੋਂ ਕੂਚ ਕੀਤਾ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ ਪਹੁੰਚਿਆ। ਅਹਿਮਦ ਸ਼ਾਹ ਦੁਆਰਾ ਦਿੱਤੇ ਆਦੇਸ਼ ਮੁਤਾਬਕ ਜ਼ੈਨ ਖਾਨ ਅਤੇ ਭੀਖਣ ਖਾਨ, ਸਿੱਖਾਂ ਉੱਪਰ ਹਮਲਾ ਕਰਨ ਲਈ ਤਿਆਰ ਸਨ।ਦੁਸ਼ਮਣਾਂ ਦੇ ਇਤਨਾ ਜਲਦੀ ਪਹੁੰਚਣ ਦਾ ਖਾਲਸੇ ਕਿਆਸ ਨਹੀਂ ਕਰ ਸਕੇ ਸਨ।ਸਿੱਖਾਂ ਨੇ ਆਪਣੀ ਰਣਨੀਤੀ ਬਣਾਉਣ ਲਈ ਉਹਨਾਂ ਨੇ ਇਕ ਸਭਾ ਬੁਲਾਈ।ਇਕ ਵਿਚਾਰ ਇਹ ਸੀ ਕਿ ਅੰਤਿਮ ਸਵਾਸ ਤੱਕ ਲੜਾਈ ਲੜੀ ਜਾਵੇ ਅਤੇ ਦੂਸਰਾ ਵਿਚਾਰ ਔਰਤਾਂ ਅਤੇ ਬੱਚਿਆਂ ਦੁਆਲੇ ਮਜ਼ਬੂਤ ਘੇਰਾਬੰਦੀ ਕਰਕੇ ਅੱਗੇ ਵਧਣਾ ਸੀ।ਜੱਸਾ ਸਿੰਘ ਆਹਲੂਵਾਲੀਆਂ ਅਤੇ ਚੜ੍ਹਤ ਸਿੰਘ ਸੁਕਰਚੱਕੀਆ ਨੇ ਮੁੱਖ ਸੈਨਾ ਦੀ ਅਗਵਾਈ ਕੀਤੀ ਅਤੇ ਸੁੱਰਖਿਆ ਅਧੀਨ ਗੈਰ-ਲੜਾਕਿਆ ਨੂੰ ਅੱਗੇ ਵਧਣ ਦੇ ਨਿਰਦੇਸ਼ ਦਿੱਤੇ।ਸਿੰਘ ਘੇਰਾ ਬਣਾ ਕੇ ਜੂਝਦੇ ਹੋਏ ਅੱਗੇ ਨੂੰ ਵਧ ਰਹੇ ਸਨ।ਉਹ ਦੁਸ਼ਮਣਾਂ ਨਾਲ ਲੜਦੇ ਵੀ ਜਾਂਦੇ ਸਨ ਅਤੇ ਅੱਗੇ ਨੂੰ ਵਧਦੇ ਵੀ ਜਾਂਦੇ ਸਨ।ਜਦੋਂ ਸਿੱਖਾਂ ਨੇ 6 ਕਿਲੋਮੀਟਰ ਪੈਂਡਾ ਤੈਅ ਕਰ ਲਿਆ ਸੀ ਤਾਂ ਅਹਿਮਦ ਸ਼ਾਹ ਨੇ ਇਹ ਘੇਰਾਬੰਦੀ ਤੋੜ ਦਿੱਤੀ। ਬੜੀ ਭਾਰੀ ਲੜਾਈ ਹੋਈ। ਇਸ ਤਰ੍ਹਾਂ ਲੜਾਈ ਵਿੱਚ ਬਹੁਤ ਸਾਰੇ ਦੁਸ਼ਮਣ ਵੀ ਮਾਰੇ ਗਏ ਤੇ 30000 ਹਜ਼ਾਰ ਸਿੱਖ ਵੀ ਮਾਰੇ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ, ਬਜ਼ੁਰਗ ਅਤੇ ਬੱਚੇ ਸ਼ਾਮਿਲ ਸਨ।ਦੁਪਹਿਰ ਤੋਂ ਬਾਅਦ ਸਿੱਖ ਤੇ ਦੁਸ਼ਮਣ ਲੜਦੇ ਹੋਏ ਹਠੂਰ ਦੀ ਢਾਬ ਪਾਸ ਪਹੁੰਚੇ। ਦੋਹਾਂ ਪਾਸਿਆਂ ਦੀਆਂ ਫੌਜਾਂ ਆਪਣੀ ਪਿਆਸ ਬੁਝਾਉਣ ਲਈ ਢਾਬ ਦੇ ਦੁਆਲੇ ਇਕੱਠੀਆਂ ਹੋ ਗਈਆਂ। ਦੁਸ਼ਮਣ ਨੇ ਭਾਂਵੇ ਬਹੁਤ ਸਾਰੇ ਬੱਚੇ, ਬਜ਼ੁਰਗ ਤੇ ਇਸਤਰੀਆਂ ਮਾਰ ਦਿੱਤੇ ਸਨ, ਪਰ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਿੱਖਾਂ ਨੂੰ ਖਤਮ ਕਰ ਸਕਣਾ ਉਨ੍ਹਾਂ ਦੇ ਵਸ ਦੀ ਗਲ ਨਹੀਂ, ਉਨ੍ਹਾਂ ਨੇ ਸਿੱਖਾਂ ਦਾ ਹੋਰ ਪਿੱਛਾ ਕਰਨਾ ਛੱਡ ਦਿੱਤਾ।ਸਿੱਖ ਬਰਨਾਲੇ ਵੱਲ ਚਲੇ ਗਏ। ਇਸ ਤਰ੍ਹਾਂ ਇਕ ਭਿਆਨਕ ਹੱਤਿਆ ਕਾਂਡ ਦਾ ਅੰਤ ਹੋਇਆ।ਜਿਸ ਜਗ੍ਹਾ 30000 ਹਜ਼ਾਰ ਸਿੰਘ-ਸਿੰਘਣੀਆਂ ਸ਼ਹੀਦ ਹੋਏ ਸਨ, ਉਸ ਜਗ੍ਹਾ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਸ਼ੁਸੋਭਿਤ ਹੈ। ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਲੁਧਿਆਣਾ-ਮਲੇਰਕੋਟਲਾ ਸੜਕ ’ਤੇ ਸਥਿਤ ਮੰਡੀ ਅਹਿਮਦਗੜ੍ਹ ਤੋਂ 6 ਕਿਲੋਮੀਟਰ ਦੀ ਦੂਰੀ ’ਤੇ ਪਿੰਡ ਕੁੱਪ ਤੋਂ 8 ਕਿਲੋਮੀਟਰ ਦੀ ਦੂਰੀ ’ਤੇ ਸੁਸ਼ੋਭਿਤ ਹੈ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ

ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance

Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW DRYWALL INC.
The Name You Can Trust
Products of Services:
- Insulation
- Drywall
- Taping
- Texturing
- Blow Insulation

ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ

ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
"Online" prices in store!
Complete Eyewear, Contact lenses and Sunglasses!
Unbeatable Price!
For more info call:
Sandeep Pandher
MANAGER
at 403-999-2500

ਫ਼ੈਡਰਲ ਸਰਕਾਰ ਨੇ ਕਰੋਨਾ ਮਹਾਂਮਾਰੀ ਦੌਰਾਨ ਦਿੱਤਾ ਐਮਰਜੈਂਸੀ ਲੋਨ ਵਾਪਸ ਕਰਨ ਦੀ ਸਮਾਂ-ਸੀਮਾ ਵਧਾ ਦਿੱਤੀ ਹੈ

ਔਟਵਾ(ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਛੋਟੇ ਕਾਰੋਬਾਰਾਂ ਨੂੰ ਕਰੋਨਾ ਮਹਾਂਮਾਰੀ ਦੌਰਾਨ ਦਿੱਤੇ ਲੋਨ ਦੀ ਮੁੜ ਅਦਾਇਗੀ ਦੀ ਸਮਾਂ-ਸੀਮਾ ਇੱਕ ਸਾਲ ਹੋਰ ਵਧਾ ਦਿੱਤੀ ਹੈ।ਪਰ ਜੇ ਕਾਰੋਬਾਰ ਆਉਂਦਿਆਂ ਮਹੀਨਿਆਂ ਵਿਚ ਲੋਨ ਨਹੀਂ ਮੋੜਨਗੇ ਤਾਂ ਉਹ ਲੋਨ ਦਾ ਮੁਆਫ ਹੋਣ ਯੋਗ ਹਿੱਸਾ ਗੁਆ ਦੇਣਗੇ। ਕੈਨੇਡਾ ਐਮਰਜੈਂਸੀ ਬਿਜ਼ਨਸ ਅਕਾਉਂਟ ਨੂੰ ਕਰੋਨਾ ਮਹਾਂਮਾਰੀ ਦੌਰਾਨ ਲਿਆਂਦਾ ਗਿਆ ਸੀ ਤਾਂ ਜੋ ਪਬਲਿਕ ਹੈਲਥ ਉਪਾਵਾਂ ਦੇ ਕਾਰਨ ਆਪਣੇ ਬਿਜ਼ਨਸ ਨੂੰ ਬੰਦ ਕਰਨ ਜਾਂ ਸੀਮਤ ਕਰਨ ਲਈ ਮਜਬੂਰ ਛੋਟੇ ਕਾਰੋਬਾਰਾਂ ਦੀ ਮੱਦਦ ਕੀਤੀ ਜਾ ਸਕੇ। ਇਸ ਪ੍ਰੋਗਰਾਮ ਤਹਿਤ ਫ਼ੈਡਰਲ ਸਰਕਾਰ ਦੁਆਰਾ ਵਿਆਜ-ਮੁਕਤ ਕਰਜ਼ੇ ਦੀ ਪੇਸ਼ਕਸ਼ ਕੀਤੀ ਗਈ ਸੀ।ਇਸ ਸਕੀਮ ਤਹਿਤ 60,000 ਡਾਲਰ ਤੱਕ ਦਾ ਲੋਨ ਅਪਲਾਈ ਕੀਤੀ ਜਾ ਸਕਦਾ ਸੀ ਅਤੇ ਇੱਕ ਖ਼ਾਸ ਸਮਾਂ-ਸੀਮਾ ਤੱਕ ਲੋਨ ਦੇ ਇੱਕ ਹਿੱਸੇ ਦਾ ਭੁਗਤਾਨ ਹੋਣ 'ਤੇ 20,000 ਡਾਲਰ ਮੁਆਫ਼ ਹੋਣ ਦੀ ਵੀ ਵਿਵਸਥਾ ਸੀ। ਲੋਨ ਮੋੜਨ ਦੀ ਅਸਲ ਆਖ਼ਰੀ ਮਿਤੀ 2022 ਦੇ ਅੰਤ ਤੱਕ ਸੀ। ਬਾਅਦ ਵਿਚ ਇਸਨੂੰ 2023 ਤੱਕ ਵਧਾ ਦਿੱਤਾ ਗਿਆ ਸੀ। ਕੋਈ ਵੀ ਕਾਰੋਬਾਰ ਜੋ ਉਸ ਸਮਾਂ-ਸੀਮਾ ਤੱਕ ਲੋਨ ਨਹੀਂ ਮੋੜਦਾ, ਉਸ 'ਤੇ ਵਿਆਜ ਪੈਣਾ ਸ਼ੁਰੂ ਹੋ ਜਾਵੇਗਾ ਅਤੇ ਉਸਨੂੰ 2025 ਦੇ ਅੰਤ ਤੱਕ ਕਰਜ਼ੇ ਦੀ ਪੂਰੀ ਅਦਾਇਗੀ ਕਰਨੀ ਪੈਣੀ ਸੀ। ਪਰ ਉਹ ਸਮਾਂ-ਸੀਮਾ ਹੁਣ 2026 ਦੇ ਅੰਤ ਤੱਕ ਵਧਾ ਦਿੱਤੀ ਗਈ ਹੈ।ਲੋਨ ਦੇ ਮੁਆਫ਼ੀ ਯੋਗ ਹਿੱਸੇ ਦੇ ਯੋਗ ਹੋਣ ਲਈ ਕਾਰੋਬਾਰਾਂ ਨੂੰ 18 ਜਨਵਰੀ 2024 ਤੱਕ ਦੀ ਇੱਕ ਛੋਟੀ ਐਕਸਟੈਂਸ਼ਨ ਵੀ ਦਿੱਤੀ ਗਈ ਹੈ। 19 ਜਨਵਰੀ ਤੱਕ ਭੁਗਤਾਨ ਨਾ ਕੀਤੇ ਜਾਣ ਵਾਲੇ ਸਾਰੇ ਲੋਨਾਂ ਉੱਪਰ 5% ਵਿਆਜ ਸ਼ੁਰੂ ਹੋ ਜਾਵੇਗਾ। ਲੋਨ ਪ੍ਰੋਗਰਾਮ ਤਹਿਤ ਕਰੀਬ 900,000 ਕਾਰੋਬਾਰਾਂ ਨੂੰ ਤਕਰੀਬਨ 49 ਬਿਲੀਅਨ ਡਾਲਰ ਦਿੱਤੇ ਗਏ ਸਨ। ਪਰ 31 ਮਈ ਤੱਕ 21 % ਕਾਰੋਬਾਰਾਂ ਨੇ ਹੀ ਆਪਣੇ ਕਰਜ਼ੇ ਦੀ ਪੂਰਨ ਅਦਾਇਗੀ ਕੀਤੀ ਹੈ। ਪਰ ਕਾਰੋਬਾਰੀ ਸਮੂਹਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਲੋਨ ਦੇ ਮੁਆਫ਼ੀ ਯੋਗ ਹਿੱਸੇ ਦੀ ਮਿਆਦ ਵੀ ਹੋਰ ਵਧਾਉਣੀ ਚਾਹੀਦੀ ਹੈ।

ਕਨੇਡਾ ਦੇ ਲੀਡਰ ਤਾਂ ਹੁਣ ਜਹਾਜਾਂ ਵਿੱਚ ਵੀ ਰੈਲੀਆਂ ਕਰਨ ਲੱਗ ਪਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਜਨੀਤਕ ਲੋਕ ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਹੋਣ ਉਹ ਆਪਣੀ ਪਾਰਟੀ ਦੇ ਪ੍ਰਚਾਰ ਅਤੇ ਕੁਰਸੀ ਦੀ ਲਾਲਸਾ ਪੂਰੀ ਕਰਨ ਲਈ ਕੋਈ ਵੀ ਹਥਿਆਰ ਵਰਤ ਸਕਦੇ ਹਨ। ਇੰਡੀਆ ਵਿੱਚ ਤਾਂ ਆਮ ਤੌਰ ਤੇ ਧਾਰਮਿਕ ਸਥਾਨਾ ਡੇਰਿਆਂ ਆਦਿ ਨੂੰ ਆਪਣੀ ਪਾਰਟੀ ਦੇ ਪ੍ਰਚਾਰ ਲਈ ਵਰਤਣ ਦੀ ਰਵਾਇਤ ਆਮ ਹੀ ਪ੍ਰਚੱਲਤ ਹੈ ਪਰ ਕਨੇਡਾ ਦੀ ਮੁੱਖ ਵਿਰੋਧੀ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਤਾਂ ਆਪਣੀ ਪਾਰਟੀ ਦੇ ਪ੍ਰਚਾਰ ਲਈ ਬਿਲਕੁੱਲ ਨਵੇਂ ਸਾਧਨਾ ਦੀ ਖੋਜ ਉਪਰੰਤ ਵਰਤੋਂ ਵੀ ਸ਼ੁਰੂ ਕਰ ਦਿੱਤੀ ਹੈ। ਅਸੀਂ ਤੁਸੀਂ ਸਾਰੇ ਅਕਸਰ ਹੀ ਜਦੋਂ ਜਹਾਜ ਵਿੱਚ ਸਫਰ ਕਰਦੇ ਹਾਂ ਤਾਂ ਜਦੋਂ ਜਹਾਜ ਉੱਡਣ ਦੀ ਤਿਆਰੀ ਕਰਦਾ ਹੈ ਤਾਂ ਜਹਾਜ ਦੇ ਅਮਲੇ ਫੈਲੇ ਵਿੱਚੋਂ ਕੋਈ ਇੱਕ ਮੈਂਬਰ ਜਹਾਜ ਵਿੱਚ ਐਮਰਜੈਂਸੀ ਮੌਕੇ ਵਰਤਣ ਵਾਲੀਆਂ ਸਾਵਧਾਨੀਆਂ ਬਾਰੇ ਬੋਲੇ ਕੇ ਦੱਸਦਾ ਹੁੰਦਾ ਹੈ ਪਰ ਕਿਊਬਿਕ ਸਿਟੀ ਤੋਂ ਕੈਲਗਰੀ ਉਡਾਣ ਭਰਨ ਵਾਲੀ ਵੈਸਟਜੈਟ ਦੀ ਫਲਾਈਟ ਵਿੱਚ ਜਹਾਜ ਵਿੱਚ ਸਵਾਰ ਮੁਸਾਫਿਰ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਜਹਾਜ ਦੇ ਪੀ ਓ ਸਿਸਟਮ ਨੂੰ ਵਰਤਦਿਆਂ ਕੰਜ਼ਰਵੇਟਿਵ ਲੀਡਰ ਪੀਅਰੇ ਪੋਲੀਵਰ ਸੰਭੋਧਿਤ ਹੋ ਰਿਹਾ ਸੀ। ਵੀਡੀਓ ਵਿੱਚ ਜਹਾਜ ਦੀਆਂ ਸਵਾਰੀਆਂ ਉਸ ਦੀ ਵੀਡੀਓ ਬਣਾਉਂਦੀਆਂ ਨਜ਼ਰ ਆ ਰਹੀਆਂ ਹਨ। ਵੈਸਟਜੈਟ ਕੰਪਨੀ ਦਾ ਕਹਿਣਾ ਹੈ ਕਿ ਪੋਲੀਵਰ ਨੇ ਭਾਸ਼ਣ ਬਾਰੇ ਵੈਸਟਜੈਟ ਦੀ ਸੰਚਾਲਨ ਲੀਡਰਸ਼ਿਪ ਨੂੰ ਅਗਾਊਂ ਸੂਚਨਾ ਦਿੱਤੀ ਸੀ ਅਤੇ ਇਸ ਬਾਰੇ ਅੰਤਿਮ ਫੈਸਲਾ ਫਲਾਈਟ ਚਾਲਕ ਦਲ 'ਤੇ ਨਿਰਭਰ ਕਰਦਾ ਸੀ। CUPE ਲੋਕਲ 4070 ਪ੍ਰਧਾਨ ਆਲੀਆ ਹੁਸੈਨ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਇੱਕ ਬਿਆਨ ਵਿੱਚ ਕਿਹਾ, "ਇਹ ਬਹੁਤ ਨਿਰਾਸ਼ਾਜਨਕ ਹੈ ਕਿ ਵੈਸਟਜੈਂਟ ਪ੍ਰਬੰਧਨ ਨੇ ਇੱਕ ਰਾਜਨੇਤਾ ਨੂੰ ਆਪਣੇ ਸਿਆਸੀ ਬਿਆਨ ਲਈ ਹਾਲ ਹੀ ਦੀ ਉਡਾਣ ਵਿੱਚ ਜਨਤਕ ਸੰਬੋਧਨ ਪ੍ਰਣਾਲੀ ਦੀ ਵਰਤੋਂ ਕਰਨ ਦਿੱਤੀ।" "ਇਹ ਹੋਰ ਵੀ ਨਿਰਾਸ਼ਾਜਨਕ ਹੈ ਕਿ ਵੈਸਟਜੈਂਟ ਹੁਣ ਇਸ ਘਟਨਾ ਲਈ ਕੈਬਿਨ ਕਰੂ 'ਤੇ ਦੋਸ਼ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।" CUPE ਅਲਬਰਟਾ ਨੇ WestJet ਅਤੇ Pioilevre ਦੋਵਾਂ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ।

ਕੈਲਗਰੀ ਵਿੱਚ ਨਵੀਂ ਹਾਊਸਿੰਗ ਯੋਜਨਾ ਨੂੰ ਮਨਜ਼ੂਰੀ 12-3 ਵੋਟਾਂ ਦੇ ਫਰਕ ਨਾਲ ਪਾਸ ਹੋ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਆਫ ਕੈਲਗਰੀ ਨੇ ਸੋਧੀ ਹੋਈ ਹਾਊਸਿੰਗ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਮਿਊਨਿਟੀ ਡਿਵੈਲਪਮੈਂਟ ਕਮੇਟੀ ਵੱਲੋਂ 21 ਪ੍ਰਸਤਾਵਿਤ ਸੋਧਾਂ 'ਤੇ ਬਹਿਸ ਕਰਨ ਤੋਂ ਬਾਅਦ ਇਹ ਨਵੀਂ ਯੋਜਨਾ 12-3 ਵੋਟਾਂ ਦੇ ਫਰਕ ਨਾਲ ਪਾਸ ਹੋ ਗਈ ਹੈ। ਕੌਂਸਲਰ ਡੈਨ ਮੈਕਲੀਨ, ਪੀਟਰ ਡੇਮੋਂਗ ਅਤੇ ਸੀਨ ਚੂ ਨੇ ਇਸ ਯੋਜਨਾ ਦਾ ਵਿਰੋਧ ਕੀਤਾ। ਇਹ ਉਦੋਂ ਹੋਇਆ ਹੈ ਜਦੋਂ 162 ਕੈਲਗਰੀ ਨਿਵਾਸੀਆਂ ਨੇ ਤਿੰਨ ਦਿਨਾਂ ਵਿੱਚ ਕੌਂਸਲ ਨਾਲ ਗੱਲ ਕੀਤੀ ਅਤੇ 1,366 ਲਿਖਤੀ ਬੇਨਤੀਆਂ ਪ੍ਰਦਾਨ ਕੀਤੀਆਂ ਹਨ। ਕਈਆਂ ਨੇ ਇਸ ਮੁੱਦੇ ਨਾਲ ਨਜਿੱਠਣ ਦੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਉਹ ਆਪਣੀਆਂ ਕਾਰਾਂ ਵਿੱਚ ਸੌਣ ਅਤੇ ਭੁੱਖੇ ਮਰਨ ਵਰਗੀਆਂ ਹੱਦਾਂ ਤੱਕ ਚਲੇ ਗਏ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਜਾਰੀ ਕੀਤੀ ਹਾਊਸਿੰਗ ਨੀਡਜ਼ ਅਸੈਸਮੈਂਟ ਰਿਪੋਰਟ ਦੇ ਅਨੁਸਾਰ, ਸ਼ਹਿਰ ਵਿੱਚ ਕਿਰਾਏ 'ਤੇ ਰਹਿਣ ਲਈ ਲੋੜੀਂਦੀ ਔਸਤ ਆਮਦਨ 84,000 ਡਾਲਰ ਤੱਕ ਪਹੁੰਚ ਗਈ ਹੈ। "ਕੈਲਗਰੀ ਦੇ ਪੰਜਾਂ ਵਿੱਚੋਂ ਇੱਕ ਪਰਿਵਾਰ ਇਸ ਮੌਕੇ ਆਪਣੀ ਰਿਹਾਇਸ਼ ਨੂੰ ਬਰਕਰਾਰ ਰੱਖਣ ਵਿੱਚ ਅਸਮਰੱਥ ਹੈਮੇਅਰ ਜੋਤੀ ਗੋਂਡੇਕ ਨੇ ਇੱਕ ਪੋਸਟ ਵਿੱਚ ਕਿਹਾ ਕਿ "ਆਪਣੇ ਸਿਰਾਂ ਉੱਤੇ ਛੱਤ ਲੱਭਣ ਅਤੇ ਛੱਤ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਕਰ ਰਹੇ ਲੋਕਾਂ ਦੀਆਂ ਕਹਾਣੀਆਂ ਦਿਲ ਨੂੰ ਧੂਹ ਪਾਉਣ ਵਾਲੀਆਂ ਹਨ। ਨਵੀਂ ਯੋਜਨਾ ਤਹਿਤ 3,000 ਨਵੇਂ ਗੈਰ-ਮਾਰਕੀਟ ਘਰ ਬਣਾਉਣ ਅਤੇ ਪ੍ਰਤੀ ਸਾਲ ਵਾਧੂ 1,000 ਘਰਾਂ ਦੇ ਨਾਲ ਮਾਰਕੀਟ ਦੀ ਸਹਾਇਤਾ ਕਰਨ ਲਈ ਇੱਕ ਸਪਸ਼ਟ ਨੀਤੀ ਤਿਆਰ ਕੀਤੀ ਗਈ ਹੈ।ਹੁਣ ਨਵੀਂ ਸਿਫ਼ਾਰਿਸ਼ ਵਿੱਚ ਡਿਫਾਲਟ ਜ਼ੋਨਿੰਗ ਨੂੰ ਰੋਅ-ਹਾਊਸ-ਗਰਾਊਂਡ ਓਰੀਐਂਟਡ (ਆਰ-ਸੀਜੀ) ਜ਼ੋਨ ਵਿੱਚ ਵੀ ਬਦਲ ਦਿੱਤਾ ਗਿਆ ਹੈ, ਜੋ ਉੱਥੇ ਸਿੰਗਲ, ਅਰਧ-ਡਿਟੈਚਡ, ਰੋਅ ਅਤੇ ਟਾਊਨਹਾਊਸ ਬਣਾਉਣ ਦੀ ਇਜਾਜ਼ਤ ਦੇਵੇਗਾ।ਰੋਅ-ਹਾਊਸ ਬਿਲਡਿੰਗ ਵਿੱਚ ਤਿੰਨ ਤੋਂ ਵੱਧ ਯੂਨਿਟ ਹੁੰਦੇ ਹਨ ਅਤੇ ਅੰਦਰ ਇੱਕ ਸੈਕੰਡਰੀ ਸੂਇਟ ਜਾਨੀ ਬੇਸਮੈਂਟ ਹੋ ਸਕਦਾ ਹੈ।

ਪੰਜਾਬੀ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ

ਸਰੀ(ਪੰਜਾਬੀ ਅਖ਼ਬਾਰ ਬਿਊਰੋ) ਆਰ ਸੀ ਐਮ ਪੀ ਨੇ ਬੀਤੇ ਦਿਨੀ ਬੀਸੀ ਦੇ ਬਰਨਬੀ ਸਹਿਰ ਵਿੱਚ ਗੋਲੀਆਂ ਮਾਰ ਕੇ ਮਾਰੇ ਗਏ ਨੌਜਵਾਨ ਦੀ ਪਛਾਣ ਕਰ ਲਈ ਹੈ।

ਮ੍ਰਿਤਕ ਦੀ ਪਛਾਣ 29 ਸਾਲ ਦੇ ਗਗਨਦੀਪ ਸੰਧੂ ਵੱਜੋਂ ਕੀਤੀ ਗਈ ਹੈ। ਗਗਨਦੀਪ ਬੀਸੀ ਦੇ ਐਬਟਸਫਰਡ ਸਹਿਰ ਦਾ ਰਹਿਣ ਵਾਲਾ ਸੀ। ਪੁਲਿਸ ਅਨੁਸਾਰ ਸ਼ੁਰੂਆਤੀ ਸਬੂਤ ਇਹ ਇਸ਼ਾਰਾ ਕਰਦੇ ਹਨ ਕਿ ਇਹ ਕਤਲ ਇੱਕ ਗਿਣਮਿੱਥ ਕੇ ਅੰਜਾਮ ਦਿੱਤੀ ਗਈ ਵਾਰਦਾਤ ਹੈ। ਆਰ ਸੀ ਐਮ ਪੀ ਵੱਲੋਂ ਜਾਰੀ ਬਿਆਨ ਅਨੁਸਾਰ, ਜਦੋਂ ਪੁਲਿਸ 3433 ਨੌਰਥ ਰੋਡ 'ਤੇ ਅੰਡਰਗ੍ਰਾਊਂਡ ਪਾਰਕਿੰਗ ਵਿੱਚ ਮੌਕਾ-ਏ-ਵਾਰਦਾਤ 'ਤੇ ਪਹੁੰਚੀ ਤਾਂ ਇੱਕ ਕਾਰ ਅੰਦਰ ਗਗਨਦੀਪ ਮ੍ਰਿਤਕ ਪਾਇਆ ਗਿਆ। ਘਟਨਾ ਤੋਂ ਕੁੱਝ ਦੇਰ ਬਾਅਦ ਹੀ ਪੁਲਿਸ ਨੂੰ ਗ੍ਰੀਨਵੁਡ ਸਟ੍ਰੀਟ ਅਤੇ ਬੇਨਬ੍ਰਿਜ ਐਵਨਿਊ ਨਜ਼ਦੀਕ ਇੱਕ ਵਾਹਨ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਇਹ ਘਟਨਾ ਕਤਲ ਦੇ ਘਟਨਾ ਸਥਾਨ ਤੋਂ ਕਰੀਬ 6 ਕਿਲੋਮੀਟਰ ਦੂਰ ਹੈ।ਪੁਲਿਸ ਨੂੰ ਇਸ ਜੰਗਲੀ ਇਲਾਕੇ ਤੋਂ ਅੱਗ ਵਿਚ ਸੜ ਚੁੱਕੀ ਕਾਲੇ ਰੰਗ ਦੀ ਹੌਂਡਾ ਪਾਇਲਟ ਐਸਯੂਵੀ ਮਿਲੀ ਅਤੇ ਪੁਲਿਸ ਦਾ ਮੰਨਣਾ ਹੈ ਕਿ ਇਹ ਗੋਲੀਬਾਰੀ ਨਾਲ ਸਬੰਧਤ ਹੋ ਸਕਦੀ ਹੈ।

ਕੈਲਗਰੀ ਡੇ-ਕੇਅਰ ਵਾਲੀ ਰਸੋਈ ਵਿੱਚੋਂ ਦੋ ਜਿੰਦਾ ਅਤੇ ਘੱਟੋ-ਘੱਟ 20 ਮਰੇ ਹੋਏ ਕਾਕਰੋਚ ਮਿਲੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਸਿਹਤ ਮੰਤਰੀ ਐਂਡਰੀਆਨਾ ਲਾਗਰੇਂਜ ਨੇ ਕੈਲਗਰੀ ਡੇ-ਕੇਅਰਜ਼ ਨਾਲ ਜੁੜੇ ਈ ਕੋਲੀ ਦੇ ਪ੍ਰਕੋਪ ਬਾਰੇ ਇੱਕ ਅਪਡੇਟ ਦਿੰਦਿਆਂ ਕੇਂਦਰੀ ਰਸੋਈ ਨੂੰ ਜਿੰਮੇਵਾਰ ਠਹਿਰਾਉਣ ਨਾਲ ਇਸ ਗੱਲ ਉੱਪਰ ਪੱਕੀ ਮੋਹਰ ਲੱਗ ਗਈ ਹੈ ਕਿ ਇਹ ਬਿਮਾਰੀ ਰਸੋਈ ਤੋਂ ਹੀ ਸ਼ੁਰੂ ਹੋਈ ਹੈ।

ਅਲਬਰਟਾ ਦੇ ਸਿਹਤ ਸਬੰਧੀ ਮੁੱਖ ਮੈਡੀਕਲ ਅਫਸਰ ਨੇ ਕਿਹਾ ਕਿ ਈ ਕੋਲੀ ਦੇ ਪ੍ਰਕੋਪ ਤੋਂ ਪ੍ਰਭਾਵਿਤ ਕੈਲਗਰੀ ਡੇ-ਕੇਅਰਜ਼ ਦੀ ਸੇਵਾ ਕਰਨ ਵਾਲੀ ਕੇਂਦਰੀ ਰਸੋਈ ਵਿੱਚ ਇੰਸਪੈਕਟਰਾਂ ਨੂੰ ਤਿੰਨ ਗੰਭੀਰ ਉਲੰਘਣਾਵਾਂ ਨਜ਼ਰੀ ਪਈਆਂ ਹਨ।

ਡਾਕਟਰ ਮਾਰਕ ਜੋਫੇ ਨੇ ਕਿਹਾ ਕਿ ਭੋਜਨ ਸੰਭਾਲਣ, ਸਵੱਛਤਾ ਅਤੇ ਪੈਸਟ-ਕੰਟਰੋਲ ਨਾਲ ਸਬੰਧਤ 5 ਸਤੰਬਰ ਨੂੰ ਕੀਤੇ ਗਏ ਨਿਰੀਖਣ ਤੋਂ ਇਹਨਾਂ ਅਣਗਹਿਲੀਆਂ ਸਬੰਧੀ ਪਤਾ ਲੱਗਾ ਹੈ, ਨਾਲ ਹੀ ਗੰਧ ਅਤੇ ਬਰਤਨ ਸਟੋਰੇਜ ਨਾਲ ਸਬੰਧਤ ਦੋ ਗੈਰ-ਨਾਜ਼ੁਕ ਅਣਗਹਿਲੀਆਂ ਵੀ ਸਨ.

ਇੱਕ ਆਪਰੇਟਰ ਨੇ ਇੰਸਪੈਕਟਰ ਨੂੰ ਇਹ ਵੀ ਦੱਸਿਆ ਕਿ ਠੰਡੇ ਭੋਜਨ ਨੂੰ 90 ਮਿੰਟ ਜਾਂ ਇਸ ਤੋਂ ਵੱਧ ਸਮੇਂ ਲਈ ਤਾਪਮਾਨ ਕੰਟਰੋਲ ਤੋਂ ਬਿਨਾਂ ਹੋਰ ਥਾਵਾਂ 'ਤੇ ਲਿਜਾਇਆ ਜਾ ਰਿਹਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭੋਜਨ ਨੂੰ ਇਸ ਤਰੀਕੇ ਨਾਲ ਸੰਭਾਲਿਆ ਨਹੀਂ ਜਾ ਰਿਹਾ ਸੀ ਜਿਸ ਨਾਲ ਇਹ ਖਾਣਾ ਸੁਰੱਖਿਅਤ ਹੋਵੇ। ਇੰਸਪੈਕਟਰ ਨੂੰ ਸਟਿੱਕੀ ਪੈਡਾਂ 'ਤੇ ਦੋ ਜਿੰਦਾ ਬਾਲਗ ਕਾਕਰੋਚ ਅਤੇ ਘੱਟੋ-ਘੱਟ 20 ਮਰੇ ਹੋਏ ਕਾਕਰੋਚ ਵੀ ਮਿਲੇ ਹਨ।

ਵਾਇਰਸ ਦੇ ਸਹੀ ਸਰੋਤ ਦਾ ਪਤਾ ਲਗਾਉਣ ਲਈ ਅਲਬਰਟਾ ਹੈਲਥ ਸਰਵਿਸਿਜ਼ ਵੱਲੋਂ ਪਬਲਿਕ ਹੈਲਥ ਲੈਬ ਵਿੱਚ ਕੇਂਦਰੀ ਰਸੋਈ ਤੋਂ 11 ਅਤੇ ਡੇ-ਕੇਅਰ ਸਾਈਟਾਂ ਤੋਂ ਅੱਠ ਭੋਜਨ ਦੇ ਨਮੂਨਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

ਬਾਬਾ ਫਰੀਦ ਜੀ ਦੀ ਯਾਦ ਨੂੰ ਸਮਰਪਿਤ ਕੈਲਗਰੀ ਅਤੇ ਐਡਮਿੰਟਨ ਗੁਰੂਘਰ ਵਿਖੇ ਤਿੰਨ ਦਿਨਾ ਸਮਾਗਮ ਹੋਣਗੇ

ਕੈਲਗਰੀ/ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਅਤੇ ਐਡਮਿੰਟਨ ਵਿੱਚ ਵੱਸਦੀਆਂ ਸਮੂਹ ਸਿੱਖ ਸੰਗਤਾਂ ਵੱਲੋ ਹਰ ਸਾਲ ਦੀ ਤਰਾਂ ਇਸ ਸਾਲ ਵੀ ਬਾਬਾ ਫਰੀਦ ਜੀ ਦੀ ਯਾਦ ਵਿੱਚ ਗੁਰਦੁਆਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਅਤੇ ਗੁਰੂਦਵਾਰਾ ਸਿੰਘ ਸਭਾ ਐਡਮਿੰਟਨ ਵਿਖੇ ਮਿਤੀ 22 ਸਤੰਬਰ 2023 ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ । ਜਿਹਨਾ ਦੇ ਭੋਗ 24 ਸਤੰਬਰ 2023 ਦਿਨ ਐਤਵਾਰ ਨੂੰ ਪਾਏ ਜਾਣਗੇ । ਭੋਗ ਉਪਰੰਤ ਗੁਰੂਜੱਸ ਗਾਇਨ ਕਰਨ ਲਈ ਕੀਰਤਨ ਅਤੇ ਢਾਡੀ ਦਰਬਾਰ ਸਜਣਗੇ। ਸਮੂਹ ਕੈਲਗਰੀ ਅਤੇ ਐਡਮਿੰਟਨ ਵਾਸੀਆਂ ਨੂੰ ਬੇਨਤੀ ਹੈ ਕਿ ਤਿੰਨੋ ਦਿਨ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ । ਤਿੰਨੋ ਦਿਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ । ਵਧੇਰੇ ਜਾਣਕਾਰੀ ਲਈ ਕੈਲਗਰੀ ਵਿੱਚ ਜਸਪਾਲ ਸੇਖੋਂ 403 466 1400,ਬਲਜਿੰਦਰ ਸੰਧੂ403 831 1111, ਦਲਜੀਤ ਰੋਮਾਣਾ 403 903 2931 ਜਾਂ ਗੁਰਮੀਤ ਗਿੱਲ ਨਾਲ 403 818 2821 ਅਤੇ ਐਡਮਿੰਟਨ ਵਿਖੇ ਗੁਰਜੀਤ ਕੌਰ ਨਾਲ 780-490-0278, ਪਾਸ਼- 780-461-1946, ਮਨਪ੍ਰੀਤ ਸੰਧੂ- 780-463-0866 ਜਾਂ ਲਖਬੀਰ ਗਿੱਲ - 780-461-6161 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

ਘਰਾਂ ਦੀਆਂ ਵਧੀਆਂ ਹੋਈਆਂ ਕੀਮਤਾਂ 'ਤੇ ਹਾਊਸ ਆਫ਼ ਕਾਮਨਜ਼ ਵਿੱਚ ਟਰੂਡੋ ਅਤੇ ਪੋਲੀਵਰ ਵਿਚਾਲੇ ਤਿੱਖੀ ਬਹਿਸ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਇੱਕ ਵਾਰ ਫਿਰ ਤੋਂ ਹਾਊਸ ਆਫ਼ ਕਾਮਨਜ਼ ਦਾ ਸੈਸ਼ਨ ਸ਼ੁਰੂ ਹੋ ਗਿਆ ਹੈ ਅਤੇ ਜਿਵੇਂ ਕਿ ਉਮੀਦ ਕੀਤੀ ਜਾ ਰਹੀ ਸੀ ਕਿ ਸੈਸ਼ਨ ਦੌਰਾਨ ਕੈਨੇਡਾ ਵਿੱਚ ਤੇਜ਼ੀ ਨਾਲ ਵਧੀ ਹੋਈ ਮਹਿੰਗਾਈ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਏ ਘਰਾਂ ਦਾ ਮੁੱਦਾ ਗਰਮਾਇਆ ਰਹੇਗਾ ਤਾਂ ਉਸੇ ਅਨੁਸਾਰ ਹੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਪਰ ਤਿੱਖੇ ਸ਼ਬਦੀ ਹਮਲੇ ਕਰਦੇ ਹੋਏ ਆਖਿਆ ਕਿ ਟਰੂਡੋ ਦੇ ਅੱਠ ਸਾਲ ਦੇ ਕਾਰਜਕਾਲ ਦੌਰਾਨ ਘਰਾਂ ਦੀਆਂ ਕੀਮਤਾਂ ਤੇ ਮੋਰਗੇਜ ਦੁੱਗਣੀਆਂ ਹੋ ਗਈਆਂ ਹਨ। ਜਿਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਨੇ ਓਨਟਾਰੀਓ ਦੇ ਲੰਡਨ ਸ਼ਹਿਰ ਦੀ ਉਦਾਹਰਨ ਦਿੰਦਿਆਂ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਸ਼ਹਿਰਾਂ 'ਚ ਨਵੇਂ ਘਰਾਂ ਦੀ ਉਸਾਰੀ ਲਈ ਫੰਡਿੰਗ ਦਿੱਤੀ ਜਾ ਰਹੀ ਹੈ।

ਖ਼ੁਦ ਐੱਚ-1ਬੀ ਪ੍ਰੋਗਰਾਮ ਦਾ 29 ਵਾਰ ਇਸਤੇਮਾਲ ਕੀਤਾ ਪਰ ਹੁਣ ਕਹਿੰਦਾ ਇਹ ਗੁਲਾਮੀ ਐ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਦਾਅਵੇਦਾਰ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਬੱਝਵੀਂ ਗੁਲਾਮੀ ਦੱਸਦੇ ਹੋਏ 2024 ਵਿੱਚ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਲਾਟਰੀ ਆਧਾਰਿਤ ਪ੍ਰਣਾਲੀ ਨੂੰ ਖ਼ਤਮ ਕਰਨ ਅਤੇ ਇਸ ਦੀ ਥਾਂ ਯੋਗਤਾ ਆਧਾਰਿਤ ਪ੍ਰਵੇਸ਼ ਪ੍ਰਣਾਲੀ ਲਿਆਉਣ ਦਾ ਵਾਅਦਾ ਕੀਤਾ ਹੈ। ਭਾਰਤੀ ਸੂਚਨਾ ਤਕਨਾਲੋਜੀ ਪੇਸ਼ੇਵਰਾਂ ਵਿੱਚ ਕਾਫ਼ੀ ਜ਼ਿਆਦਾ ਮਕਬੂਲ ਐੱਚ-1ਬੀ ਵੀਜ਼ਾ ਇੱਕ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਪੇਸ਼ੇਵਰਾਂ ਨੂੰ ਅਜਿਹੇ ਅਹੁਦਿਆਂ 'ਤੇ ਨਿਯੁਕਤੀ ਦਾ ਅਧਿਕਾਰ ਦਿੰਦਾ ਹੈ ਜਿਨ੍ਹਾਂ ਵਿੱਚ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਰਾਮਾਸਵਾਮੀ ਨੇ ਖ਼ੁਦ ਐੱਚ-1ਬੀ ਪ੍ਰੋਗਰਾਮ ਦਾ 29 ਵਾਰ ਇਸਤੇਮਾਲ ਕੀਤਾ ਹੈ। ਅਖਬਾਰ 'ਦਿ ਪੋਲੀਟਿਕੋ' ਦੀ ਖ਼ਬਰ ਮੁਤਾਬਕ 2018 ਤੋਂ 2023 ਤੱਕ ਅਮਰੀਕਾ ਨਾਗਰਿਕ ਤੇ ਇਮੀਗ੍ਰੇਸ਼ਨ ਸੇਵਾ ਨੇ ਕਾਮਿਆਂ ਨੂੰ ਐੱਚ-1ਬੀ ਵੀਜ਼ਾ ਪ੍ਰੋਗਰਾਮ ਤਹਿਤ ਭਰਤੀ ਕਰਨ ਲਈ ਰਾਮਾਸਵਾਮੀ ਦੀ ਪਿਛਲੀ ਕੰਪਨੀ ਰੌਇਵੈਂਟ ਸਾਇੰਸਿਜ਼ ਨੂੰ 29 ਵਾਰ ਮਨਜ਼ੂਰੀ ਦਿੱਤੀ ਹੈ।

ਅਮਰੀਕੀ ਬੁਲੀ ਯ਼ ਨਸਲ ਦੇ ਕੁੱਤੇ 'ਤੇ ਬਰਤਾਨੀਆ ਵਿਚ ਰੱਖਣ ਤੇ ਮੁਕਮੰਲ ਪਾਬੰਦੀ ਲਾਉਣ ਦਾ ਐਲਾਨ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀਂ ਕੁੱਤੇ ਦੇ ਹਮਲੇ ਕਾਰਨ ਇੱਕ ਵਿਅਕਤੀ ਦੀ ਮੌਤ ਤੋਂ ਬਾਅਦ ਯੂ ਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਅਮਰੀਕੀ ਬੁਲੀ ਯ਼ ਨਸਲ ਦੇ ਕੁੱਤੇ 'ਤੇ ਬਰਤਾਨੀਆ ਵਿੱਚ ਰੱਖਣ ਤੇ ਮੁਕਮੰਲ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਰਿਸ਼ੀ ਸੁਨਕ ਨੇ ਕਿਹਾ ਕਿ ਇਸ ਨਸਲ ਦੇ ਕੁੱਤੇ ਸਾਡੇ ਭਾਈਚਾਰਿਆਂ, ਖਾਸ ਤੌਰ 'ਤੇ ਸਾਡੇ ਬੱਚਿਆਂ ਲਈ ਖ਼ਤਰਾ ਹਨ ਅਤੇ ਸਾਲ ਦੇ ਅੰਤ ਤੱਕ ਇਸ 'ਤੇ ਪਾਬੰਦੀ ਲਗਾ ਦਿੱਤੀ ਜਾਵੇਗੀ। ਵਰਨਣਯੋਗ ਹੈ ਕਿ ਵੀਰਵਾਰ ਨੂੰ ਵਾਲਸਾਲ ਵਿੱਚ ਦੋ ਕੁੱਤਿਆਂ ਦੁਆਰਾ ਹਮਲੇ 'ਚ ਬੁਰੀ ਤਰਾਂ ਜ਼ਖਮੀਂ ਹੋਏ ਵਿਅਕਤੀ ਦੀ ਮੌਤ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਹੈ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਡਰਾਈਵਰ ਨੇ ਔਰਤ ਦੇ ਮੂੰਹ 'ਤੇ ਥੁੱਕਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਡਰਾਈਵਰ ਨੇ ਇੱਕ ਔਰਤ ਨਾਲ ਬੁਰਾ ਵਿਵਹਾਰ ਕੀਤਾ ਹੈ, ਜਿਸ ਦੀ ਵੀਡੀ? ਵਾਇਰਲ ਹੋ ਗਈ ਹੈ। ਦਰਅਸਲ, ਲੰਡਨ ਵਿੱਚ ਇੱਕ ਔਰਤ ਨੇ ਨਵਾਜ਼ ਦੀ ਕਾਰ ਨੂੰ ਰਾਹ ਵਿੱਚ ਰੋਕਿਆ ਅਤੇ ਉਨ੍ਹਾਂ ਨੂੰ ਇੱਕ ਸਵਾਲ ਪੁੱਛਿਆ, ਜਿਸ ਕਾਰਨ ਨਵਾਜ਼ ਦੇ ਡਰਾਈਵਰ ਨੇ ਔਰਤ ਦੇ ਮੂੰਹ 'ਤੇ ਥੁੱਕ ਦਿੱਤਾ।

ਜਾਣਕਾਰੀ ਮੁਤਾਬਕ ਲੰਡਨ ਵਿੱਚ ਔਰਤ ਨੇ ਨਵਾਜ਼ ਦੀ ਉਸ ਕਾਰ ਵੱਲ ਰੁਕਣ ਲਈ ਹੱਥ ਹਿਲਾ ਦਿੱਤਾ, ਜਿਸ ਵਿੱਚ ਉਹ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਸਫਰ ਕਰ ਰਹੇ ਸਨ। ਉਸ ਦਾ ਡਰਾਈਵਰ ਕਾਰ ਚਲਾ ਰਿਹਾ ਸੀ। ਇਸ ਦੌਰਾਨ ਇੱਕ ਔਰਤ ਨੇ ਆਪਣੇ ਮੋਬਾਈਲ ਫੋਨ 'ਤੇ ਘਟਨਾ ਦੀ ਰਿਕਾਰਡਿੰਗ ਕਰਦੇ ਹੋਏ ਉਥੇ ਪਹੁੰਚ ਕੇ ਨਵਾਜ਼ ਸ਼ਰੀਫ ਨੂੰ ਪੁੱਛਿਆ ਕਿ ਕੀ ਉਹ ਭ੍ਰਿਸ਼ਟ ਹਨ ? ਇਸ ਤੋਂ ਬਾਅਦ ਡਰਾਈਵਰ ਨੇ ਕਾਰ ਵਿੱਚੋਂ ਆਪਣਾ ਸਿਰ ਕੱਢਿਆ, ਔਰਤ ਦੇ ਮੂੰਹ 'ਤੇ ਥੁੱਕਿਆ, ਖਿੜਕੀ ਦਾ ਸ਼ੀਸ਼ਾ ਉਪਰ ਕੀਤਾ ਅਤੇ ਅੱਗੇ ਵਧ ਗਿਆ। ਡਾਕਟਰ ਫਾਤਿਮਾ ਨਾਮ ਦੀ ਯੂਜ਼ਰ ਨੇ ਇਸ ਘਟਨਾ ਦੀ ਵੀਡੀ? ਸੋਸ਼ਲ ਮੀਡੀਆ ਹੈਂਡਲ ਟਵਿੱਟਰ ਯਾਨੀ ਐਕਸ 'ਤੇ ਪੋਸਟ ਕੀਤੀ ਹੈ।

ਟਰੂਡੋ ਨੇ 2,000 ਨਵੇਂ ਘਰ ਬਣਾਉਣ ਵਿੱਚ ਮਦਦ ਲਈ 74 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਹਾਊਸਿੰਗ ਦੀ ਸੱਮਸਿਆ ਨਾਲ ਜੂਝ ਰਹੇ ਕੈਨੇਡਾ ਵਾਸੀਆਂ ਨੂੰ ਰਾਹਤ ਦੇਣ ਦੇ ਮਕਸਦ ਨਾਲ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਫੈਡਰਲ ਸਰਕਾਰ ਨੇ ਵੱਖ ਵੱਖ ਸ਼ਹਿਰਾਂ ਨਾਲ ਸਮਝੌਤੇ ਕਰਨ ਦੀ ਸ਼ੁਰੂਆਤ ਕੀਤੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ?ਨਟਾਰੀ? ਦਾ ਸ਼ਹਿਰ ਲੰਡਨ, ਹਾਊਸਿੰਗ ਐਕਸੀਲੇਟਰ ਫੰਡ ਦੇ ਤਹਿਤ ਉਨ੍ਹਾਂ ਦੀ ਸਰਕਾਰ ਨਾਲ ਸਮਝੌਤਾ ਕਰਨ ਵਾਲਾ ਕੈਨੇਡਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਲੰਡਨ ਦੇ ਨਾਲ ਸਮਝੌਤਾ ਸ਼ਹਿਰ ਨੂੰ 74 ਮਿਲੀਅਨ ਡਾਲਰ ਦੇ ਫੰਡ ਪ੍ਰਦਾਨ ਕਰੇਗਾ, ਜਿਸ ਨਾਲ ਇਸਨੂੰ ਰੀਜ਼ੋਨਿੰਗ ਦੀ ਲੋੜ ਤੋਂ ਬਿਨਾਂ ਆਉਂਦੇ ਤਿੰਨ ਸਾਲਾਂ ਵਿੱਚ ਸ਼ਹਿਰ ਵਿੱਚ 2,000 ਨਵੇਂ ਘਰ ਬਣਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਬਾਕੀ ਸ਼ਹਿਰਾਂ ਦੇ ਮੇਅਰਾਂ ਨੂੰ ਵੀ ਪ੍ਰੇਰਿਤ ਕੀਤਾ ਕਿ ਉਹ ਵੀ ਹਾਊਸਿੰਗ ਐਕਸੀਲੇਟਰ ਫੰਡ ਨਾਲ ਹਾਊਸਿੰਗ ਦੀ ਸਮੱਸਿਆ ਨੂੰ ਹਲ ਕਰਨ ਵਿੱਚ ਸਾਥ ਦੇਣ। ਲੰਡਨ ਦੇ ਮੇਅਰ ਜੋਸ਼ ਮੋਰਗਨ ਨੇ ਕਿਹਾ ਕਿ ਜਦੋਂ ਹਾਊਸਿੰਗ ਯੂਨਿਟ ਬਣਾਉਣ ਦੀ ਗੱਲ ਆਉਂਦੀ ਹੈ ਤਾਂ ਉਹ ਚਾਹੁੰਦੇ ਹਨ ਕਿ ਲੰਡਨ ਸ਼ਹਿਰ ਦਾ ਸਮਝੌਤਾ ਦੇਸ਼ ਦੇ ਬਾਕੀ ਹਿੱਸਿਆਂ ਲਈ ਇੱਕ ਮਿਸਾਲ ਕਾਇਮ ਕਰੇ ।

100ਕੁ ਪੰਜਾਬਣਾਂ ਜਦੋਂ ਏਅਰਡਰੀ ਦੇ ਪਾਰਕ ਵਿੱਚ ਪੁੱਜੀਆਂ ਤਾਂ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਦੀਆਂ ਮੈਂਬਰਾਂ ਦੀ ਪੁਰਜ਼ੋਰ ਮੰਗ ਤੇ ਸਤੰਬਰ ਮਹੀਨੇ ਦੀ ਮੀਟਿੰਗ ਵੀ ਖੁੱਲ੍ਹੇ ਅਸਮਾਨ ਹੇਠਾਂ ਕਰਨ ਦਾ ਫੈਸਲਾ ਕੀਤਾ ਗਿਆ। ਰੁੱਖਾਂ ਦੇ ਪੀਲੇ ਪੈ ਰਹੇ ਪੱਤੇ ਪੱਤਝੜ ਦੇ ਮੌਸਮ ਦੀ ਆਮਦ ਦਰਸਾ ਰਹੇ ਹਨ। ਇਸ ਵਾਰ ਮੌਸਮ ਦੀ ਤਬਦੀਲੀ ਨੇ ਅਜੇ ਠੰਢ ਨੂੰ ਦਸਤਕ ਨਹੀਂ ਦਿੱਤੀ ਲਗਦੀ। ਸੋ ਇਸ ਸੁਹਾਵਣੇ ਮੌਸਮ ਦਾ ਹੋਰ ਆਨੰਦ ਮਾਨਣ ਲਈ ਕੈਲਗਰੀ ਤੋਂ ਬਾਹਰ ਇਸ ਦੇ ਨਾਲ ਲਗਦੇ ਸ਼ਹਿਰ ਏਅਰਡਰੀ ਦੇ ਪਾਰਕ ਵਿੱਚ ਮਹੀਨਾਵਾਰ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਹੋਣ ਲਈ ਭੈਣਾਂ ਨੇ ਨਾਂ ਲਿਖਵਾਏ ਤਾਂ ਇੱਕ ਬੱਸ ਤੋਂ ਵੱਧਦੀ ਗਿਣਤੀ ਪੂਰੀਆਂ ਦੋ ਬੱਸਾਂ ਦੀ ਹੋ ਗਈ।ਸੋ 16 ਸਤੰਬਰ, ਸ਼ਨੀਵਾਰ ਨੂੰ ਸਵੇਰੇ ਦੱਸ ਵਜੇ ਜੈਨੇਸਜ਼ ਸੈਂਟਰ ਤੋਂ ਸਾਢੇ ਦੱਸ ਵਜੇ 100 ਕੁ ਭੈਣਾਂ ਦੋ ਬੱਸਾਂ ਵਿੱਚ ਸਵਾਰ ਹੋ ਏਅਰਡਰੀ ਪਾਰਕ ਨੂੰ ਰਵਾਨਾ ਹੋਈਆਂ। ਅੱਧੇ ਕੁ ਘੰਟੇ ਵਿੱਚ ਪਾਰਕ ਵਿੱਚ ਜਾ ਪਹੁੰਚੇ। ਕੁੱਝ ਨੇ ਬੈਂਚਾਂ ਉਪਰ ਥਾਂ ਜਾ ਮੱਲੀ ਅਤੇ ਕੁੱਝ ਚਟਾਈਆਂ ਤੇ ਚਾਦਰਾਂ ਵਿਛਾ ਰੁੱਖਾਂ ਦੀ ਠੰਢੀ ਛਾਂ ਹੇਠਾਂ ਹਰੇ ਘਾਹ ਉਪਰ ਡੇਰੇ ਲਾ ਲਏ। ਥੋੜ੍ਹੀ ਗੱਪਸ਼ਪ ਬਾਦ ਨਾਲ ਲਿਆਂਦੇ ਵੰਨ-ਸੁਵੰਨੇ ਪਕਵਾਨਾਂ ਦੀ ਖੁਸ਼ਬੂ ਨੇ ਭੁੱਖ ਚਮਕਾ ਦਿੱਤੀ ਤਾਂ ਖਾਣ ਪੀਣ ਦਾ ਕੰਮ ਨਬੇੜਨ ਦਾ ਕੰਮ ਸ਼ੁਰੂ ਹੋ ਗਿਆ। ਖਾਣਾ ਖਾਣ ਤੋਂ ਬਾਦ ਸਭ ਭੈਣਾਂ ਇੱਕ ਥਾਂ ਇੱਕਠੀਆਂ ਬੈਠ ਗਈਆਂ। ਅੱਜ ਦੀ ਮੀਟਿੰਗ ਵਿੱਚ ਬਹੁਤ ਸਾਰੀਆਂ ਭੈਣਾਂ ਨਵੀਆਂ ਸ਼ਾਮਲ ਹੋਈਆਂ ਸਨ। ਗੁਰਚਰਨ ਥਿੰਦ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਸਭਾ ਦੇ ਉਦੇਸ਼ਾਂ ਅਤੇ ਕਾਰਵਾਈਆਂ ਸਬੰਧੀ ਸੰਖੇਪ ਜਾਣਕਾਰੀ ਦਿੱਤੀ। ਬਲਵਿੰਦਰ ਬਰਾੜ ਨੇ ਸਭ ਭੈਣਾਂ ਦਾ ਇਸ ਤਰ੍ਹਾਂ ਹੁੰਮ-ਹੁਮਾ ਕੇ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਨਵੇਂ ਆਏ ਮੈਂਬਰਾਂ ਦਾ ਸਭਾ ਵਿੱਚ ਸਵਾਗਤ ਕੀਤਾ। ਉਨ੍ਹਾਂ ਦੱਸਿਆ ਕਿ ਇਹ ਸਭਾ ਔਰਤਾਂ ਨੂੰ ਇੱਕਠੇ ਬੈਠਣ ਅਤੇ ਘਰ ਦੇ ਮਾਹੌਲ ਤੋਂ ਬਾਹਰ ਨਿਕਲ ਆਪਣੇ ਮਨ ਦੀ ਗੱਲ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।ਉਪਰੰਤ ਗੁਰਚਰਨ ਥਿੰਦ ਨੇ ਸਭਾ ਵਲੋਂ 26 ਨਵੰਬਰ, ਐਤਵਾਰ ਨੂੰ ਕਰਵਾਏ ਜਾਣ ਵਾਲੇ ਸਭਾ ਦੇ ਸਲਾਨਾ ਸਮਾਗਮ 'ਲੋਕ ਕੀ ਕਹਿਣਗੇ!' ਬਾਰੇ ਸੂਚਿਤ ਕੀਤਾ। ਨਵੇਂ ਆਏ ਮੈਂਬਰਾਂ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ। ਗੁਰਦੀਸ਼ ਗਰੇਵਾਲ ਨੇ ਆਪਣੀ ਕਵਿਤਾ ਸਾਂਝੀ ਕੀਤੀ। ਭੈਣਾਂ ਨੇ ਬੋਲੀਆਂ ਪਾਈਆਂ ਤਾਂ ਖ਼ੁਦ-ਬਖ਼ੁਦ ਗਿੱਧੇ ਦਾ ਪਿੜ ਮੱਘ ਉੱਠਿਆ। ਠੰਢੀ ਠੰਢੀ ਵਗਦੀ ਹਵਾ ਨੇ ਮਾਹੌਲ ਹੋਰ ਵੀ ਖੁਸ਼ਗਵਾਰ ਬਣਾ ਦਿੱਤਾ। ਕਈ ਜਣੀਆਂ ਫੁਹਾਰੇ ਵਾਲੀ ਝੀਲ ਦੇ ਚੁਫ਼ੇਰੇ ਸੈਰ ਦਾ ਆਨੰਦ ਮਾਨਣ ਚਲੇ ਗਈਆਂ। ਛੋਟੇ ਛੋਟੇ ਟੋਲੇ ਇੱਧਰ ਉੱਧਰ ਖਿੰਡਰ ਗਏ। ਹਰ ਕੋਈ ਬਰਫ਼ਾਨੀ ਠੰਢ ਤੋਂ ਪਹਿਲਾਂ ਦੇ ਇਸ ਆਖਰੀ ਫੇਰੇ ਦਾ ਆਪਣੀ ਮਨਮਰਜ਼ੀ ਨਾਲ ਆਨੰਦ ਮਾਣਦਾ ਵਿਖਾਈ ਦੇ ਰਿਹਾ ਸੀ। ਤਿੰਨ ਕੁ ਵਜੇ ਬੱਸਾਂ ਵਿੱਚ ਬੈਠ ਵਾਪਸ ਘਰਾਂ ਵੱਲ ਨੂੰ ਮੁੜ ਪਏ। ਜਿੰਵੇਂ ਗਾਉਂਦੀਆਂ ਵਜਾਉਂਦੀਆਂ ਭੈਣਾਂ ਗਈਆਂ ਸਨ ਉਵੇਂ ਹੀ ਵਾਪਸ ਜੈਨੇਸਜ਼ ਸੈਂਟਰ ਪਹੁੰਚ ਗਈਆਂ।

ਪਾਕਿ ’ਚ ਬਾਬੇ ਨਾਨਕ ਦੀ ਰਸੋਈ ਬਣੀ ਭਾਈਚਾਰਕ ਸਾਂਝ ਦਾ ਪ੍ਰਤੀਕ

ਕਰਤਾਰਪੁਰ ਸਾਹਿਬ (ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ ਵਿਖੇ ਸਥਿਤ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਅਸਥਾਨ ਗੁਰਦੁਆਰਾ ਕਰਤਾਰਪੁਰ ਸਾਹਿਬ ਭਾਈਚਾਰਕ ਸਾਂਝ ਦਾ ਪ੍ਰਤੀਕ ਬਣ ਗਿਆ ਹੈ। ਇੱਥੇ ਲੰਗਰ ਹਾਲ ’ਚ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਇਕਜੁੱਟ ਹੋ ਲੰਗਰ ਦੀ ਸੇਵਾ ਕਰਦੇ ਦਿਖਾਈ ਦਿੱਤੇ। ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸੇਵਾ-ਸੰਭਾਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾਂਦੀ ਹੈ ਅਤੇ ਉੱਥੇ ਰੋਜ਼ਾਨਾ ਹੀ ਦਰਸ਼ਨਾਂ ਲਈ ਭਾਰਤ ਸਮੇਤ ਹੋਰਨਾਂ ਦੇਸ਼ਾਂ ਤੋਂ ਸ਼ਰਧਾਲੂ ਪੁੱਜਦੇ ਹਨ। ਗੁਰਦੁਆਰਾ ਸਾਹਿਬ ’ਚ ਲੰਗਰ ਦੀ ਸੇਵਾ ਜਿੱਥੇ ਸਿੱਖ ਸ਼ਰਧਾਲੂਆਂ ਵਲੋਂ ਕੀਤੀ ਜਾਂਦੀ ਹੈ, ਉੱਥੇ ਰੋਜ਼ਾਨਾ ਮੁਸਲਮਾਨ, ਹਿੰਦੂ ਤੇ ਈਸਾਈ ਭਾਈਚਾਰੇ ਦੇ ਲੋਕਾਂ ਦੀ ਵੀ ਡਿਊਟੀ ਲੱਗੀ ਹੋਈ ਹੈ, ਜੋ ਕਿ ਸੰਗਤ ਲਈ ਲੰਗਰ ਤਿਆਰ ਕਰ ਉਸ ਨੂੰ ਵਰਤਾਉਂਦੇ ਵੀ ਹਨ। ਗੁਰਦੁਆਰਾ ਸਾਹਿਬ ’ਚ ਲੰਗਰ ਨੂੰ ਪਕਾਉਣ ਤੇ ਵਰਤਾਉਣ ਦੀ ਸੇਵਾ ਕਰ ਰਹੇ ਅਮਾਨਤ, ਬੂਟਾ ਰਾਮ, ਕਨਵਰ ਸਾਂਈ ਦਾਸ, ਸਮੀਨਾ, ਸਾਜੀਆ, ਸੰਦੀਪ ਸਿੰਘ, ਕੈਥਲੀਆ ਤੇ ਸ਼ੀਬਾ ਨੇ ਦੱਸਿਆ ਕਿ ਉਨ੍ਹਾਂ ਨੂੰ ਬਾਬੇ ਨਾਨਕ ਦੇ ਘਰ ਆ ਸੇਵਾ ਕਰ ਕੇ ਬੜੀ ਆਤਮਿਕ ਸ਼ਾਂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ਾਂ-ਵਿਦੇਸ਼ਾਂ ਤੋਂ ਜੋ ਸਿੱਖ ਸੰਗਤ ਆਉਂਦੀ ਹੈ, ਉਹ ਵੀ ਬਾਬੇ ਨਾਨਕ ਦੀ ਰਸੋਈ ’ਚ ਤਿਆਰ ਕੀਤਾ ਲੰਗਰ ਬੜੀ ਸ਼ਰਧਾ ਨਾਲ ਛੱਕਦੇ ਹਨ। ਸੇਵਾਦਾਰਾਂ ਨੇ ਦੱਸਿਆ ਕਿ ਬਾਬੇ ਨਾਨਕ ਦੇ ਘਰ ’ਚ ਕੋਈ ਜਾਤ, ਪਾਤ ਦਾ ਭੇਦਭਾਵ ਨਹੀਂ ਅਤੇ ਬਾਣੀ ਵਿੱਚ ਲਿਖਿਆ ਸੰਦੇਸ਼ ‘ਮਾਨਸ ਕੀ ਜਾਤ ਸਬੈ ਏਕ ਪਹਿਚਾਨਬੋ’ ਦੇ ਅਧਾਰ ’ਤੇ ਉਹ ਸਾਰੇ ਇਕਜੁੱਟ ਹੋ ਕੇ ਇੱਥੇ ਸੇਵਾ ਕਰਦੇ ਆ ਰਹੇ ਹਨ। ਪਾਕਿਸਤਾਨ ਵਿਖੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਲੰਗਰ ਹਾਲ ’ਚ ਜਿੱਥੇ ਸਾਰੇ ਧਰਮਾਂ ਦੇ ਲੋਕ ਸੇਵਾ ਕਰ ਲੰਗਰ ਤਿਆਰ ਕਰ ਰਹੇ ਹਨ, ਉੱਥੇ ਸਫ਼ਾਈ ਤੇ ਹੋਰ ਪ੍ਰਬੰਧਾਂ ਨੂੰ ਦੇਖ ਕੇ ਭਾਰਤ ਤੋਂ ਗਏ ਸ਼ਰਧਾਲੂ ਵੀ ਖੁਸ਼ ਨਜ਼ਰ ਆਏ। ਇਸ ਮੌਕੇ ਜੱਥੇ ਨਾਲ ਗਏ ਭਾਜਪਾ ਆਗੂ ਤੇ ਸਾਬਕਾ ਵਿਧਾਇਕ ਇੰਦਰ ਇੱਕਬਾਲ ਸਿੰਘ ਅਟਵਾਲ ਨੇ ਲੰਗਰ ਹਾਲ ’ਚ ਸਫ਼ਾਈ ਅਤੇ ਵਧੀਆ ਢੰਗ ਨਾਲ ਸੇਵਾਦਾਰਾਂ ਵਲੋਂ ਤਿਆਰ ਕੀਤੇ ਸਮਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇੱਕਾਫ਼ ਬੋਰਡ ਇੱਥੇ ਸੁਸ਼ੋਭਿਤ ਗੁਰਦੁਆਰਾ ਸਾਹਿਬਾਨਾਂ ਦੀ ਬੜੇ ਸੁਚੱਜੇ ਢੰਗ ਨਾਲ ਸੇਵਾ ਸੰਭਾਲ ਕਰ ਰਿਹਾ ਹੈ।

ਅਮਰੀਕਾ ਦੇ ਬੌਰਡਰ ਪੈਟਰੋਲ ਏਜੰਟਾਂ ਨੇ 4,000 ਪੌਂਡ ਤੋਂ ਵੱਧ ‘ਭੰਗ’ ਕੀਤੀ ਜ਼ਬਤ

ਟੈਕਸਾਸ (ਪੰਜਾਬੀ ਅਖਬਾਰ ਬਿਊਰੋ)-ਅਮਰੀਕਾ ਦੇ ਬਾਰਡਰ ਪੈਟਰੋਲ ਏਜੰਟਾਂ ਨੇ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਬੀਤੇ ਦਿਨ ਲਾਰੇਡੋ ਟੈਕਸਾਸ ਵਿਖੇ ਯੂ.ਐੱਸ ਕਸਟਮਜ਼ ਅਤੇ ਬੌਰਡਰ ਪ੍ਰੋਟੈਕਸ਼ਨ ਦੇ ਅਫ਼ਸਰਾਂ ਨੇ ਵਰਲਡ ਟ੍ਰੇਡ ਬ੍ਰਿਜ ਵਿਖੇ ਚੈਕਿੰਗ ਦੇ ਦੌਰਾਨ 4,466 ਪੌਂਡ ਮਾਰਿਜੁਆਨਾ (ਭੰਗ) ਦੇ ਪੈਕੇਜ ਜ਼ਬਤ ਕੀਤੇ। ਫ਼ੀਲਡ ਅਫ਼ਸਰਾਂ ਨੇ ਚੈਕਿੰਗ ਆਪਰੇਸ਼ਨ ਦੌਰਾਨ ਜਦੋਂ ਇੱਕ ਟਰੈਕਟਰ ਟ੍ਰੇਲਰ ਰੋਕਿਆ ਅਤੇ ਉਸ ਦੀ ਜਾਂਚ ਸ਼ੁਰੂ ਕੀਤੀ ਤਾਂ ਉਸ ਵਿੱਚੋਂ 4,466 ਪੌਂਡ ਤੋਂ ਵੱਧ ਦੀ ਮਾਰਿਜੁਆਨਾ (ਭੰਗ) ਬਰਾਮਦ ਕੀਤੀ ਗਈ। ਨਿਰੀਖਣ ਦੌਰਾਨ ਸੀ.ਬੀ.ਪੀ ਅਧਿਕਾਰੀਆਂ ਨੂੰ ਟਰੈਕਟਰ ਟ੍ਰੇਲਰ ਵਿੱਚ ਕੁੱਲ 4,466 ਪੌਂਡ ਦੀ ਕਥਿਤ ਭੰਗ ਦੇ 177 ਬੰਦ ਸੀਲ ਪੈਕੇਜ ਮਿਲੇ। ਯੂ.ਐੱਸ ਕਸਟਮਜ਼ ਬੌਰਡਰ ਪ੍ਰੋਟੈਕਸ਼ਨ ਅਨੁਸਾਰ ਇਹ ਨਸ਼ੀਲੇ ਪਦਾਰਥ ਦੀ ਅੰਦਾਜ਼ਨ ਕੀਮਤ 9,904,204 ਡਾਲਰ ਦੇ ਕਰੀਬ ਬਣਦੀ ਹੈ।

ਕੋਟਕਪੂਰਾ ਗੋਲੀ ਕਾਂਡ ਮਾਮਲੇ ’ਚ ਜਾਂਚ ਟੀਮ ਵੱਲੋਂ ਚੌਥਾ ਚਲਾਨ ਪੇਸ਼

ਫ਼ਰੀਦਕੋਟ(ਪੰਜਾਬੀ ਅਖਬਾਰ ਬਿਊਰੋ)- ਕੋਟਕਪੂਰਾ ਗੋਲੀ ਕਾਂਡ ’ਚ ਵਿਸ਼ੇਸ਼ ਜਾਂਚ ਟੀਮ ਨੇ ਚੌਥਾ ਚਲਾਨ ਅਦਾਲਤ ’ਚ ਪੇਸ਼ ਕਰ ਦਿੱਤਾ।ਏਡੀਜੀਪੀ ਐੱਲ.ਕੇ. ਯਾਦਵ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਇਸ ਤੋਂ ਪਹਿਲਾਂ ਅਦਾਲਤ ’ਚ 3 ਚਲਾਨ ਪੇਸ਼ ਕਰ ਚੁੱਕੀ ਹੈ। ਜਾਣਕਾਰੀ ਅਨੁਸਾਰ 14 ਅਕਤੂਬਰ 2015 ਨੂੰ ਮੌਕੇ ’ਤੇ ਹਾਜ਼ਰ ਪੁਲੀਸ ਅਧਿਕਾਰੀਆਂ ਨੇ ਪਹਿਲਾਂ ਸ਼ਾਂਤਮਈ ਧਰਨੇ ਉਪਰ ਬੈਠੀਆਂ ਸੰਗਤ ’ਤੇ ਲਾਠੀਚਾਰਜ ਕੀਤਾ ਅਤੇ ਬਾਅਦ ’ਚ ਪੁਲੀਸ ਨੇ ਉਨ੍ਹਾਂ ’ਤੇ ਹੀ ਕਾਤਲਾਨਾ ਹਮਲਾ ਕਰਨ ਦੇ ਦੋਸ਼ ਤਹਿਤ ਕੇਸ ਦਰਜ ਕਰ ਲਿਆ ਸੀ। ਜਾਂਚ ਟੀਮ ਨੇ ਇਸ ਕੇਸ ਨੂੰ ਝੂਠਾ ਕਰਾਰ ਦਿੰਦਿਆਂ ਸਾਜ਼ਿਸ਼ ਤਹਿਤ ਝੂਠਾ ਦਰਜ ਕਰਨ ਦੇ ਦੋਸ਼ ਲਾਏ ਜਿਸ ਤਹਿਤ ਸਾਬਕਾ ਡੀਜੀਪੀ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਪੁਲੀਸ ਮੁਖੀ ਚਰਨਜੀਤ ਸ਼ਰਮਾ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਐਸਐਚਓ ਗੁਰਦੀਪ ਪੰਧੇਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ।ਜਾਂਚ ਟੀਮ ਇਸ ਕੇਸ ’ਚ ਤਿੰਨ ਚਲਾਨ ਪਹਿਲਾਂ ਅਦਾਲਤ ’ਚ ਪੇਸ਼ ਕਰ ਚੁੱਕੀ ਹੈ ਜਦਕਿ 22 ਪੰਨਿਆਂ ਦਾ ਇੱਕ ਹੋਰ ਚਲਾਨ ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ’ਚ ਪੇਸ਼ ਕੀਤਾ ਗਿਆ। ਅਦਾਲਤ ਨੇ ਜਾਂਚ ਟੀਮ ਵਲੋਂ ਪੇਸ਼ ਕੀਤੇ ਚਲਾਨ ਦੀ ਜਾਂਚ ਲਈ 16 ਸਤੰਬਰ ਨਿਰਧਾਰਿਤ ਕੀਤੀ ਹੈ। ਜ਼ਿਕਰਯੋਗ ਹੈ ਕਿ 14 ਅਕਤੂਬਰ 2015 ਨੂੰ ਥਾਣਾ ਸਿਟੀ ਕੋਟਕਪੂਰਾ ’ਚ ਦਰਜ ਹੋਏ ਮਾਮਲੇ ’ਚ ਪੁਲੀਸ ਅਧਿਕਾਰੀਆਂ ਖ਼ਿਲਾਫ਼ ਆਈਪੀਸੀ ਦੀਆਂ ਧਾਰਾਵਾਂ ਅਤੇ ਅਸਲਾ ਐਕਟ ਤਹਿਤ ਜੁਰਮਾਂ ਦਾ ਵਾਧਾ ਕਰ ਕੇ ਅਦਾਲਤ ’ਚ ਚਲਾਨ ਪੇਸ਼ ਕੀਤਾ ਗਿਆ ਹੈ। ਇਸ ਕੇਸ ’ਚ ਨਾਮਜ਼ਦ ਹੋਏ ਪੁਲੀਸ ਅਧਿਕਾਰੀਆਂ ਨੂੰ ਅਦਾਲਤ ਪਾਸੋਂ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ।

ਚਾਹ ਵੇਚਣ ਵਾਲੇ ਮੋਦੀ ਦੀ ਸੱਤਾ ਦੇ ਸਿਖਰ ’ਤੇ ਪਹੁੰਚਣ ਦੀ ਕਹਾਣੀ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਰੇਲਵੇ ਸਟੇਸ਼ਨ ’ਤੇ ਚਾਹ ਵੇਚਣ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਤਕ ਦਾ ਸਫ਼ਰ ਖ਼ੁਦ ’ਚ ਪ੍ਰੇਰਣਾਦਾਇਕ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਾ ਸਿਰਫ਼ ਭਾਰਤ ਸਗੋਂ ਕਿ ਦੁਨੀਆਂ ਦੀ ਇੱਕ ਅਹਿਮ ਸ਼ਖ਼ਸੀਅਤ ਬਣ ਚੁੱਕੇ ਹਨ। ਸੋਸ਼ਲ ਮੀਡੀਆ ’ਤੇ ਵੀ ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਗਿਣਤੀ ਘੱਟ ਨਹੀਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ’ਚ ਨਾ ਸਿਰਫ਼ ਭਾਸ਼ਣ ਦੇਣ ਦਾ ਕਮਾਲ ਹੁਨਰ ਹੈ ਸਗੋਂ ਉਨ੍ਹਾਂ ਨੂੰ ਸੁਣਨ ਵਾਲੇ ਵੀ ਮੰਤਰਮੁਗਧ ਹੋ ਜਾਂਦੇ ਹਨ। ਮੋਦੀ ਦਾ 17 ਸਤੰਬਰ ਨੂੰ ਜਨਮ ਦਿਨ ਸੀ। ਉਹ 70 ਸਾਲ ਦੇ ਹੋ ਗਏ ਹਨ। ਇਨ੍ਹਾਂ 70 ਸਾਲਾਂ ’ਚ ਪ੍ਰਧਾਨ ਮੰਤਰੀ ਨੇ ਆਪਣੀ ਜ਼ਿੰਦਗੀ ’ਚ ਕਈ ਉਤਾਰ-ਚੜ੍ਹਾਅ ਦੇਖੇ। ਇਸ ਗੱਲ ਨੂੰ ਕਹਿਣ ’ਚ ਕੋਈ ਅਤਿ ਕਥਨੀ ਨਹੀਂ ਹੈ ਕਿ ਭਾਜਪਾ ਪਾਰਟੀ ਦੇ ਬਣਨ ਮਗਰੋਂ ਪਾਰਟੀ ਨੂੰ ਇੰਨਾ ਲੋਕਪ੍ਰਿਯ ਨੇਤਾ ਕੋਈ ਨਹੀਂ ਮਿਲਿਆ।

ਨਰੇਂਦਰ ਮੋਦੀ ਗੁਜਰਾਤ ਦੇ ਮੇਹਸਾਨਾ ਜ਼ਿਲ੍ਹੇ ਦੇ ਇੱਕ ਛੋਟੇ ਦੇ ਕਸਬੇ ਵਡਨਗਰ ’ਚ ਜਨਮੇ। 17 ਸਤੰਬਰ 1950 ਨੂੰ ਉਨ੍ਹਾਂ ਦਾ ਜਨਮ, ਹੀਰਾਬਾਈ ਦੀ ਘਰ ਹੋਇਆ। ਨਰੇਂਦਰ ਮੋਦੀ ਪੰਜ ਭੈਣ-ਭਰਾਵਾਂ ’ਚੋਂ ਦੂਜੇ ਨੰਬਰ ’ਤੇ ਹਨ। ਉਨ੍ਹਾਂ ਦੇ ਪਿਤਾ ਸਥਾਨਕ ਰੇਲਵੇ ਸਟੇਸ਼ਨ ’ਤੇ ਬਣੀ ਚਾਹ ਦੀ ਦੁਕਾਨ ’ਤੇ ਚਾਹ ਵੇਚਦੇ ਸਨ। ਮੋਦੀ ਵੀ ਚਾਹ ਦੀ ਦੁਕਾਨ ’ਤੇ ਆਪਣੇ ਪਿਤਾ ਨਾਲ ਹੱਥ ਵੰਡਾਉਂਦੇ ਸਨ। ਮੋਦੀ ਦੀ ਸ਼ੁਰੂਆਤੀ ਸਿੱਖਿਆ ਵਡਨਗਰ ਦੇ ਸਥਾਨਕ ਸਕੂਲ ’ਚ ਹੋਈ। ਉਨ੍ਹਾਂ ਨੇ 1967 ਤਕ ਆਪਣੀ ਹਾਇਰ ਸੈਕੰਡਰੀ ਤਕ ਦੀ ਪੜ੍ਹਾਈ ਪੂਰੀ ਕਰ ਲਈ ਸੀ। ਸਾਲ 1968 ’ਚ ਉਨ੍ਹਾਂ ਦਾ ਵਿਆਹ ਜਸ਼ੋਦਾ ਬੇਨ ਨਾਲ ਹੋਇਆ। ਮੋਦੀ ਦੀ ਪਤਨੀ ਜਸ਼ੋਦਾ ਬੇਨ ਗੁਜਰਾਤ ਦੇ ਇੱਕ ਸਰਕਾਰੀ ਸਕੂਲ ’ਚ ਇੱਕ ਅਧਿਆਪਕਾ ਦੇ ਰੂਪ ’ਚ ਸੇਵਾਵਾਂ ਦੇ ਚੁੱਕੀ ਹੈ। ਸਾਲ 2014 ਦੀਆਂ ਲੋਕ ਸਭਾ ਚੋਣਾਂ ’ਚ ਨਾਮਜ਼ਦਗੀ ਪੱਤਰ ’ਚ ਮੋਦੀ ਨੇ ਪਹਿਲੀ ਵਾਰ ਸਵੀਕਾਰ ਕੀਤਾ ਸੀ ਕਿ ਉਹ ਵਿਆਹੇ ਹਨ।

ਜਵਾਨੀ ਦੀ ਉਮਰ ’ਚ ਹੀ ਮੋਦੀ 1972 ’ਚ RSS ਦੇ ਪ੍ਰਚਾਰਕ ਬਣੇ। ਸਾਲ 1975 ’ਚ ਇੰਦਰਾ ਗਾਂਧੀ ਨੇ ਦੇਸ਼ ’ਚ ਐਮਰਜੈਂਸੀ ਲਾਗੂ ਕਰ ਦਿੱਤੀ ਅਤੇ ਨਰੇਂਦਰ ਮੋਦੀ ਵੀ ਐਮਰਜੈਂਸੀ ਵਿਰੋਧੀ ਅੰਦੋਲਨ ਦਾ ਹਿੱਸਾ ਬਣੇ। ਸਾਲ 1977 ’ਚ ਸੰਸਦੀ ਚੋਣਾਂ ’ਚ ਇੰਦਰਾ ਗਾਂਧੀ ਹਾਰ ਗਈ ਅਤੇ ਜਨਤਾ ਪਾਰਟੀ ਦੀ ਸਰਕਾਰ ਬਣੀ। ਸਰਕਾਰ ’ਚ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਜਨ ਸੰਘ ਨੇਤਾਵਾਂ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ। ਇਸ ਦੌਰਾਨ ਮੋਦੀ ਨੇ ਰਾਜਨੀਤੀ ਵਿਗਿਆਨ ’ਚ ਆਪਣੀ ਗਰੈਜੂਏਸ਼ਨ ਦੀ ਪੜ੍ਹਾਈ ਪੂਰੀ ਕੀਤੀ। ਸਾਲ 1986 ’ਚ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਬਣੇ। ਉਨ੍ਹਾਂ ਨੇ ਅਟਲ ਜੀ ਦੀ ਥਾਂ ਲਈ। ਸਾਲ 1987 ’ਚ ਮੋਦੀ ਨੂੰ ਭਾਜਪਾ ਗੁਜਰਾਤ ਇੱਕਾਈ ਦਾ ਸੰਗਠਨ ਸਕੱਤਰ ਬਣਾਇਆ ਗਿਆ।

ਅਕਤੂਬਰ 2001 ’ਚ ਅਟਲ ਨੇ ਮੋਦੀ ਨੂੰ ਬੁਲਾਇਆ ਅਤੇ ਕਿਹਾ ਕਿ ਤੁਹਾਨੂੰ ਕੇਸ਼ੂਭਾਈ ਪਟੇਲ ਦੀ ਥਾਂ ਲੈਣੀ ਹੈ। ਗੁਜਰਾਤ ਦਾ ਮੁੱਖ ਮੰਤਰੀ ਬਣਾਉਣਾ ਹੈ। 7 ਅਕਤੂਬਰ ਨੂੰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਬਣੇ। ਮੋਦੀ ਦੀ ਜ਼ਿੰਦਗੀ ਦਾ ਸਭ ਤੋਂ ਟਰਨਿੰਗ ਪੁਆਇੰਟ ਅਤੇ ਸਭ ਤੋਂ ਵਿਵਾਦਤ ਦੌਰ ਵੀ ਇਹ ਹੀ ਰਿਹਾ। ਗੁਜਰਾਤ ਦੰਗਿਆਂ ਨੂੰ ਲੈ ਕੇ ਮੋਦੀ ਦਾ ਜਿਵੇਂ-ਜਿਵੇਂ ਵਿਰੋਧ ਵਧਦਾ ਗਿਆ, ਮੋਦੀ ਦਾ ਅਕਸ ਇੱਕ ਹਿੰਦੂ ਪੱਖੀ ਨੇਤਾ ਦੇ ਤੌਰ ’ਤੇ ਮਜ਼ਬੂਤ ਹੁੰਦਾ ਚੱਲਾ ਗਿਆ। ਮੋਦੀ ਅਕਤੂਬਰ 2001 ਤੋਂ ਮਈ 2014 ਤਕ ਗੁਜਰਾਤ ਦੇ ਮੁੱਖ ਮੰਤਰੀ ਰਹੇ।ਸਾਲ 2014 ’ਚ ਭਾਜਪਾ ਵਲੋਂ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਦਾ ਚਿਹਰਾ ਬਣੇ। ਮੋਦੀ ਨੇ ਪਹਿਲੀ ਵਾਰ 2014 ਦੀਆਂ ਲੋਕ ਸਭਾ ਚੋਣਾਂ ਲੜੀਆਂ ਅਤੇ ਚੋਣ ਜਿੱਤ ਕੇ ਪੂਰਨ ਬਹੁਮਤ ਦੀ ਸਰਕਾਰ ਬਣਾਈ। ਆਖ਼ਰੀ ਵਾਰ 1984 ਦੀਆਂ ਚੋਣਾਂ ’ਚ ਕਿਸੇ ਸਿਆਸੀ ਦਲ ਨੇ ਪੂਰਨ ਬਹੁਮਤ ਹਾਸਿਲ ਕੀਤਾ ਸੀ। ਸਾਲ 2019 ਦੀਆਂ ਚੋਣਾਂ ’ਚ ਵੀ ਮੋਦੀ ਦੀ ਅਗਵਾਈ ’ਚ ਭਾਜਪਾ ਨੇ ਪੂਰਨ ਬਹੁਮਤ ਹਾਸਿਲ ਕੀਤਾ। ਮੋਦੀ ਦੂਜੀ ਵਾਰ ਸੱਤਾ ’ਚ ਆਏ ਅਤੇ ਇੱਕ ਵਾਰ ਫ਼ਿਰ ਪੂਰਾ ਦੇਸ਼ ਮੋਦੀ-ਮੋਦੀ ਦੇ ਨਾਅਰਿਆਂ ਨਾਲ ਗੂੰਜ ਉੱਠਿਆ।

ਮੋਦੀ ਦੇ ਜਨਮ ਦਿਨ ’ਤੇ ਭਾਜਪਾ ਆਗੂ ਪਾਕਿ ਦੇ ਸ੍ਰੀ ਕਰਤਾਰਪੁਰ ਸਾਹਿਬ ਹੋਏ ਨਤਮਸਤਕ

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮ ਦਿਨ ਮੌਕੇ ਭਾਜਪਾ ਦੀ ਟੀਮ ਪਾਕਿਸਤਾਨ ਦੇ ਗੁਰਦੁਆਰੇ ਸ੍ਰੀ ਕਰਤਾਰਪੁਰ ਸਾਹਿਬ ਨਤਮਸਤਕ ਹੋਈ। ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਨਾ ਸਿਰਫ਼ ਭਾਰਤ ਸਗੋਂ ਦੁਨੀਆਂ ਦੀ ਅਹਿਮ ਸ਼ਖ਼ਸੀਅਤ ਬਣ ਚੁੱਕੇ ਹਨ। ਇਸ ਦੌਰਾਨ ਮੋਦੀ ਦੇ ਜਨਮ ਦਿਨ ’ਤੇ ਭਾਜਪਾ ਦੇ ਸੀਨੀਅਰ ਲਿਡਰਸ਼ਿਪ ਕੌਮੀ ਜਨਰਨ ਸਕੱਤਰ ਮਨਜਿੰਦਰ ਸਿੰਘ ਸਿਰਸਾ, ਪੰਜਾਬ ਦੇ ਸਕੱਤਰ ਪਰਮਿੰਦਰ ਬਰਾੜ, ਭਾਜਪਾ ਦੇ ਸੀਨੀਅਰ ਆਗੂ ਇੰਦਰ ਇੱਕਬਾਲ ਸਿੰਘ ਅਟਵਾਲ ਅਤੇ ਹੋਰ ਭਾਜਪਾ ਆਗੂ ਪਾਕਿਸਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਾਰਮਿਕ ਅਤੇ ਪਵਿੱਤਰ ਸਥਾਨ ਸ੍ਰੀ ਕਰਤਾਰਪੁਰ ਸਾਹਿਬ ਪਹੁੰਚੇ ਹਨ। ਇਸ ਦੌਰਾਨ ਭਾਜਪਾ ਆਗੂਆਂ ਨੇ ਗੁਰਦੁਆਰਾ ਸਾਹਿਬ ’ਚ ਪ੍ਰਧਾਨ ਮੰਤਰੀ ਮੋਦੀ ਦੀ ਲੰਮੀ ਉਮਰ ਦੀ ਅਰਦਾਸ ਕੀਤੀ।

ਪੰਜਾਬੀ ਫਿਲਮ ਡੀਅਰ ਜੱਸੀ ਨੇ ਅੰਤਰਰਾਸ਼ਟਰੀ ਫ਼ਿਲਮ ਮੇਲੇ ਵਿੱਚ ਹਾਜ਼ਿਰੀ ਲਗਵਾਈ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਹਾਲੀਵੁੱਡ ਨਿਰਦੇਸ਼ਕ ਤਰਸੇਮ ਸਿੰਘ ਵੱਲੋਂ ਬਣਾਈ ਫਿਲਮ 'ਡੀਅਰ ਜੱਸੀ' ਟੋਰਾਂਟੋ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿੱਚ ਦਿਖਾਈ ਗਈ। ਜੂਨ 2000 ਵਿੱਚ ਪੰਜਾਬ ਵਿੱਚ ਪਿੰਡ ਦੇ ਲੜਕੇ ਨਾਲ ਪਰਿਵਾਰ ਦੀ ਮਰਜ਼ੀ ਵਿਰੁੱਧ ਵਿਆਹ ਕਰਾਉਣ ਕਾਰਨ ਇੰਡੋ-ਕੈਨੇਡੀਅਨ ਮੁਟਿਆਰ ਜੱਸੀ ਸਿੱਧੂ ਦੀ ਅਣਖ ਕਾਰਨ ਹੱਤਿਆ ਕਰ ਦਿੱਤੀ ਗਈ ਸੀ ਤੇ ਇਹੀ ਫਿਲਮ ਦੀ ਕਹਾਣੀ ਹੈ। ਇਹ ਫਿਲਮ 24 ਸਾਲਾ ਜੱਸੀ ਸਿੱਧੂ ਦੀ ਤ੍ਰਾਸਦੀ ਨੂੰ ਬਿਆਨ ਕਰਦੀ ਹੈ, ਜਿਸ ਨੂੰ ਪੰਜਾਬ ਵਿੱਚ ਆਪਣੇ ਨਾਨਕੇ ਪਿੰਡ ਆਉਣ 'ਤੇ ਸੁਖਵਿੰਦਰ ਸਿੱਧੂ ਉਰਫ਼ ਮਿੱਠੂ ਨਾਲ ਪਿਆਰ ਹੋ ਗਿਆ ਸੀ। ਵੈਨਕੂਵਰ ਨੇੜੇ ਮੈਪਲ ਰਿਜ ਵਿਖੇ ਜਨਮੀ ਜੱਸੀ ਨੂੰ ਪੰਜਾਬ ਦੇ ਜਗਰਾ?' ਨੇੜੇ ਉਸ ਦੀ ਮਾਂ ਨੇ ਮਰਵਾ ਦਿੱਤਾ ਸੀ, ਜਦ ਕਿ ਉਸ ਦੇ ਪਤੀ ਨੂੰ ਗੰਭੀਰ ਹਾਲਤ ਵਿੱਚ ਛੱਡ ਦਿੱਤਾ ਸੀ।

ਕਿਮ ਤੇ ਪੂਤਿਨ ਦੀ ਮੁਲਾਕਾਤ: ਉੱਤਰੀ ਕੋਰੀਆ ਨੇ ਯੂਕਰੇਨ ਖ਼ਿਲਾਫ਼ ਜੰਗ ਲਈ ਰੂਸ ਨੂੰ ਪੂਰਾ ਸਮਰਥਨ ਦਿੱਤਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਕੀਤੀ ਗਈ ਸਿਖਰ ਵਾਰਤਾ ਦੌਰਾਨ ਉੱਤਰੀ ਕੋਰੀਆ ਦੇ ਆਗੂ ਕਿੰਮ ਜੌਂਗ ਉਨ ਨੇ ਯੂਕਰੇਨ ਖਿਲਾਫ ਲੜਾਈ ਵਿੱਚ ਰੂਸ ਨੂੰ ਪੂਰਾ ਸਮਰਥਨ ਦੇਣ ਦੀ ਗੱਲ ਆਖੀ ਹੈ। ਇਸ ਉੱਤੇ ਅਮਰੀਕਾ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਅਜਿਹਾ ਹੁੰਦਾ ਹੈ ਤਾਂ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਦਿੱਤੀ ਜਾਵੇਗੀ। ਕਿੰਮ ਨੇ ਆਖਿਆ ਕਿ ਉਹ ਬਿਨਾਂ ਸ਼ਰਤ ਰੂਸ ਨੂੰ ਪੂਰਾ ਸਮਰਥਨ ਦੇਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਉਹ ਸਾਮਰਾਜ ਵਿਰੋਧੀ ਤਾਕਤਾਂ ਦੇ ਖਿਲਾਫ ਹਮੇਸ਼ਾਂ ਰੂਸ ਦਾ ਸਾਥ ਦੇਵੇਗਾ। ਦੋਵੇਂ ਆਗੂਆਂ ਨੇ ਵੌਸਟਚਨੀ ਕੌਸਮੋਡਰੋਮ ਵਿਖੇ ਮੁਲਾਕਾਤ ਕੀਤੀ ਤੇ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਅਮਰੀਕਾ ਖਿਲਾਫ ਆਪੋ ਆਪਣੀ ਭੜਾਸ ਕੱਢੀ ਤੇ ਸਾਂਝੇ ਵਾਅਦੇ ਵੀ ਕੀਤੇ। ਇਹ ਕੋਰੀਆ ਕੋਲ ਕਈ ਮਿਲੀਅਨ ਗੋਲੀ ਸਿੱਕਾ ਤੇ ਸੋਫੀਅਤ ਡਿਜ਼ਾਈਨਜ਼ ਉੱਤੇ ਆਧਾਰਿਤ ਰੌਕੇਟ ਆਦਿ ਹਨ, ਜਿਨ੍ਹਾਂ ਨਾਲ ਯੂਕਰੇਨ ਵਿੱਚ ਲੜ ਰਹੀ ਰੂਸੀ ਫੌਜ ਦੀ ਕਾਫੀ ਮੱਦਦ ਹੋ ਸਕਦੀ ਹੈ। ਪਰ ਉੱਤਰੀ ਕੋਰੀਆ ਤੋਂ ਹਥਿਆਰ ਖਰੀਦਣ ਜਾਂ ਰੌਕੇਟ ਟਕਨਾਲੋਜੀ ਮੁਹੱਈਆ ਕਰਵਾਏ ਜਾਣ ਨਾਲ ਕੌਮਾਂਤਰੀ ਪਾਬੰਦੀਆਂ ਦੀ ਉਲੰਘਣਾ ਹੋਵੇਗੀ, ਜਿਨ੍ਹਾਂ ਦਾ ਸਮਰਥਨ ਅਤੀਤ ਵਿੱਚ ਰੂਸ ਕਰਦਾ ਰਿਹਾ ਹੈ।

ਬ੍ਰਾਜ਼ੀਲ ਦੇ ਜੰਗਲਾਂ ਵਿੱਚ ਜਹਾਜ ਡਿੱਗਣ ਉਪਰੰਤ 14 ਮੁਸਾਫਿਰਾਂ ਦੀ ਮੌਤ ਹੋਈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਾਜ਼ੀਲ 'ਚ ਐਮਾਜ਼ੋਨ ਦੇ ਜੰਗਲਾਂ 'ਚ ਇੱਕ ਮੁਸਾਫ਼ਰ ਹਵਾਈ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ 14 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਵੱਲੋਂ ਜਹਾਜ਼ ਵਿੱਚ ਸਵਾਰ ਸਾਰੇ 14 ਜਣਿਆਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ਵਿੱਚ 12 ਯਾਤਰੀ ਤੇ ਅਮਲੇ ਦੇ ਦੋ ਮੈਂਬਰ ਸ਼ਾਮਲ ਹਨ। ਸਥਾਨਕ ਮੀਡੀਆ ਮੁਤਾਬਕ ਜਹਾਜ਼ ਜ਼ੋਰਦਾਰ ਮੀਂਹ ਵਿੱਚ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਹਾਜ਼ ਵਿੱਚ ਬ੍ਰਾਜ਼ੀਲ ਦੇ ਸੈਲਾਨੀ ਹੀ ਸਵਾਰ ਸਨ। ਇੱਕ ਵੀਡੀ? ਫੁਟੇਜ ਵਿੱਚ ਜਹਾਜ਼ ਚਿੱਕੜ ਵਾਲੀ ਥਾਂ ਡਿੱਗਿਆ ਨਜ਼ਰ ਆ ਰਿਹਾ ਹੈ ਤੇ ਆਲੇ-ਦੁਆਲੇ ਕੁੱਝ ਲੋਕ ਖੜ੍ਹੇ ਹਨ। ਮੌਕੇ ਤੋਂ ਮਿਲੇ ਸਬੂਤਾਂ ਤੇ ਜਾਣਕਾਰੀ ਦੇ ਅਧਾਰ ਉਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

ਅਮਰੀਕਾ 'ਚ ਏਅਰ ਸ਼ੋਅ ਦੌਰਾਨ 2 ਜਹਾਜ਼ਾਂ ਦੀ ਟੱਕਰ 'ਚ ਦੋਹਾਂ ਪਾਇਲਟਾਂ ਦੀ ਮੌਤ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਅਸਮਾਨ ਵਿੱਚ ਦੋ ਜਹਾਜ਼ਾਂ ਦੀ ਟੱਕਰ ਕਾਰਨ ਦੋ ਪਾਇਲਟਾਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਅਮਰੀਕਾ ਦੇ ਨੇਵਾਡਾ ਸੂਬੇ ਦੇ ਰੇਨੋ ਵਿੱਚ ਇੱਕ ਨੈਸ਼ਨਲ ਚੈਂਪੀਅਨਸ਼ਿਪ ਏਅਰ ਰੇਸ ਐਂਡ ਏਅਰ ਸ਼ੋਅ ਚੱਲ ਰਿਹਾ ਸੀ। ਅਸਮਾਨ ਵਿੱਚ ਜਹਾਜ਼ਾਂ ਦੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਨਾਂ ਪਾਇਲਟਾਂ ਦੀ ਮੌਤ ਦੇ ਨਾਲ-ਨਾਲ ਜਹਾਜ਼ਾਂ ਦਾ ਮਲਬਾ ਕਈ ਕਿਲੋਮੀਟਰ ਦੇ ਘੇਰੇ ਵਿੱਚ ਫੈਲ ਗਿਆ। ਘਟਨਾ ਤੋਂ ਬਾਅਦ ਪੂਰਾ ਏਅਰ ਸ਼ੋਅ ਤੁਰੰਤ ਰੱਦ ਕਰਨਾ ਪਿਆ। ਰੇਨੋ ਏਅਰ ਰੇਸਿੰਗ ਐਸੋਸੀਏਸ਼ਨ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਟੀ-6 ਗੋਲਡ ਰੇਸ ਦੇ ਅੰਤ 'ਚ ਲੈਂਡਿੰਗ ਦੌਰਾਨ ਦੋ ਜਹਾਜ਼ ਇੱਕ-ਦੂਜੇ ਨਾਲ ਟਕਰਾ ਗਏ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਪਾਇਲਟ ਬਹੁਤ ਹੀ ਹੁਨਰਮੰਦ ਪਾਇਲਟ ਸਨ ਅਤੇ ਟੀ-6 ਕਲਾਸ ਵਿੱਚ ਗੋਲਡ ਜੇਤੂ ਸਨ। ਅਮਰੀਕਾ ਦੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਦੇ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਇਸ ਜਹਾਜ਼ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਅਮਰੀਕਾ ਦੇ ਪ੍ਰਸ਼ਾਸਨ ਵੱਲੋਂ ਪੁਲਿਸ ਦੀ ਗੱਡੀ ਦੀ ਮਾਰ 'ਚ ਆਉਣ ਨਾਲ ਹੋਈ ਭਾਰਤੀ ਵਿਦਿਆਰਥਣ ਦੀ ਮੌਤ ਦੀ ਗੰਭੀਰਤਾ ਨਾਲ ਜਾਂਚ ਦਾ ਭਰੋਸਾ ਦਿੱਤਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ 'ਚ ਪੁਲਿਸ ਦੀ ਗੱਡੀ ਦੀ ਮਾਰ 'ਚ ਆਉਣ ਨਾਲ ਇੱਕ ਭਾਰਤੀ ਵਿਦਿਆਰਥਣ ਦੀ ਮੌਤ ਦੇ ਮਾਮਲੇ 'ਚ ਬਾਡੀ ਕੈਮਰਾ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਫੁਟੇਜ 'ਚ ਵਿਦਿਆਰਥਣ ਨੂੰ ਟੱਕਰ ਮਾਰਨ ਮਗਰੋਂ ਪੁਲਿਸ ਅਧਿਕਾਰੀ ਨੂੰ ਫੋਨ ਕਾਲ 'ਤੇ ਹੱਸਦੇ ਅਤੇ ਮਜ਼ਾਕ ਕਰਦੇ ਵੇਖਿਆ ਜਾ ਸਕਦਾ ਹੈ। ਹੁਣ ਇਸ ਮਾਮਲੇ ਵਿਚ ਅਮਰੀਕਾ ਸਰਕਾਰ ਨੇ ਭਾਰਤ ਸਰਕਾਰ ਨੂੰ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਦੀ ਪੂਰੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ।

ਚਿੱਟੀਆਂ ਭੇਡਾਂ ਵਿੱਚ ਕਾਲੀ ਭੇਡ ਵਾਲੀ ਸਵੈਟਰ ਮਿਲੀਅਨ ਡਾਲਰਾਂ ਵਿੱਚ ਵਿਕੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਰਤਾਨੀਆ ਦੀ ਮਰਹੂਮ ਰਾਜਕੁਮਾਰੀ ਡਾਇਨਾ ਦੁਆਰਾ ਪਹਿਨੇ ਗਏ ਚਿੱਟੀਆਂ ਭੇਡਾਂ ਵਿੱਚੋਂ ਇੱਕ ਕਾਲੀ ਭੇਡ ਦੀ ਬੁਣਤੀ ਵਾਲਾ ਇੱਕ ਲਾਲ ਸਵੈਟਰ ਲੱਖਾਂ ਡਾਲਰਾਂ ਵਿੱਚ ਵਿਕ ਗਿਆ ਹੈ। ਖਬਰਾਂ ਮੁਤਾਬਕ ਰਾਜਕੁਮਾਰੀ ਡਾਇਨਾ ਦਾ ਇਹ 'ਬਲੈਕ ਸ਼ੀਪ ਸਵੈਟਰ' ਨਿਊਯਾਰਕ ਦੇ ਸੋਥਬੀਜ਼ ਵਿੱਚ ਹੋਈ ਨਿਲਾਮੀ ਵਿੱਚ 111 ਮਿਲੀਅਨ ਅਮਰੀਕੀ ਡਾਲਰ ਵਿੱਚ ਵਿਕਿਆ ਹੈ। ਤੁਹਾਨੂੰ ਦੱਸ ਦੇਈਏ ਕਿ ਸੋਥਬੀਜ਼ ਨੇ ਇਸ ਸਵੈਟਰ ਦੀ ਕੀਮਤ ਇਸ ਤੋਂ ਕਾਫੀ ਘੱਟ ਹੋਣ ਦਾ ਅੰਦਾਜ਼ਾ ਲਗਾਇਆ ਸੀ। ਨਿਲਾਮੀ ਘਰ ਨੇ ਇੱਕ ਟਵੀਟ ਵਿੱਚ ਕਿਹਾ, "ਰਾਜਕੁਮਾਰੀ ਡਾਇਨਾ ਦਾ ਇਤਿਹਾਸਕ ਬਲੈਕ ਸ਼ੀਪ ਵਾਰਮ ਐਂਡ ਵੈਂਡਰਫੁੱਲ ਸਵੈਟਰ ਫੈਸ਼ਨ ਆਈਕਨ ਨਿਲਾਮੀ ਵਿਚ 111 ਮਿਲੀਅਨ ਡਾਲਰ ਵਿੱਚ ਵਿਕਿਆ। ਸੋਥਬੀ ਅਨੁਸਾਰ, ਡਾਇਨਾ ਨੇ ਇਹ ਸਵੈਟਰ 1981 ਵਿੱਚ ਪ੍ਰਿੰਸ ਚਾਰਲਸ ਦੇ ਪੋਲੋ ਮੈਚ ਵਿੱਚ ਪਹਿਨਿਆ ਸੀ। ਵਰਨਣਯੋਗ ਹੈ ਕਿ ਸੋਥਬੀ ਨੇ ਸਵੈਟਰ ਦੀ ਕੀਮਤ 50,000 ਤੋਂ 80,000 ਡਾਲਰ ਵਿਚਕਾਰ ਅਨੁਮਾਨਿਤ ਕੀਤੀ ਸੀ। ਸਵੈਟਰ ਦੇ ਖਰੀਦਦਾਰ ਦੀ ਪਹਿਚਾਣ ਦਾ ਖੁਲਾਸਾ ਨਹੀਂ ਕੀਤਾ ਗਿਆ।

ਅਫਰੀਕੀ ਦੇਸ਼ ਲੀਬੀਆ 'ਚ ਡੈਨੀਅਲ ਤੂਫਾਨ ਅਤੇ ਹੜ੍ਹ ਕਾਰਨ ਭਾਰੀ ਤਬਾਹੀ - 5 ਹਜ਼ਾਰ ਤੋਂ ਵੱਧ ਮੌਤਾਂ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਅਫਰੀਕੀ ਦੇਸ਼ ਲੀਬੀਆ 'ਚ ਡੈਨੀਅਲ ਤੂਫਾਨ ਅਤੇ ਹੜ੍ਹ ਨੇ ਭਾਰੀ ਤਬਾਹੀ ਮਚਾਈ ਹੈ। ਤੂਫਾਨ ਤੋਂ ਬਾਅਦ 10 ਹਜ਼ਾਰ ਦੀ ਆਬਾਦੀ ਵਾਲੇ ਡੇਰਨਾ ਸ਼ਹਿਰ ਨੇੜੇ ਦੋ ਬੰਨ੍ਹ ਟੁੱਟ ਗਏ। ਇਸ ਨਾਲ ਪੂਰਾ ਸ਼ਹਿਰ ਤਬਾਹ ਹੋ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਦੇਸ਼ ਵਿੱਚ ਹੁਣ ਤੱਕ 5 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। 20 ਹਜ਼ਾਰ ਤੋਂ ਵੱਧ ਲੋਕ ਲਾਪਤਾ ਹਨ। ਸਿਰਫ਼ 700 ਲਾਸ਼ਾਂ ਹੀ ਹਨ ਜਿਨ੍ਹਾਂ ਦੀ ਪਛਾਣ ਹੋ ਸਕੀ ਹੈ। ਬਚਾਅ ਕਾਰਜ 'ਚ ਲੱਗੇ 123 ਜਵਾਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ। ਇਹੀ ਕਾਰਨ ਹੈ ਕਿ ਹੁਣ ਫੌਜ ਵੀ ਬੇਵੱਸ ਨਜ਼ਰ ਆ ਰਹੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਕਈ ਇਲਾਕਿਆਂ 'ਚ ਲਾਸ਼ਾਂ ਪਾਣੀ 'ਚ ਤੈਰਦੀਆਂ ਦੇਖੀਆਂ ਗਈਆਂ ਹਨ। ਕਈ ਘਰਾਂ ਵਿੱਚ ਲਾਸ਼ਾਂ ਸੜ ਗਈਆਂ ਹਨ। ਕੁੱਝ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਲਾਸ਼ਾਂ ਸਮੁੰਦਰ ਵਿੱਚ ਵੀ ਤੈਰਦੀਆਂ ਦੇਖੀਆਂ ਗਈਆਂ ਹਨ। ਸਾਊਦੀ ਅਖਬਾਰ 'ਦਿ ਨੈਸ਼ਨਲ' ਦੇ ਪੱਤਰਕਾਰ ਮੁਤਾਬਕ- ਹੁਣ ਤੱਕ 6 ਹਜ਼ਾਰ 886 ਲਾਸ਼ਾਂ ਮਿਲ ਚੁੱਕੀਆਂ ਹਨ।

ਚੀਨ ਦਾ ਰੱਖਿਆ ਮੰਤਰੀ ਨਹੀਂ ਲੱਭ ਰਿਹਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਦੇ ਰੱਖਿਆ ਮੰਤਰੀ ਲੀ ਸ਼ਾਂਗਫੂ ਪਿਛਲੇ 3 ਹਫਤਿਆਂ ਤੋਂ ਲਾਪਤਾ ਹਨ। ਰਾਇਟਰਜ਼ ਦੀ ਰਿਪੋਰਟ ਮੁਤਾਬਕ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ। ਸ਼ਾਂਗਫੂ ਫੌਜੀ ਹਥਿਆਰਾਂ ਦੀ ਖਰੀਦ ਨਾਲ ਜੁੜੇ ਮਾਮਲਿਆਂ ਵਿੱਚ ਜਾਂਚ ਦਾ ਸਾਹਮਣਾ ਕਰ ਰਹੇ ਹਨ । ਫਾਈਨੈਂਸ਼ੀਅਲ ਟਾਈਮਜ਼ ਮੁਤਾਬਕ ਅਮਰੀਕੀ ਸਰਕਾਰ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਸ਼ਾਂਗਫੂ ਨੂੰ ਵੀ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਅਮਰੀਕੀ ਮੀਡੀਆ ਵਾਲ ਸਟਰੀਟ ਜਰਨਲ ਨੇ ਇੱਕ ਚੀਨੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ ਰੱਖਿਆ ਮੰਤਰੀ ਨੂੰ ਪੁੱਛਗਿੱਛ ਲਈ ਲਿਜਾਇਆ ਗਿਆ ਹੈ। ਦੂਜੇ ਪਾਸੇ ਜਾਪਾਨ ਵਿੱਚ ਮੌਜੂਦ ਅਮਰੀਕੀ ਰਾਜਦੂਤ ਇਮੈਨੁਅਲ ਨੇ ਸ਼ਾਂਗਫੂ ਦੇ ਘਰ ਵਿੱਚ ਨਜ਼ਰਬੰਦ ਹੋਣ ਦੀ ਸੰਭਾਵਨਾ ਜਤਾਈ ਹੈ। ਸ਼ਾਂਗਫੂ 7-8 ਸਤੰਬਰ ਨੂੰ ਵੀਅਤਨਾਮ ਅਤੇ ਸਿੰਗਾਪੁਰ ਨਾਲ ਮੀਟਿੰਗਾਂ ਤੋਂ ਬਾਅਦ ਤੋਂ ਗਾਇਬ ਹਨ ।

ਸਭ ਤੋਂ ਲੰਮੇ ਕੇਸਾਂ ਦਾ ਗਿਨੀਜ਼ ਵਿਸ਼ਵ ਰਿਕਾਰਡ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਉੱਤਰ ਪ੍ਰਦੇਸ਼ ਦੇ 15 ਸਾਲਾ ਸਿੱਖ ਬੱਚੇ ਸਿਦਕਦੀਪ ਸਿੰਘ ਚਾਹਲ ਨੇ ਇੱਕ ਵਿਲੱਖਣ ਵਿਸ਼ਵ ਰਿਕਾਰਡ ਬਣਾਇਆ ਹੈ, ਜਿਸ ਨੂੰ ਗਿਨੀਜ਼ ਬੁੱਕ ਨੇ ਵੀ ਮਾਨਤਾ ਦਿੱਤੀ ਹੈ। ਨੋਇਡਾ 'ਚ ਰਹਿੰਦੇ ਇਸ ਬੱਚੇ ਦੀ ਖ਼ਾਸੀਅਤ ਇਹ ਹੈ ਕਿ ਉਸ ਦੇ ਕੇਸ ਦੁਨੀਆਂ 'ਚ ਸਭ ਤੋਂ ਲੰਮੇ ਹਨ। ਦੁਨੀਆਂ 'ਚ ਕਿਸੇ ਵੀ ਮਰਦ ਦੇ ਕੇਸ (ਵਾਲ਼) ਇੰਨੇ ਲੰਮੇ ਨਹੀਂ ਹਨ। ਸਿਦਕਦੀਪ ਸਿੰਘ ਦੇ ਵਾਲਾਂ ਦੀ ਲੰਬਾਈ ਚਾਰ ਫ਼ੁੱਟ ਸਾਢੇ ਨੌਂ ਇੰਚ (146.05 ਸੈਂਟੀਮੀਟਰ) ਹੈ। ਉਹ ਆਪਣੇ ਇਨ੍ਹਾਂ ਕੇਸਾਂ ਨੂੰ ਵਾਹਿਗੁਰੂ ਦਾ ਤੋਹਫ਼ਾ ਕਰਾਰ ਦਿੰਦਾ ਹੈ।

ਉਸ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੂੰ ਆਪਣੇ ਕੇਸ ਧੋਣ 'ਚ ਹੀ 20 ਮਿੰਟ ਲੱਗ ਜਾਂਦੇ ਹਨ ਅਤੇ ਫ਼ਿਰ ਉਨ੍ਹਾਂ ਨੂੰ ਸੁਕਾਉਣ 'ਚ ਵੀ ਅੱਧਾ ਘੰਟਾ ਲੱਗਦਾ ਹੈ। ਉਸ ਤੋਂ ਬਾਅਦ ਉਨ੍ਹਾਂ 'ਚ 10 ਤੋਂ 15 ਮਿੰਟ ਬਰੱਸ਼ ਮਾਰਨਾ ਪੈਂਦਾ ਹੈ ਤੇ ਇਸ ਕਾਰਜ 'ਚ ਉਸ ਦੀ ਮਾਂ ਪੂਰਾ ਸਾਥ ਦਿੰਦੀ ਹੈ। ਉਸ ਦਾ ਇਹ ਵੀ ਕਹਿਣਾ ਹੈ ਕਿ ਜੇ ਉਸ ਦੀ ਮਾਂ ਇਸ ਮਾਮਲੇ 'ਚ ਸਾਥ ਨਾ ਦਿੰਦੀ ਤਾਂ ਉਹ ਕਦੇ ਵੀ ਇਹ ਰਿਕਾਰਡ ਕਾਇਮ ਨਹੀਂ ਸੀ ਕਰ ਸਕਦਾ।ਉਸ ਨੇ ਕਿਹਾ ਕਿ ਉਸ ਦੇ ਕੁੱਝ ਦੋਸਤ ਜਦੋਂ ਉਸ ਦਾ ਮਜ਼ਾਕ ਉਡਾ ਕੇ ਉਸ ਨੂੰ ਤੰਗ ਕਰਦੇ ਹਨ ਤਾਂ ਉਸ ਨੂੰ ਚੰਗਾ ਨਹੀਂ ਲੱਗਦਾ। ਉਸ ਨੂੰ ਆਪਣੀ ਪੜ੍ਹਾਈ ਤੋਂ ਇਲਾਵਾ ਵੀਡੀਓ ਗੇਮਜ਼ ਖੇਡਣਾ ਪਸੰਦ ਹੈ। ਉਸ ਦੇ ਵਾਲ 6 ਫ਼ੁੱਟ 6 ਇੰਚ (200 ਸੈਂਟੀਮੀਟਰ) ਹੁੰਦੇ ਸਨ, ਪਰ ਉਸ ਨੇ 2021 'ਚ ਕੇਸ ਕਟਵਾ ਕੇ ਇੱਕ ਅਜਾਇਬਘਰ ਨੂੰ ਦਾਨ ਕਰ ਦਿੱਤੇ ਸਨ।

ਗੱਲ ਤਾਂ ਹੈ ਈ ਪਰਦੇ ਦੀ!

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ!

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ
ਘਰ ਆਕੇ ਹੀ ਤੁਹਾਨੂੰ
ਡਿਜ਼ਾਈਨ ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

E Mail: Info@twcoverings.com
Web: www.twcoverings.com
Timelesswindowcoverings

ਕਾਲ: 403 953 1000

ਫ਼ਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ

ਫ਼ਰਿਜ਼ਨੋ (ਪੰਜਾਬੀ ਅਖਬਾਰ ਬਿਊਰੋ)- : ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਫ਼ਰਿਜ਼ਨੋ ਵਲੋਂ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮੈਂਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਉੱਥੇ ਹੀ 9/11 ਦੀ 22ਵੀਂ ਬਰਸੀ ਮੌਕੇ ਅਮਰੀਕਾ ਵਿੱਚ ਖਾੜਕੂ ਹਮਲੇ ਵਿੱਚ ਮਾਰੇ ਗਏ 3000 ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ।

ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰਕਿਨ ਐਂਨਥੰਮ ਉਪਰੰਤ ਕੀਤੀ ਗਈ। ਪਿਛੋਂ ਸਟੇਜ ਦੀ ਸ਼ੁਰੂਆਤ ਸਭਨਾਂ ਨੂੰ ਨਿੱਘੀ 'ਜੀ ਆਇਆਂ' ਆਖ ਕੇ ਕੀਤੀ ਗਈ। ਇਸ ਪਿੱਛੋਂ ਗਾਇੱਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵੀਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗੁਰਨਦੀਪ ਸਿੰਘ ਆਈ.ਏ.ਐੱਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ ਲੋਹਗੜ, ਆਦਿ ਨੇ ਸਟੇਜ ਤੋਂ ਹਾਜ਼ਰੀ ਭਰੀ।

ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇੱਕਲ ਮਾਹਿਰ ਨੇ ਵੀ ਖਾਲੜਾ ਸਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਨਿਵਾਜ਼ਿਆ। ਇਸ ਮੌਕੇ ਪਾਰਕ ਦੀ ਸਫ਼ਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਨ੍ਹਾਂ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆਂ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿੱਚ ਖਾਲੜਾ ਪਾਰਕ ਵਾਲਿਆਂ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਬਰ ਵਰਤਾਇਆ। ਇਸ ਮੌਕੇ ਖਾਲੜਾ ਸਾਥ ਦੇ ਜਵਾਈ ਸ.ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ , ਸਮੂਹ ਬਾਬਿਆਂ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮੈਂਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾਂ ਦੀ ਮਿਹਨਤ ਲਈ ਉਨ੍ਹਾਂ ਦਾ ਸ਼ੁਕਰੀਆ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਖਾਲੜਾ ਮਿਸ਼ਨ ਲਈ ਫ਼ਾਰਮਰ ਅਜੀਤ ਸਿੰਘ ਗਿੱਲ ਨੇ ਇੱਕ ਹਜ਼ਾਰ ਡਾਲਰ ਦਾ ਚੈਕ ਭੇਂਟ ਕੀਤਾ। ਫ਼ਾਰਮਰ ਚਰਨਜੀਤ ਸਿੰਘ ਬਾਠ ਅਤੇ ਟਰਾਸਪੋਰਟਰ ਜਸਪਾਲ ਸਿੰਘ ਧਾਲੀਵਾਲ ਨੇ ਵੀ ਪ੍ਰਬੰਧਕਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਰੀਜਾਇਨਾ ਵਿਖੇ ਬਾਬਿਆਂ ਦੀਆਂ ਦੌੜਾਂ ਮੌਕੇ ਹਰਾਜ ਵਾਲਾ ਸੁਖਦੇਵ ਬਰਾੜ ਬਾਜ਼ੀ ਮਾਰ ਗਿਆ



ਰੀਜਾਈਨਾ (ਪੰਜਾਬੀ ਅਖ਼ਬਾਰ ਬਿਉਰੋ) ਕੈਨੇਡਾ ਦੀ ਸਟੇਟ ਸਸਕੈਚਵਨ ਦੀ ਰਾਜਧਾਨੀ ਰੀਜਾਇਨਾ ਵਿਖੇ ਮੈਰਾਥਨ ਦੌੜਾਂ ਵਿੱਚ ਪੰਜਾਬੀ ਭਾਈਚਾਰੇ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਪਿਛਲੇ ਸਾਲ ਰੀਜਾਈਨਾ ਦੇ ਕੁਈਨ ਸਿਟੀ ਗਰਾਊਂਡ ਵਿਖੇ ਹੋਈਆਂ ਮੈਰਾਥਨ ਦੌੜਾਂ ਵਿੱਚ ਰੀਜਾਇਨਾ ਦੀ ਰਾਜਨੀਤਕ ਸ਼ਖਸੀਅਤ ਅਤੇ ਆਉਣ ਵਾਲੀਆਂ ਸੂਬਾਈ ਚੋਣਾਂ ਮੌਕੇ ਐਮ ਐਲ ਏ ਦੀ ਚੋਣ ਲੜ੍ਹ ਰਹੇ ਸਰਦਾਰ ਭਜਨ ਸਿੰਘ ਬਰਾੜ ਨੇ 72 ਸਾਲ ਦੀ ਉਮਰ ਵਿੱਚ 21।1 ਕਿਲੋਮੀਟਰ ਇਹ ਦੌੜ ਪੂਰੀ ਕੀਤੀ ਸੀ,ਜਿਸ ਤੋਂ ਉਤਸ਼ਾਹਿਤ ਹੋ ਕੇ ਪੰਜਾਬੀ ਭਾਈਚਾਰੇ ਦੇ ਹੋਰ ਵਿਅਕਤੀਆਂ ਨੇ ਪੂਰੇ ਜੋਸ਼ੋ- ਖਰੋਸ਼ ਨਾਲ ਹਿੱਸਾ ਲਿਆ,ਜਿਸ ਵਿੱਚ ਲੈਕਚਰਾਰ ਸੁਖਦੇਵ ਸਿੰਘ ਬਰਾੜ (ਹਰਾਜ ਵਾਲੇ),ਜੁਗਿੰਦਰ ਸਿੰਘ ਮਾਨ,ਜਸਬੀਰ ਸਿੰਘ, ਭਜਨ ਬਰਾੜ ਅਤੇ ਕਿਰਨਦੀਪ ਕੌਰ ਸ਼ਾਮਲ ਹੋਏ।

ਇਸ ਮੈਰਾਥਨ ਦੌੜ ਵਿੱਚ ਲੈਕਚਰਾਰ ਸੁਖਦੇਵ ਸਿੰਘ ਬਰਾੜ ਨੇ ਪਹਿਲਾ ਸਥਾਨ 'ਤੇ ਆ ਕੇ ਰਿਕਾਰਡ ਬਣਾਇਆ। ਇਸ ਤਰ੍ਹਾਂ ਉਹਨਾਂ ਨੇ ਪਿਛਲੇ ਸਾਲ ਦਾ ਆਪਣਾ ਵਾਅਦਾ ਨਿਭਾ ਕੇ ਰਿਕਾਰਡ ਬਣਾਇਆ ਤੇ ਪੰਜਾਬੀ ਭਾਈਚਾਰੇ ਦਾ ਨਾਂ ਉੱਚਾ ਕੀਤਾ। ਪੰਜਾਬੀ ਭਾਈਚਾਰੇ ਵਿੱਚੋਂ ਹੁਣੇ ਹੁਣੇ ਪੀ ਆਰ ਹੋਈ ਇਕਲੌਤੀ ਲੜਕੀ ਕਿਰਨਦੀਪ ਕੌਰ(25 ਸਾਲ) ਨੇ 21।1 ਕਿਲੋਮੀਟਰ ਦੀ ਦੌੜ ਦੀ ਦੂਰੀ ਤਹਿ ਕੀਤੀ। ਇਹਨਾਂ ਤੋਂ ਇਲਾਵਾ ਜਸਬੀਰ ਸਿੰਘ (58 ਸਾਲ) ਜੁਗਿੰਦਰ ਸਿੰਘ ਮਾਨ (72 ਸਾਲ) ਨੇ 21।1 ਕਿਲੋਮੀਟਰ ਦੀ ਮੈਰਾਥਨ ਦੌੜ ਵਿੱਚ ਹਿੱਸਾ ਲਿਆ। ਭਜਨ ਬਰਾੜ ਤੇ ਬੀਬੀ ਅੰਮ੍ਰਿਤ ਜੁਟਲਾ ਨੇ ਵੀ 10 ਕਿਲੋਮੀਟਰ ਦੀ ਇਸ ਰੇਸ ਵਿੱਚ ਆਪਣਾ ਯੋਗਦਾਨ ਪਾਇਆ।

ਪੰਜਾਬੀ ਭਾਈਚਾਰੇ ਦੇ ਕਈ ਸੱਜਣ-ਮਿੱਤਰ ਤਾਲ-ਮੇਲ ਦੀ ਘਾਟ ਕਾਰਨ ਇਸ ਮੈਰਾਥਨ ਦੌੜ ਵਿੱਚ ਸ਼ਾਮਲ ਨਹੀਂ ਹੋ ਸਕੇ। ਭਜਨ ਬਰਾੜ ਵੱਲੋਂ ਮੈਰਾਥਨ ਦੌੜ ਦੀ ਲਾਈ ਹੋਈ ਇਸ ਜਾਗ ਦਾ ਅਸਰ ਭਵਿੱਖ ਵਿੱਚ ਹੋਰ ਵੀ ਨਿਖਰੇਗਾ।

ਆਸਟ੍ਰੇਲੀਆ 'ਚ ਏ.ਐੱਨ.ਯੂ. ਯੂਨੀਵਰਸਿਟੀ 'ਚ ਚਾਕੂ ਨਾਲ ਹਮਲਾ, 3 ਲੋਕ ਜ਼ਖਮੀ

ਕੈਨਬਰਾ (ਪੰਜਾਬੀ ਅਖਬਾਰ ਬਿਊਰੋ)-ਆਸਟ੍ਰੇਲੀਆ ਦੀ ਰਾਜਧਾਨੀ ਵਿੱਚ ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ (ਏ.ਐੱਨ.ਯੂ.) ਵਿੱਚ ਕਥਿਤ ਤੌਰ 'ਤੇ ਚਾਕੂ ਨਾਲ ਕੀਤੇ ਗਏ ਹਮਲੇ ਬਾਅਦ3 ਲੋਕ ਜ਼ਖ਼ਮੀ ਹੋ ਗਏ। ਇਨ੍ਹਾਂ ਜ਼ਖਮੀ ਹੋਏ 3ਲੋਕਾਂ ਨੂੰ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸਰਕਾਰੀ ਮੀਡੀਆ ਨੇ ਇਹ ਜਾਣਕਾਰੀ ਦਿੱਤੀ।

ਆਸਟ੍ਰੇਲੀਅਨ ਬਰੋਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ.) ਨੇ ਦੱਸਿਆ ਕਿ ਸਥਾਨਕ ਸਮੇਂ ਅਨੁਸਾਰ ਚਾਕੂ ਮਾਰਨ ਦੀਆਂ ਰਿਪੋਰਟਾਂ ਦਾ ਜਵਾਬ ਦੇਣ ਲਈ ਪੁਲੀਸ ਅਤੇ ਐਂਬੂਲੈਂਸ ਕਰਮਚਾਰੀਆਂ ਨੂੰ ਕੈਨਬਰਾ ਵਿੱਚ ਲੱਗਭਗ 2:45 ਵਜੇ ਏ.ਐੱਨ.ਯੂ. ਕੈਂਪਸ ਵਿੱਚ ਬੁਲਾਇਆ ਗਿਆ ਸੀ। ਆਸਟ੍ਰੇਲੀਅਨ ਕੈਪੀਟਲ ਟੈਰੀਟਰੀ (ਏ.ਸੀ.ਟੀ.) ਪੁਲਿਸਿੰਗ ਦੇ ਬੁਲਾਰੇ ਨੇ ਏ.ਬੀ.ਸੀ. ਨੂੰ ਦੱਸਿਆ ਕਿ 3 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਘਟਨਾ ਦੇ ਸਬੰਧ ਵਿੱਚ ਇੱਕ ਵਿਅਕਤੀ ਹਿਰਾਸਤ ਵਿੱਚ ਹੈ।

ਜਿਨ੍ਹਾਂ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਸੀ, ਉਨ੍ਹਾਂ ਵਿੱਚੋਂ 2 ਨੂੰ ਚਾਕੂ ਨਾਲ ਜ਼ਖ਼ਮੀ ਕਰ ਦਿੱਤਾ ਗਿਆ ਸੀ ਅਤੇ ਤੀਜੇ 'ਤੇ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ ਸੀ। ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਇੱਕ ਬਿਆਨ ਵਿੱਚ ਏ.ਐਨ.ਯੂ ਨੇ ਲੋਕਾਂ ਨੂੰ ਐਕਟਨ ਦੇ ਕੇਂਦਰੀ ਕੈਨਬਰਾ ਉੱਪਨਗਰ ਵਿੱਚ ਆਪਣੇ ਕੈਂਪਸ ਵਿੱਚ ਫ਼ੈਲੋ ਓਵਲ ਤੋਂ ਦੂਰ ਰਹਿਣ ਲਈ ਕਿਹਾ ਹੈ। ਬਿਆਨ ਵਿੱਚ ਕਿਹਾ ਗਿਆ ਕਿ ਕੈਂਪਸ ਵਿੱਚ ਇੱਕ ਘਟਨਾ ਵਾਪਰੀ ਹੈ। ਏ.ਬੀ.ਸੀ. ਨੇ ਰਿਪੋਰਟ ਦਿੱਤੀ ਕਿ ਨਾ ਤਾਂ ਪੁਲੀਸ ਅਤੇ ਨਾ ਹੀ ਯੂਨੀਵਰਸਿਟੀ ਇਸ ਗੱਲ ਦੀ ਪੁਸ਼ਟੀ ਕਰਨ ਦੇ ਯੋਗ ਸੀ ਕੀ ਘਟਨਾ ਵਿੱਚ ਸ਼ਾਮਲ ਕੋਈ ਵੀ ਏ.ਐੱਨ.ਯੂ. ਵਿੱਦਿਆਰਥੀ ਜਾਂ ਸਟਾਫ਼ ਮੈਂਬਰ ਵੀ ਸੀ।

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700
Montague Street Regina Saskathcewan, S4S 0J9

LANTERN CAPITAL
Looking for
New/Used
Truck Trailer
QUICK & EASY
FINANCING
Approval Within 24hrs With Lowest Interest Rates
Contact Your Best Finance Specialist
GAGAN MALLI
306-302-1313

DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca